**JOSHI LAW OFFICE**
Barrister, Solicitor & Notary Public
- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
**RDSP** (Registered Disability Savings Plan)
- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to $90,000 in government bonds & grants.

Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 69 | Friday, April 08, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


### ਅੰਦਰ ਇਹ ਵੀ ਪੜ੍ਹੋ


ਵੱਡੇ ਬੈਂਕਾਂ ਤੇ ਇੰਸ਼ੋਰੈਂਸ ਕੰਪਨੀਆਂ ਤੋਂ ਵੱਧ ਟੈਕਸ ਵਸੂਲੇਗੀ ਲਿਬਰਲ ਸਰਕਾਰ




ਪੰਜਾਬ ਵਿੱਚ ਗੁੰਡਾਗਰਦੀ ਰੋਕਣ ਲਈ ਐਂਟੀ ਗੈਂਗਸਟਰ ਟਾਸਕ ਫੋਰਸ ਬਣਾਈ ਗਈ





# ਫਰੀਲੈਂਡ ਨੇ ਪੇਸ਼ ਕੀਤਾ ਅਰਥਚਾਰੇ ਦੇ ਨਿਰਮਾਣ ਤੇ ਘਾਟੇ ਨੂੰ ਘਟਾਉਣ ਵਾਲਾ ਬਜਟ

ਓਟਵਾ, 7 ਅਪਰੈਲ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਅਰਥਚਾਰੇ ਦੇ ਨਿਰਮ-ਾਣ ਤੇ ਘਾਟੇ ਨੂੰ ਘਟਾਉਣ ਦੇ ਨਾਲ ਨਾਲ ਅਗਲੇ ਪੰਜ ਸਾਲਾਂ ਵਿੱਚ ਬਿਲੀਅਨ ਡਾਲਰ ਦੇ ਖਰਚੇ ਕਰਨ ਦੇ ਵਾਅਦੇ ਨਾਲ ਬਜਟ ਪੇਸ਼ ਕੀਤਾ।

ਬਜਟ ਵਿੱਚ ਹਾਊਸਿੰਗ ਅਫਰਡੇਬਿਲਿਟੀ ਤੋਂ ਲੈ ਕੇ ਰੂਸ ਤੇ ਯੂਕਰੇਨ ਦਰਮਿਆਨ ਜਾਰੀ ਸੰਘਰਸ਼ ਕਾਰਨ ਪੈਦਾ ਹੋਈ ਗਲੋਬਲ ਅਸਥਿਰਤਾ ਦਰਮਿਆਨ ਕੈਨੇਡੀਅਨ ਫੌਜ ਦੇ ਹੱਥ ਮਜ਼ਬੂਤ ਕਰਨ, ਖੁਦ ਸੱਤਾ ਵਿੱਚ ਬਣੇ ਰਹਿਣ ਦੇ ਇਰਾਦੇ ਨਾਲ ਪ੍ਰੋਗਰੈਸਿਵ ਨੀਤੀਆਂ ਲਿਆਉਣ ਦਾ ਫਰੀਲੈਂਡ ਵੱਲੋਂ ਵਾਅਦਾ ਕੀਤਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਕੈਨੇਡੀਅਨ ਅਰਥਚਾਰੇ ਨੂੰ ਕਿਸ ਤਰ੍ਹਾਂ ਲੀਹ ਉੱਤੇ ਲਿਆਂਦਾ ਜਾਵੇਗਾ ਤੇ ਕਿਸ ਤਰ੍ਹਾਂ ਖਰਚੇ ਕਰਕੇ ਮਹਾਂਮਾਰੀ ਦੇ ਦੌਰ ਤੋਂ ਬਾਹਰ ਨਿਕਲਿਆ ਜਾਵੇਗਾ।

ਬਜਟ ਵਿੱਚ ਹਾਊਸਿੰਗ ਸਪਲਾਈ, ਇੰਡੀਜੀਨਸ ਲੋਕਾਂ ਨਾਲ ਸੁਲ੍ਹਾ, ਕਲਾਈਮੇਟ ਚੇਂਜ ਤੇ ਕੌਮੀ ਡਿਫੈਂਸ ਉੱਤੇ 9.5 ਬਿਲੀਅਨ ਡਾਲਰ ਖਰਚਣ ਦਾ ਪ੍ਰਸਤਾਵ ਹੈ ਜਦਕਿ ਫਰੀਲੈਂਡ ਨੇ ਆਮਦਨ ਪੈਦਾ ਕਰਨ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਉੱਤੇ 2 ਬਿਲੀਅਨ ਡਾਲਰ ਖਰਚਣ ਦੇ ਟੀਚੇ ਬਾਰੇ ਵੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਮੁਨਾਫਾ ਕਮਾਉਣ ਵਾਲੇ ਬੈਂਕਾਂ ਤੇ ਹੋਰਨਾਂ ਸੰਸਥਾਵਾਂ ਤੋਂ ਵਾਧੂ ਟੈਕਸ ਰਾਹੀਂ ਕਈ ਬਿਲੀਅਨ ਡਾਲਰ ਜੁਟਾਉਣ ਦੀ ਸਰਕਾਰ ਦੀ ਯੋਜਨਾ ਦਾ ਵੀ ਫਰੀਲੈਂਡ ਨੇ ਖੁਲਾਸਾ ਕੀਤਾ। "ਅ ਪਲੈਨ ਟੂ ਗ੍ਰੋਅ ਆਰ ਇਕੌਨਮੀ ਐਂਡ ਮੇਕ ਲਾਈਫ ਮੋਰ ਅਫੋਰਡੇਬਲ" ਸਿਰਲੇਖ ਹੇਠ ਜਾਰੀ ਕੀਤੇ ਗਏ ਬਜਟ ਵਿੱਚ ਸਾਲ 2021-22 ਵਿੱਤੀ ਵਰ੍ਹੇ ਵਿੱਚ ਫੈਡਰਲ ਘਾਟਾ 113.8 ਬਿਲੀਅਨ ਡਾਲਰ ਹੋਣ ਦੀ ਗੱਲ ਆਖੀ ਗਈ ਸੀ ਜੋ ਕਿ ਤਾਜ਼ਾ ਵਿੱਤੀ ਅਪਡੇਟ ਦੇ ਅੰਦਾਜ਼ੇ ਮੁਤਾਬਕ 144.5 ਬਿਲੀਅਨ ਡਾਲਰ ਨਾਲੋਂ ਘੱਟ ਸੀ। ਸਰਕਾਰ ਨੇ ਇਹ ਦਾਅਵਾ ਵੀ ਕੀਤਾ ਕਿ ਕੈਨੇਡਾ ਮਹਾਂਮਾਰੀ ਤੋਂ ਬਾਹਰ ਨਿਕਲ ਰਿਹਾ ਹੈ ਤੇ ਜੀਡੀਪੀ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਰਤ ਰਹੀ ਹੈ। ਰੋਜ਼ਗਾਰ ਦੇ ਮੌਕਿਆਂ ਵਿੱਚ ਵੀ ਮਜ਼ਬੂਤੀ ਆਈ ਹੈ।

ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਅਸੀਂ ਆਰਥਿਕ ਵਿਕਾਸ ਵਿੱਚ ਬਹੁਤਾ ਨਿਵੇਸ਼ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਸਾਡਾ ਟੀਚਾ ਅਜਿਹੇ ਅਰਥਚਾਰੇ ਦਾ ਨਿਰਮਾਣ ਕਰਨਾ ਹੈ ਜਿਹੜਾ ਸਾਰਿਆਂ ਲਈ ਕੰਮ ਕਰੇ।

...ਬਾਕੀ ਪੰਨਾ 15 'ਤੇ




# ਮਨੁੱਖੀ ਅਧਿਕਾਰ ਕੌਂਸਲ ਤੋਂ ਰੂਸ ਨੂੰ ਬਾਹਰ ਕਰਨ ਦਾ ਮਤਾ ਪਾਸ

***ਮਤੇ ਦੇ ਪੱਖ ਵਿੱਚ 93 ਵੋਟਾਂ ਪਈਆਂ, ਭਾਰਤ ਨੇ ਦੂਰੀ ਕਾਇਮ ਰੱਖੀ * ਅਮਰੀਕੀ ਸੈਨੇਟ ਵੱਲੋਂ ਰੂਸ ਨਾਲ ਵਪਾਰ ਸਸਪੈਨਸ਼ਨ ਦਾ ਬਿੱਲ ਪਾਸ**

ਵਾਸ਼ਿੰਗਟਨ, 7 ਅਪਰੈਲ, (ਪੋਸਟ ਬਿਊਰੋ)- ਰੂਸ ਨੂੰ ਯੂ ਐੱਨ ਓਮਨੁੱਖੀ ਅਧਿਕਾਰ ਕੌਂਸਲ (ਯੂ ਐੱਨਐੱਚਆਰਸੀ) ਤੋਂ ਸਸਪੈਂਡ ਕਰਨ ਦੇ ਮਤਾ ਨੂੰ ਅੱਜ ਵੀਰਵਾਰ ਨੂੰ ਯੂ ਐੱਨ ਜਨਰਲ ਅਸੈਂਬਲੀ ਨੇਬ-ਹੁਮਤ ਨਾਲ ਪਾਸ ਕਰ ਦਿੱਤਾ। ਮਤੇ ਦੇ ਪੱਖਵਿੱਚ 93 ਦੇਸ਼ਾਂ ਨੇ ਵੋਟ ਪਾਈ, ਪਰ ਚੀਨ, ਕਿਊਬਾ, ਬੇਲਾਰੂਸ, ਬੋਲੋਬੀਆ, ਵੀਅਤਨਾਮ ਸਣੇ 24 ਦੇਸ਼ਾਂ ਨੇ ਰੂਸ ਨੂੰ ਸਸਪੈਂਡ ਕਰਨ ਦੇ ਵਿਰੋਧ ਦੀ ਵੋਟ ਪਾਈ। ਭਾਰਤ, ਪਾਕਿਸਤਾਨ, ਕਤਰ, ਮੈਕਸੀਕੋ, ਮਲੇਸ਼ੀਆ, ਮਾਲਦੀਵ, ਇਰਾਕ, ਜਾਰਡਨ, ਦੱਖਣੀ ਅਫ਼ਰੀਕਾ, ਸ਼੍ਰੀਲੰਕਾ, ਯੂ ਏ ਈ ਅਤੇ ਮਿਸਰ ਸਮੇਤ 58 ਦੇਸ਼ ਵੋਟਿੰਗਤੋਂ ਲਾਂਭੇ ਰਹੇ।

...ਬਾਕੀ ਪੰਨਾ 6 'ਤੇ



# ਏਅਰ ਕੈਨੇਡਾ ਨੇ ਵੈਨਕੂਵਰ ਤੇ ਦਿੱਲੀ ਦਰਮਿਆਨ ਉਡਾਨਾਂ ਕੀਤੀਆਂ ਸਸਪੈਂਡ

ਓਟਵਾ, 7 ਅਪਰੈਲ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਬੁੱਧਵਾਰ ਨੂੰ ਇਹ ਐਲਾਨ ਕੀਤਾ ਗਿਆ ਕਿ ਉਹ ਸਤੰਬਰ ਤੱਕ ਵੈਨਕੂਵਰ ਤੇ ਦਿੱਲੀ ਦਰਮਿਆਨ ਫਲਾਈਟਸ ਨੂੰ ਸਸਪੈਂਡ ਕਰਨ ਜਾ ਰਹੀ ਹੈ। ਇਹ ਫੈਸਲਾ ਰੂਸ ਤੇ ਯੂਕਰੇਨ ਦੀ ਏਅਰਸਪੇਸ ਵਿੱਚ ਮੌਜੂਦ ਰੀਫਿਊਲਿੰਗ ਸਟੌਪ ਉੱਤੇ ਜਾਣ ਤੋਂ ਬਚਣ ਲਈ ਕੀਤਾ ਗਿਆ ਹੈ।

ਕੈਨੇਡੀਅਨ ਏਅਰਲਾਈਨ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਗਰਮੀਆਂ ਵਾਲੀ ਹਵਾ ਤੇ ਸਾਊਥ ਏਸ਼ੀਆ ਵਿੱਚ ਮੌਸਮ ਦੇ ਹਾਲਾਤ ਵੀ ਇਨ੍ਹਾਂ ਫਲਾਈਟਸ ਦੀ ਇਜਾਜ਼ਤ ਨਹੀਂ ਦਿੰਦੇ। ਸੱਭ ਤੋਂ ਵੱਡਾ ਕਾਰਨ ਰੂਸ ਤੇ ਯੂਕਰੇਨ ਦਰਮਿਆਨ ਜਾਰੀ ਸੰਘਰਸ਼ ਹੈ ਜਿਸ ਤੋਂ ਏਅਰਲਾਈਨਜ਼ ਬਚਣਾ ਚਾਹੁੰਦੀਆਂ ਹਨ।



ਪ੍ਰੈੱਸ ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਕਿ ਇਸ ਅਰਸੇ ਦੌਰਾਨ ਏਅਰ ਕੈਨੇਡਾ ਭਾਰਤ ਤੇ ਕੈਨੇਡਾ ਦਰਮਿਆਨ 11 ਹਫਤਾਵਾਰੀ ਉਡਾਨਾਂ ਜਾਰੀ ਰੱਖੇਗੀ ਜੋ ਕਿ ਟੋਰਾਂਟੋ ਤੇ ਮਾਂਟਰੀਅਲ ਦਰਮਿਆਨ ਹੋਣਗੀਆਂ। ਏਅਰਲਾਈਨ ਨੇ ਆਖਿਆ ਕਿ ਇਨ੍ਹਾਂ ਰੂਟਸ ਲਈ ਵੱਖਰੇ ਹਵਾਈ ਸਪੇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵੀ ਆਖਿਆ ਗਿਆ ਹੈ ਕਿ ਏਅਰ ਕੈਨੇਡਾ ਭਾਰਤ ਵਿਚਲੀ ਮਾਰਕਿਟ ਲਈ ਸਮਰਪਿਤ ਹੈ ਤੇ 6 ਸਤੰਬਰ ਤੋਂ ਵੈਨਕੂਵਰ ਤੇ ਦਿੱਲੀ ਦਰਮਿਆਨ ਨੌਨ ਸਟੌਪ ਉਡਾਨਾਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਏਅਰ ਕੈਨੇਡਾ ਵੱਲੋਂ ਗਲੋਬਲ ਸਥਿਤੀ ਉਤੇ ਬਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਤੇ ਜੇ ਹਾਲਾਤ ਇਜਾਜ਼ਤ ਦੇਣਗੇ ਤਾਂ ਵੈਨਕੂਵਰ-ਦਿੱਲੀ ਰੂਟ ਉੱਤੇ ਉਡਾਨਾਂ ਜਲਦੀ ਵੀ ਸ਼ੁਰੂ ਕੀਤੀਆਂ ਜਾ ਸਕਣਗੀਆਂ।

ਏਅਰ ਕੈਨੇਡਾ ਮੁਤਾਬਕ ਜੇ ਤੁਸੀਂ 2 ਜੂਨ ਤੇ 6 ਸਤੰਬਰ ਦਰਮਿਆਨ ਵੈਨਕੂਵਰ ਤੋਂ ਦਿੱਲੀ ਜਾਣਾ ਸੀ ਜਾਂ 4 ਜੂਨ ਤੋਂ 8 ਸਤੰਬਰ ਦਰਮਿਆਨ ਦਿੱਲੀ ਤੋਂ ਵੈਨਕੂਵਰ ਜਾਣਾ ਸੀ ਤਾਂ ਤੁਹਾਨੂੰ ਆਟੋਮੈਟੀਕਲੀ, ਬਿਨਾਂ ਕਿਸੇ ਵਾਧੂ ਫੀਸ ਦੇ ਬਦਲਵੀਆਂ ਫਲਾਈਟਸ ਉੱਤੇ ਰੀ-ਸ਼ਡਿਊਲ ਕਰ ਦਿੱਤਾ ਜਾਵੇਗਾ। ਕਿਸੇ ਟਰੈਵਲ ਏਜੰਸੀ ਜਾਂ ਵੈੱਬਸਾਈਟ ਤੋਂ ਟਿਕਟਾਂ ਖਰੀਦਣ ਵਾਲੇ ਟਰੈਵਲਰਜ਼ ਨੂੰ ਅਗਲੇ ਸ਼ਡਿਊਲ ਬਾਰੇ ਇਨ੍ਹਾਂ ਕੰਪਨੀਆਂ ਨਾਲ ਸਿੱਧੇ ਸੰਪਰਕ ਕਰਨਾ ਚਾਹੀਦਾ ਹੈ।


MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit

RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI 416.994.7272
www.allkindinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home
- Business
- Life Insurance
- Auto
- Trucking
- Commercial

647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

RANJIT GILL Insurance Advisor 416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance

(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
- Repair at no extra cost
- Appraisal Certificate
- Buy, Sell, Trade

10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Tuesday to Sunday (12-8) (Monday Closed)
Dubai Jewellers
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

CN Forklift Training Center
Counterbalance, Walkie pallet, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate

www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Cockroaches
- Carpenter Ants
- Wasps
- Silver Fish
- Racoons

Call : PARESH PATEL
416 938 4598




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਵੱਡੇ ਬੈਂਕਾਂ ਤੇ ਇੰਸ਼ੋਰੈਂਸ ਕੰਪਨੀਆਂ ਤੋਂ ਵੱਧ ਟੈਕਸ ਵਸੂਲੇਗੀ ਲਿਬਰਲ ਸਰਕਾਰ



ਓਟਵਾ, 7 ਅਪਰੈਲ (ਪੋਸਟ ਬਿਊਰੋ) : ਮਹਾਂਮਾਰੀ ਦੌਰਾਨ ਵੱਡੇ ਮੁਨਾਫੇ ਕਮਾਉਣ ਵਾਲੇ ਵੱਡੇ ਬੈਂਕਾਂ ਤੋਂ ਫੈਡਰਲ ਬਜਟ ਵਿੱਚ ਵਾਧੂ ਟੈਕਸ ਵਸੂਲਿਆ ਜਾਵੇਗਾ।

ਆਪਣੀ ਆਮਦਨ ਦਾ ਖੁਲਾਸਾ ਕਰਨ ਲਈ ਇਨ੍ਹਾਂ ਬੈਂਕਾਂ ਨੂੰ ਆਖਿਆ ਗਿਆ ਹੈ ਤੇ ਵੱਡੇ ਚਾਰਟਰਡ ਬੈਂਕ ਤੇ ਵੱਡੀਆਂ ਇੰਸ਼ੋਰੈਂਸ ਕੰਪਨੀਆਂ ਨਵੇਂ ਮਾਪਦੰਡਾਂ ਨੂੰ ਅਪਨਾਉਣ ਦੀ ਤਿਆਰੀ ਕਰ ਰਹੀਆਂ ਹਨ ਜਿਸ ਨਾਲ ਉਨ੍ਹਾਂ ਦੇ ਕਾਰਪੋਰੇਟ ਇਨਕਮ ਟੈਕਸ ਵਿੱਚ ਵਾਧਾ ਹੋਵੇਗਾ। ਉਨ੍ਹਾਂ ਨੂੰ ਹੋਰ ਕਿੰਨੀ ਰਕਮ ਵੱਧ ਅਦਾ ਕਰਨੀ ਹੋਵੇਗੀ ਇਸ ਦਾ ਖੁਲਾਸਾ ਬਜਟ ਵਿੱਚ ਕੀਤਾ ਜਾਵੇਗਾ। 2021 ਦੇ ਇਲੈਕਸ਼ਨ ਪਲੇਟਫਾਰਮ ਵਿੱਚ ਲਿਬਰਲਾਂ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਬੈਂਕਾਂ ਉੱਤੇ ਤਿੰਨ ਫੀ ਸਦੀ ਵਾਧੂ ਟੈਕਸ ਵਸੂਲਣਗੇ। ਇਸ ਦੇ ਨਾਲ ਹੀ ਹਰ ਸਾਲ ਇੱਕ ਬਿਲੀਅਨ ਡਾਲਰ ਤੋਂ ਵੱਧ ਕਮਾਉਣ ਵਾਲੇ ਇੰਸ਼ੋਰਰ ਤੋਂ ਵੀ ਇਹ ਵਾਧੂ ਟੈਕਸ ਵਸੂਲਿਆ ਜਾਵੇਗਾ।

ਵਿੱਤੀ ਸੰਸਥਾਵਾਂ ਉੱਤੇ ਟੈਕਸ ਲਾਉਣ ਦੀ ਇਹ ਗੱਲ ਕੁੱਝ ਹਫਤੇ ਪਹਿਲਾਂ ਹੋਈ ਲਿਬਰਲ-ਐਨਡੀਪੀ ਡੀਲ ਵਿੱਚ ਵੀ ਕੀਤੀ ਗਈ ਹੈ। ਦੋਵੇਂ ਪਾਰਟੀਆਂ ਇਹ ਸੰਕੇਤ ਦੇ ਚੁੱਕੀਆਂ ਹਨ ਕਿ ਉਹ ਮਹਾਂਮਾਰੀ ਦੌਰਾਨ ਲਾਹਾ ਖੱਟਣ ਵਾਲਿਆਂ ਤੋਂ ਟੈਕਸ ਵਸੂਲਣਗੀਆਂ। ਲਿਬਰਲਾਂ ਦੇ ਅੰਦਾਜ਼ੇ ਮੁਤਾਬਕ ਤਿੰਨ ਫੀ ਸਦੀ ਦੇ ਇਸ ਵਾਧੂ ਟੈਕਸ ਨਾਲ ਸਾਲ ਦੇ 1.2 ਬਿਲੀਅਨ ਡਾਲਰ ਇੱਕਠੇ ਹੋਣਗੇ ਤੇ ਆਉਣ ਵਾਲੇ ਤਿੰਨ ਸਾਲਾਂ ਵਿੱਚ ਇਹ ਰਕਮ 3.6 ਬਿਲੀਅਨ ਡਾਲਰ ਹੋ ਜਾਵੇਗੀ। ਤਿੰਨ ਸਾਲਾਂ ਲਈ ਕੀਤੀ ਗਈ ਡੀਲ ਤਹਿਤ ਐਨਡੀਪੀ ਵੱਲੋਂ ਲਿਬਰਲਾਂ ਨੂੰ 2022 ਦੇ ਬਜਟ ਵਿੱਚ ਆਪਣੀ ਇਹ ਸ਼ਰਤ ਪੂਰੀ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ।

# ਕੋਵਿਡ-19 ਵਰਗੇ ਲੱਛਣਾਂ ਨਾਲ ਐਮਰਜੰਸੀ ਰੂਮਜ਼ ਵਿੱਚ ਦਾਖਲ ਹੋਣ ਵਾਲੇ ਬੱਚਿਆਂ ਦੀ ਗਿਣਤੀ ਵਧੀ

ਓਨਟਾਰੀਓ, 7 ਅਪਰੈਲ (ਪੋਸਟ ਬਿਊਰੋ) : ਐਮਰਜੰਸੀ ਰੂਮਜ਼ ਵਿੱਚ ਦਾਖਲ ਬੱਚਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਵਿੱਚ ਬਹੁਤਾ ਕਰਕੇ ਕੋਵਿਡ-19 ਵਰਗੇ ਲੱਛਣ ਪਾਏ ਜਾ ਰਹੇ ਹਨ। ਮਹਾਂਮਾਰੀ ਸ਼ੁਰੂ ਹੋਇਆਂ ਨੂੰ ਭਾਵੇਂ ਦੋ ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ ਪਰ ਇਸ ਤਰ੍ਹਾਂ ਦਾ ਇਹ ਆਪਣੀ ਕਿਸਮ ਦਾ ਵੱਖਰਾ ਮਾਮਲਾ ਹੈ।

ਪਿਛਲੇ ਦੋ ਹਫਤਿਆਂ ਵਿੱਚ ਪ੍ਰੋਵਿੰਸ ਪੱਧਰ ਉੱਤੇ 89 ਬੱਚਿਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਬੱਚਿਆਂ ਵਿੱਚ ਇਸ ਤਰ੍ਹਾਂ ਦੇ ਮਾਮਲੇ ਓਨਟਾਰੀਓ ਵਿੱਚ ਸਾਹਮਣੇ ਆ ਰਹੇ ਹਨ ਤੇ ਇਸ ਦੌਰਾਨ ਕਿਊਬਿਕ ਵਿੱਚ ਮਾਸਕ ਸਬੰਧੀ ਨਿਯਮ ਨੂੰ ਮੁੜ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਦੇ ਕੇਸ ਸਾਹ-ਮਣੇ ਆਉਣ ਤੋਂ ਬਾਅਦ ਫੋਰਡ ਸਰਕਾਰ ਨੂੰ ਵੀ ਇਹ ਨਿਯਮ ਦੁਬਾਰਾ ਲਾਗੂ ਕਰਨ ਲਈ ਆਖਿਆ ਜਾ ਰਿਹਾ ਹੈ।

ਇੱਕ ਇੰਟਰਵਿਊ ਵਿੱਚ ਟੋਰਾਂਟੋ ਦੇ ਐਮਰਜੰਸੀ ਰੂਮ ਦੇ ਡਾ. ਬ੍ਰੈਟ ਬੈਲਸੈਟਜ਼ ਨੇ ਆਖਿਆ ਕਿ ਬੱਚਿਆਂ ਵਿੱਚ ਪਾਏ ਜਾਣ ਵਾਲੇ ਲੱਛਣਾਂ ਵਿੱਚ ਤੇਜ਼ ਬੁਖਾਰ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਨੂੰ ਸਾਹ ਲੈਣ ਵਿੱਚ ਵੀ ਦਿੱਕਤ ਮਹਿਸੂਸ ਹੋ ਰਹੀ ਹੈ ਤੇ ਕੁੱਝ ਬੱਚਿਆਂ ਨੂੰ ਤਾਂ ਆਕਸੀਜਨ ਵੀ ਲਾਉਣੀ ਪੈ ਰਹੀ ਹੈ। ਜੀਟੀਏ ਵਿੱਚ ਕਈ ਐਮਰਜੰਸੀ ਡਿਪਾਰਟਮੈਂਟਸ ਵਿੱਚ ਅਜਿਹੇ ਨਿੱਕੇ ਬੱਚਿਆਂ ਨੂੰ ਦਾਖਲ ਕਰਨਾ ਪੈ ਰਿਹਾ ਹੈ ਜਿਨ੍ਹਾਂ ਦੀ ਵੈਕਸੀਨੇਸ਼ਨ ਨਹੀਂ ਹੋਈ ਤੇ ਜਿਨ੍ਹਾਂ ਨੂੰ ਕੋਵਿਡ-19 ਵਰਗੇ ਲੱਛਣ ਹਨ।



ਦਿੱਕਤ ਇਹ ਹੈ ਕਿ ਪੰਜ ਸਾਲ ਤੋਂ ਘੱਟ ਬੱਚਿਆਂ ਲਈ ਕੋਵਿਡ-19 ਵੈਕਸੀਨੇਸ਼ਨ ਬਣੀ ਹੀ ਨਹੀਂ ਹੈ। ਯੌਰਕ ਰੀਜਨ ਦੇ ਈਆਰ ਡਾਕਟਰ ਸਟੀਵ ਫਲਿੰਡਲ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਕੂਲਾਂ ਸਮੇਤ ਇੰਡੋਰ ਸੈਟਿੰਗਜ਼ ਵਿੱਚ ਮਾਸਕ ਹਟਾਉਣ ਦੀ ਦਿੱਤੀ ਗਈ ਖੁੱਲ੍ਹ ਕਾਰਨ ਹੀ ਨਿੱਕੇ ਬੱਚਿਆਂ ਵਿੱਚ ਕੋਵਿਡ-19 ਆਸਾਨੀ ਨਾਲ ਫੈਲ ਸਕਦਾ ਹੈ। ਹੈਮਿਲਟਨ ਦੇ ਮੈਕਮਾਸਟਰਜ਼ ਚਿਲਡਰਨਜ਼ ਹਸਪਤਾਲ ਨੇ ਆਖਿਆ ਕਿ ਸਾਲ 2022 ਦੇ ਪਹਿਲੇ ਦੋ ਮਹੀਨਿਆਂ ਵਿੱਚ 1600 ਤੋਂ ਵੱਧ ਬੱਚਿਆਂ ਨੂੰ ਕੋਵਿਡ-19 ਵਰਗੇ ਲੱਛਣਾਂ ਨਾਲ ਐਮਰਜੰਸੀ ਰੂਮ ਵਿੱਚ ਲਿਆਂਦਾ ਗਿਆ। ਚਿਲਡਰਨਜ਼ ਹਾਸਪਿਟਲ ਆਫ ਈਸਟਰਨ ਓਨਟਾਰੀਓ (ਸੀਐਚਈਓ) ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉੱਥੇ ਵੀ ਇਸ ਤਰ੍ਹਾਂ ਦੇ ਲੱਛਣਾਂ ਵਾਲੇ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਲਿਆਂਦਾ ਗਿਆ।

# ਓਨਟਾਰੀਓ ਵਿੱਚ ਇੱਕ ਵਾਰੀ ਫਿਰ ਵੱਧ ਰਹੇ ਹਨ ਕੋਵਿਡ-19 ਦੇ ਮਾਮਲੇ : ਜੂਨੀ



ਓਨਟਾਰੀਓ, 7 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਰੋਜ਼ਾਨਾ ਕੋਵਿਡ-19 ਦੇ 100,000 ਨਵੇਂ ਮਾਮਲੇ ਸਾਹਮਣੇ ਆ ਸਕਦੇ ਹਨ। ਇਸ ਸਮੇਂ ਪੰਜ ਫੀ ਸਦੀ ਓਨਟਾਰੀਓ ਵਾਸੀ ਕੋਵਿਡ-19 ਤੋਂ ਪ੍ਰਭਾਵਿਤ ਹਨ। ਇਹ ਖੁਲਾਸਾ ਪ੍ਰੋਵਿੰਸ ਦੀ ਸਾਇੰਸ ਟੇਬਲ ਦੇ ਹੈੱਡ ਵੱਲੋਂ ਕੀਤਾ ਗਿਆ।

ਇੱਕ ਇੰਟਰਵਿਊ ਵਿੱਚ ਪੀਟਰ ਜੂਨੀ ਨੇ ਕੋਵਿਡ-19 ਦੇ ਮੁੜ ਸਿਰ ਚੁੱਕਣ ਦੀ ਗੱਲ ਕਰਦਿਆਂ ਆਖਿਆ ਕਿ ਇਸ ਸਮੇਂ ਵਾਇਰਸ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਹਸਪਤਾਲ ਵਿੱਚ ਭਰਤੀ ਹੋਣ ਵਾਲਿਆਂ ਦੀ ਗਿਣਤੀ ਹਫਤਾ ਦਰ ਹਫਤਾ ਦੇ ਹਿਸਾਬ ਨਾਲ 40 ਫੀ ਸਦੀ ਵਧੀ ਹੈ। ਉਨ੍ਹਾਂ ਆਖਿਆ ਕਿ ਵੇਸਟਵਾਟਰ ਦੇ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ ਕਿ ਜੋ ਹਾਲ ਜਨਵਰੀ ਵਿੱਚ ਸੀ ਅਸੀਂ ਜਲਦ ਹੀ ਮੁੜ ਉੱਥੇ ਪਹੁੰਚਣ ਵਾਲੇ ਹਾਂ। ਉਸ ਸਮੇਂ ਰੋਜ਼ਾਨਾ 100,000 ਤੋਂ 120,000 ਨਵੇਂ ਮਾਮਲੇ ਆਉਂਦੇ ਸਨ। ਨਵੇਂ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ ਕਿ ਇੱਕ ਵਾਰੀ ਫਿਰ ਇਨ੍ਹਾਂ ਮਾਮਲਿਆਂ ਵਿੱਚ ਇਜਾਫਾ ਹੋਣਾ ਸ਼ੁਰੂ ਹੋਇਆ ਹੈ। ਉਨ੍ਹਾਂ ਆਖਿਆ ਕਿ ਮਾਸਕ ਸਬੰਧੀ ਨਿਯਮਾਂ ਵਿੱਚ ਢਿੱਲ ਦਿੱਤੇ ਜਾਣ ਨਾਲ ਕੋਵਿਡ-19 ਸਬੰਧੀ ਮਾਮਲਿਆਂ ਵਿੱਚ ਤੇਜ਼ੀ ਆਈ ਹੈ।

# ਹਾਊਸਿੰਗ ਪਲੈਨ ਉੱਤੇ 10 ਬਿਲੀਅਨ ਡਾਲਰ ਖਰਚੇਗੀ ਫੈਡਰਲ ਸਰਕਾਰ



ਓਟਵਾ, 7 ਅਪਰੈਲ (ਪੋਸਟ ਬਿਊਰੋ) : ਟਰੂਡੋ ਸਰਕਾਰ ਵੱਲੋਂ ਵੀਰਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਕਿਫਾਇਤੀ ਹਾਊਸਿੰਗ ਲਈ ਜਿੱਥੇ ਕਈ ਮਾਪਦੰਡ ਅਪਣਾਉਣ ਦੀ ਗੱਲ ਕੀਤੀ ਜਾਵੇਗੀ ਉੱਥੇ ਹੀ ਵਿਦੇਸ਼ੀ ਲੋਕਾਂ ਦੇ ਕੈਨੇਡਾ ਵਿੱਚ ਘਰ ਖਰੀਦਣ ਉੱਤੇ ਪਾਬੰਦੀ ਲਾਉਣ ਦਾ ਜ਼ਿਕਰ ਵੀ ਹੋਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਲਿਬਰਲਾਂ ਵੱਲੋਂ ਅਗਲੇ ਦੋ ਸਾਲਾਂ ਲਈ ਵਿਦੇਸ਼ੀ ਲੋਕਾਂ ਦੇ ਕੈਨੇਡਾ ਵਿੱਚ ਰਿਹਾਇਸ਼ੀ ਸੰਪਤੀ ਖਰੀਦਣ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੀ ਪ੍ਰਾਪਰਟੀ ਵਿੱਚ ਕੌਂਡੋਜ਼, ਅਪਾਰਟਮੈਂਟਸ ਤੇ ਸਿੰਗਲ ਰੈਜ਼ੀਡੈਂਸ਼ੀਅਲ ਯੂਨਿਟਸ ਸ਼ਾਮਲ ਹੋਣਗੀਆਂ। ਪਰਮਾਨੈਂਟ ਰੈਜ਼ੀਡੈਂਟਸ, ਵਿਦੇਸ਼ੀ ਵਰਕਰਜ਼ ਤੇ ਵਿਦਿਆਰਥੀਆਂ ਦੇ ਨਾਲ ਨਾਲ ਕੈਨੇਡਾ ਵਿੱਚ ਆਪਣੀ ਮੁੱਢਲੀ ਰਿਹਾਇਸ਼ ਖਰੀਦਣ ਵਾਲੇ ਵਿਦੇਸ਼ੀਆਂ ਨੂੰ ਇਨ੍ਹਾਂ ਮਾਪਦੰਡਾਂ ਤੋਂ ਪਾਸੇ ਰੱਖਿਆ ਜਾਵੇਗਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2021 ਦੀ ਫੈਡਰਲ ਚੋਣ ਕੈਂਪੇਨ ਵਿੱਚ ਇਹ ਤਹੱਈਆ ਪ੍ਰਗਟਾਇਆ ਸੀ ਕਿ ਉਹ ਵਿਦੇਸ਼ੀ ਲੋਕਾਂ ਦੇ ਕੈਨੇਡਾ ਵਿੱਚ ਘਰ ਖਰੀਦਣ ਉੱਤੇ ਦੋ ਸਾਲ ਦੀ ਪਾਬੰਦੀ ਲਾਉਣਗੇ। ਇਹ ਉਹ ਲੋਕ ਹਨ ਜਿਹੜੇ ਬਾਹਰੋਂ ਆ ਕੇ ਕੈਨੇਡਾ ਵਿੱਚ ਘਰ ਤਾਂ ਖਰੀਦ ਲੈਂਦੇ ਹਨ ਪਰ ਉਨ੍ਹਾਂ ਘਰਾਂ ਵਿੱਚ ਰਹਿਣ ਲਈ ਕਦੇ ਨਹੀਂ ਆਉਂਦੇ ਤੇ ਉਨ੍ਹਾਂ ਦੇ ਘਰ ਖਾਲੀ ਪਏ ਰਹਿੰਦੇ ਹਨ ਤੇ ਇਸ ਤਰ੍ਹਾਂ ਹੋਰ ਲੋਕ ਉਹ ਘਰ ਨਹੀਂ ਖਰੀਦ ਪਾਉਂਦੇ। ਵੀਰਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਅਪਣਾਏ ਜਾਣ ਵਾਲੇ ਹੋਰ ਮਾਪਦੰਡਾਂ ਵਿੱਚ ਰਿਹਾਇਸ਼ੀ ਪ੍ਰਾਪਰਟੀਜ਼ ਦੀ ਤੇਜ਼ੀ ਨਾਲ ਉਸਾਰੀ ਦਾ ਰਾਹ ਪੱਧਰਾ ਕਰਨ ਵਾਸਤੇ ਮਿਊਂਸਪੈਲਿਟੀਜ਼ ਦੀ ਮਦਦ ਲਈ 4 ਬਿਲੀਅਨ ਡਾਲਰ ਰਾਖਵੇਂ ਰੱਖੇ ਜਾਣਗੇ ਜਿਸ ਨਾਲ ਉਹ ਆਪਣੇ ਜ਼ੋਨਿੰਗ ਤੇ ਪਰਮਿਟ ਸਿਸਟਮਜ਼ ਨੂੰ ਅਪਡੇਟ ਕਰ ਸਕਣ। ਇਸ ਤੋਂ ਇਲਾਵਾ ਲੋਨਜ਼ ਤੇ ਕੋ-ਆਪ ਹਾਊਸਿੰਗ ਲਈ 1.5 ਬਿਲੀਅਨ ਡਾਲਰ ਤੇ ਕਿਫਾਇਤੀ ਘਰਾਂ ਦੀ ਉਸਾਰੀ ਲਈ 1 ਬਿਲੀਅਨ ਡਾਲਰ ਰਾਖਵੇਂ ਰੱਖੇ ਜਾਣਗੇ।

ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਵੀਰਵਾਰ ਨੂੰ ਦੁਪਹਿਰੇ 4:00 ਵਜੇ ਬਜਟ ਪੇਸ਼ ਕੀਤਾ ਜਾਵੇਗਾ।

# ਫੋਰਡ ਸਰਕਾਰ ਨੇ ਘੱਟ ਤੋਂ ਘੱਟ ਉਜਰਤਾਂ 15.50 ਡਾਲਰ ਪ੍ਰਤੀ ਘੰਟਾ ਕਰਨ ਦਾ ਕੀਤਾ ਵਾਅਦਾ



ਓਨਟਾਰੀਓ, 7 ਅਪਰੈਲ (ਪੋਸਟ ਬਿਊਰੋ) : ਫੋਰਡ ਸਰਕਾਰ ਨੇ ਓਨਟਾਰੀਓ ਵਿੱਚ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਰ ਵਾਧਾ ਕਰਨ ਦਾ ਵਾਅਦਾ ਕੀਤਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਪਹਿਲੀ ਅਕਤੂਬਰ 2022 ਤੋਂ ਘੱਟ ਤੋਂ ਘੱਟ ਉਜਰਤਾਂ 50 ਸੈਂਟ ਤੱਕ ਹੋਰ ਵੱਧ ਸਕਦੀਆਂ ਹਨ। ਇਹ ਵਾਧਾ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ। ਇਹ ਤਰੀਕ ਪ੍ਰੋਵਿੰਸ਼ੀਅਲ ਚੋਣਾਂ ਤੋਂ ਬਾਅਦ ਆਵੇਗੀ। ਪ੍ਰਸਤਾਵਿਤ ਉਜਰਤਾਂ ਓਨਟਾਰੀਓ ਵਿੱਚ ਜੂਨ ਮਹੀਨੇ ਹੋਣ ਜਾ ਰਹੀਆਂ ਚੋਣਾਂ ਤੋਂ ਬਾਅਦ 15.50 ਡਾਲਰ ਪ੍ਰਤੀ ਘੰਟਾ ਕਰਨ ਦੀ ਤਜਵੀਜ਼ ਹੈ।

ਇਸ ਤੋਂ ਪਹਿਲਾਂ 2018 ਵਿੱਚ ਪਾਰਟੀ ਨੇ ਸੱਤਾ ਸਾਂਭਣ ਤੋਂ ਬਾਅਦ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕਰਨ ਦੀ ਯੋਜਨਾ ਨੂੰ ਰੱਦ ਕਰ ਦਿੱਤਾ ਸੀ ਤੇ ਜਨਵਰੀ ਤੋਂ ਘੱਟ ਤੋ ਘੱਟ ਉਜਰਤਾਂ 15 ਡਾਲਰ ਕੀਤੀਆਂ ਗਈਆਂ। ਫੋਰਡ ਸਰਕਾਰ ਘੱਟ ਤੋਂ ਘੱਟ ਉਜਰਤਾਂ ਨੂੰ ਹੀ 15 ਡਾਲਰ ਤੋਂ 15.50 ਡਾਲਰ ਪ੍ਰਤੀ ਘੰਟਾ ਕਰਨ ਦੀ ਗੱਲ ਨਹੀਂ ਕਰ ਰਹੀ ਸਗੋਂ ਵਿਦਿਆਰਥੀਆਂ ਦੀਆਂ ਉਜਰਤਾਂ ਵਿੱਚ ਵੀ ਵਾਧੇ ਦੀ ਗੱਲ ਕਰ ਰਹੀ ਹੈ। 18 ਸਾਲ ਤੇ ਇਸ ਤੋਂ ਨਿੱਕੀ ਉਮਰ ਦੇ ਵਿਦਿਆਰਥੀਆਂ ਲਈ ਉਜਰਤਾਂ 14.60 ਪ੍ਰਤੀ ਘੰਟੇ ਦੀ ਥਾਂ 14.10 ਡਾਲਰ ਪ੍ਰਤੀ ਘੰਟਾ ਕੀਤੇ ਜਾਣ ਦਾ ਫੋਰਡ ਸਰਕਾਰ ਵੱਲੋਂ ਵਾਅਦਾ ਕੀਤਾ ਜਾ ਰਿਹਾ ਹੈ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਮੰਗਲਵਾਰ ਨੂੰ ਇਸ ਯੋਜਨਾ ਦਾ ਐਲਾਨ ਕਰਦਿਆਂ ਆਖਿਆ ਕਿ ਇਹ ਵਾਧਾ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਵਰਕਰਜ਼ ਦੀ ਮਦਦ ਲਈ ਕੀਤਾ ਜਾਵੇਗਾ। ਇਸ ਦੌਰਾਨ ਐਨਡੀਪੀ ਨੇ ਵੀ ਇਹ ਆਖਿਆ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਪਹਿਲੀ ਅਕਤੂਬਰ ਤੋਂ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨਗੇ ਤੇ 2026 ਤੱਕ ਇਹ ਉਜਰਤਾਂ 20 ਡਾਲਰ ਪ੍ਰਤੀ ਘੰਟੇ ਤੱਕ ਲਿਜਾਣਗੇ। ਲਿਬਰਲਾਂ ਦਾ ਕਹਿਣਾ ਹੈ ਕਿ ਇਨ੍ਹਾਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਜਿੱਤਣ ਤੋਂ ਬਾਅਦ ਉਹ ਪਹਿਲੀ ਜਨਵਰੀ, 2023 ਤੋਂ ਉਜਰਤਾਂ ਵਿੱਚ ਵਾਧਾ ਕਰਕੇ 16 ਡਾਲਰ ਪ੍ਰਤੀ ਘੰਟਾ ਕਰਨਗੇ।

# ਮਿਸੀਸਾਗਾ ਵਿੱਚ ਦਿਨ ਦਿਹਾੜੇ ਚੱਲੀ ਗੋਲੀ, 16 ਸਾਲਾ ਲੜਕਾ ਜ਼ਖ਼ਮੀ

ਮਿਸੀਸਾਗਾ, 7 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਮਿਸੀਸਾਗਾ ਵਿੱਚ ਦਿਨ ਦਿਹਾੜੇ ਚੱਲੀ ਗੋਲੀ ਕਾਰਨ ਇੱਕ ਟੀਨੇਜਰ ਲੜਕਾ (16 ਸਾਲਾ) ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਵੱਲੋਂ ਮੁਹੱਈਆ ਕਰਵਾਈ ਗਈ। ਗੋਲੀਆਂ ਚੱਲਣ ਦੀ ਰਿਪੋਰਟ ਦੇ ਕੇ ਦੁਪਹਿਰੇ 3:00 ਵਜੇ ਕ੍ਰੈਡਿਟਵਿਊ ਰੋਡ ਤੇ ਬ੍ਰਿਟੈਨੀਆ ਰੋਡ ਵੈਸਟ ਏਰੀਆ ਵਿੱਚ ਸਥਿਤ ਟਾਊਨਹਾਊਸ ਕਾਂਪਲੈਕਸ ਵਿੱਚ ਜਾਂਚਕਾਰਾਂ ਨੂੰ ਸੱਦਿਆ ਗਿਆ। ਪੀਲ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਸ਼ੂਟਿੰਗ ਵਿੱਚ 16 ਸਾਲਾ ਲੜਕਾ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਸ਼ੂਟਿੰਗ ਤੋਂ ਥੋੜ੍ਹੀ ਦੇਰ ਬਾਅਦ ਹੀ ਮਸ਼ਕੂਕਾਂ ਨੂੰ ਇਲਾਕੇ ਵਿੱਚੋਂ ਭੱਜਦਿਆਂ ਵੇਖਿਆ ਗਿਆ। ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ।

# ਸਕਾਰਬਰੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਤਿੰਨ ਜ਼ਖ਼ਮੀ, ਇੱਕ ਗ੍ਰਿਫਤਾਰ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਸਕਾਰਬਰੋ ਵਿੱਚ ਕਥਿਤ ਤੌਰ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਮਾਰਖਮ ਰੋਡ ਤੇ ਮੈਕਨਿਕੋਲੀ ਐਵਨਿਊ ਏਰੀਆ ਵਿੱਚ ਇੱਕ ਇਮਾਰਤ ਨੇੜੇ ਕਈ ਵਿਅਕਤੀਆਂ ਦੇ ਛੁਰੇਬਾਜ਼ੀ ਵਿੱਚ ਜ਼ਖ਼ਮੀ ਹੋਣ ਦੀ ਰਿਪੋਰਟ ਦੇ ਕੇ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਪੁਲਿਸ ਅਧਿਕਾਰੀਆਂ ਨੂੰ ਇੱਥੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕੇ ਤੋਂ ਉਨ੍ਹਾਂ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ ਤੇ ਥੋੜ੍ਹੀ ਦੂਰੀ ਉੱਤੇ ਤੀਜਾ ਵਿਅਕਤੀ ਵੀ ਜ਼ਖ਼ਮੀ ਹਾਲਤ ਵਿੱਚ ਮਿਲਿਆ।

ਪੈਰਾਮੈਡਿਕਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਦੋ ਵਿਅਕਤੀਆਂ ਨੂੰ ਗੰਭੀਰ ਜ਼ਖ਼ਮ ਹੋਏ ਸਨ ਪਰ ਉਹ ਜ਼ਖ਼ਮ ਜਾਨਲੇਵਾ ਨਹੀਂ ਸਨ। ਦੋਵਾਂ ਵਿਅਕਤੀਆਂ ਨੂੰ ਐਮਰਜੰਸੀ ਰਨ ਰਾਹੀਂ ਹਸਪਤਾਲ ਲਿਜਾਇਆ ਗਿਆ। ਤੀਜੇ ਵਿਅਕਤੀ ਨੂੰ ਇੱਕ ਲੋਕਲ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਹਿੱਟ ਐਂਡ ਰੰਨ ਮਾਮਲੇ ਵਿੱਚ ਇੱਕ ਗੰਭੀਰ ਜ਼ਖ਼ਮੀ, ਇੱਕ ਗ੍ਰਿਫਤਾਰ



ਮਿਸੀਸਾਗਾ, 7 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਸਾਈਕਲਿਸਟ ਨੂੰ ਟੱਕਰ ਮਾਰੇ ਜਾਣ ਤੋਂ ਬਾਅਦ ਮੌਕੇ ਤੋਂ ਫਰਾਰ ਹੋਣ ਵਾਲੇ ਡਰਾਈਵਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਵੀਰਵਾਰ ਸਵੇਰੇ 5:45 ਉੱਤੇ ਡਿਕਸੀ ਤੇ ਰੈਥਬਰਨ ਰੋਡਜ਼ ਉੱਤੇ ਇਹ ਹਾਦਸਾ ਵਾਪਰਨ ਮਗਰੋਂ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੇ ਦੱਸਿਆ ਕਿ ਸਾਈਕਲ ਨੂੰ ਟੱਕਰ ਮਾਰਨ ਤੋਂ ਬਾਅਦ ਡਰਾਈਵਰ ਘਟਨਾ ਵਾਲੀ ਥਾਂ ਉੱਤੇ ਨਹੀਂ ਰੁਕਿਆ ਪਰ ਉਸ ਨੂੰ ਫੌਰੀ ਲੋਕੇਟ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ। ਸਾਈਕਲਿਸਟ, ਜੋ ਕਿ ਬਾਲਗ ਵਿਅਕਤੀ ਹੈ, ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਸਿਹਤ ਸੇਵਾਵਾਂ ਦੇ ਪਸਾਰ ਲਈ ਫੋਰਡ ਨੇ ਕੀਤਾ 21 ਮਿਲੀਅਨ ਡਾਲਰ ਦੇਣ ਦਾ ਵਾਅਦਾ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਪ੍ਰੀਮੀਅਰ ਡਗ ਫੋਰਡ ਵੱਲੋਂ ਅੱਜ ਬਰੈਂਪਟਨ, ਓਨਟਾਰੀਓ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪਸਾਰ ਤੇ ਸੇਵਾਵਾਂ ਵਿੱਚ ਸੁਧਾਰ ਲਈ 21 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਫੋਰਡ ਨੇ ਆਖਿਆ ਕਿ ਇਨ੍ਹਾਂ ਨਵੇਂ ਫੰਡਾਂ ਵਿੱਚੋਂ 18 ਮਿਲੀਅਨ ਡਾਲਰ ਪੀਲ ਮੈਮੋਰੀਅਲ ਹਸਪਤਾਲ ਵਿੱਚ ਐਮਰਜੰਸੀ ਰੂਮ ਬਣਾਉਣ, ਜੋ ਕਿ 24 ਘੰਟੇ ਕੰਮ ਕਰਨ ਵਾਲਾ ਅਰਜੈਂਟ ਕੇਅਰ ਸੈਂਟਰ ਹੋਵੇਗਾ ਤੇ 3 ਮਿਲੀਅਨ ਡਾਲਰ ਬਰੈਂਪਟਨ ਸਿਵਿਕ ਹਸਪਤਾਲ ਦੇ ਕੈਂਸਰ ਕੇਅਰ ਸੈਂਟਰ ਵਿੱਚ ਨਿਵੇਸ਼ ਉੱਤੇ ਖਰਚਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਨਵਾਂ ਨਿਵੇਸ਼ ਪਿਛਲੇ ਸਾਲ ਐਲਾਨੇ 18 ਮਿਲੀਅਨ ਡਾਲਰ ਨਾਲੋਂ ਵੱਖਰਾ ਹੈ। ਇਸ ਤੋਂ ਭਾਵ ਹੈ ਕਿ ਪੀਲ ਮੈਮੋਰੀਅਲ ਦਾ ਐਮਰਜੰਸੀ ਰੂਮ ਵੀ 24 ਘੰਟੇ ਕੰਮ ਕਰਨ ਲੱਗ ਜਾਵੇਗਾ।

ਫੋਰਡ ਨੇ ਆਖਿਆ ਕਿ ਫੰਡਿੰਗ ਸਬੰਧੀ ਇਹ ਵਚਨਬੱਧਤਾ ਅਗਲੇ 10 ਸਾਲਾਂ ਵਿੱਚ 30 ਬਿਲੀਅਨ ਡਾਲਰ ਤੋਂ ਵੱਧ ਦੇ ਨਿਵੇਸ਼ ਦੀ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ। ਇਸ ਦੌਰਾਨ ਸਰਕਾਰ ਪ੍ਰੋਵਿੰਸ ਦੇ ਹੈਲਥ ਕੇਅਰ ਇਨਫਰਾਸਟ੍ਰਕਚਰ ਵਿੱਚ ਸੁਧਾਰ ਕਰਨਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰ ਦੀ ਇਸ ਯੋਜਨਾ ਤਹਿਤ ਟੋਰਾਂਟੋ ਦੇ ਨੌਰਥਵੈਸਟ ਵਿੱਚ 250 ਨਵੇਂ ਹਸਪਤਾਲ ਬੈੱਡ ਮੁਹੱਈਆ ਕਰਵਾਏ ਜਾਣਗੇ।

ਐਤਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਫੋਰਡ ਨੇ ਆਖਿਆ ਕਿ ਨਵੇਂ ਬੈੱਡਜ਼ ਦੀ ਉਸਾਰੀ ਸਮੱਸਿਆ ਹੱਲ ਕਰਨ ਦਾ ਇੱਕ ਹਿੱਸਾ ਹੈ ਕਿਉਂਕਿ ਹਰੇਕ ਨਵੇਂ ਬੈੱਡ, ਹਰੇਕ ਵਾਧੂ ਸੇਵਾ ਲਈ ਸਾਨੂੰ ਨਵੇਂ ਸਿੱਖਿਅਤ ਡਾਕਟਰਾਂ ਦੀ ਲੋੜ ਵੀ ਹੋਵੇਗੀ। ਇਸੇ ਲਈ ਸਾਡੀ ਸਰਕਾਰ 160 ਅੰਡਰਗ੍ਰੈਜੂਏਟ ਅਹੁਦੇ ਤੇ 295 ਪੋਸਟਗ੍ਰੈਜੂਏਟ ਅਹੁਦੇ ਕਾਇਮ ਕਰਨ ਜਾ ਰਹੀ ਹੈ। ਇਸ ਮੌਕੇ ਫੋਰਡ ਦੇ ਨਾਲ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਬ੍ਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਵੀ ਹਾਜ਼ਰ ਸਨ।

# ਇੰਟਰਨੈਸ਼ਨਲ ਵਿਦਿਆਰਥੀਆਂ ਲਈ ਸ਼ੈਰੀਡਨ ਨੇ ਐਲਾਨੀ ਨਵੀਂ ਐਂਟਰੈਂਸ ਸਕਾਲਰਸ਼ਿਪ



ਬਰੈਂਪਟਨ, 7 ਅਪਰੈਲ (ਪੋਸਟ ਬਿਊਰੋ) : ਇੰਟਰਨੈਸ਼ਨਲ ਵਿਦਿਆਰਥੀ ਬਸੰਤ 2022, ਸਾਲ 2022 ਦੇ ਅੰਤ ਵਿੱਚ ਤੇ 2023 ਦੇ ਸਿਆਲਾਂ ਵਾਲੇ ਸਮੈਸਟਰਜ਼ (ਇਨ੍ਹਾਂ ਵਿੱਚ ਈਐਸਐਲ ਦੇ ਵਿਦਿਆਰਥੀ ਸ਼ਾਮਲ ਨਹੀਂ ਹਨ) ਵਿੱਚ ਫੁੱਲ ਟਾਈਮ ਪੜ੍ਹਾਈ ਸ਼ੁਰੂ ਕਰਨ ਜਾ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਪ੍ਰੋਗਰਾਮ ਦੇ ਹਿਸਾਬ ਨਾਲ 1000 ਤੋਂ 2000 ਦਰਮਿਆਨ ਐਂਟਰੈਂਸ ਸਕਾਲਰਸ਼ਿਪ ਮਿਲੇਗੀ।

ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦਾਖਲੇ ਦੇ ਨਾਲ ਸਕਾਲਰਸ਼ਿਪ ਦੀ ਸਹੀ ਰਕਮ ਦੱਸ ਦਿੱਤੀ ਜਾਵੇਗੀ। ਇਹ ਫੰਡ ਆਟੋਮੈਟਿਕਲੀ ਪੜ੍ਹਾਈ ਦੀ ਪਹਿਲੀ ਤੇ ਦੂਜੀ ਟਰਮ ਵਿੱਚ ਜਾਰੀ ਕੀਤੀਆਂ ਦੋ ਕਿਸ਼ਤਾਂ ਵਿੱਚ ਦੋ ਬਰਾਬਰ ਹਿੱਸਿਆਂ ਵਿੱਚ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਪਾ ਦਿੱਤੀ ਜਾਵੇਗੀ।ਦੂਜੀ ਕਿਸ਼ਤ ਦਾ ਲਾਹਾ ਲੈਣ ਲਈ ਵਿਦਿਆਰਥੀਆਂ ਨੂੰ ਦੂਜੀ ਟਰਮ ਵਿੱਚ ਫੁੱਲ ਟਾਈਮ ਰਹਿਣਾ ਹੋਵੇਗਾ।

110 ਦੇਸ਼ਾਂ ਤੋਂ 8200 ਕੌਮਾਂਤਰੀ ਵਿਦਿਆਰਥੀ ਇਨ ਪਰਸਨ ਤੇ ਦੂਰ ਦਰਾਜ ਤੋਂ ਸ਼ੈਰੀਡਨ ਵਿੱਚ ਪੜ੍ਹਾਈ ਕਰ ਰਹੇ ਹਨ ਤੇ ਇਸ ਵੰਨ ਸਵੰਨਤਾ ਉੱਤੇ ਕਾਲਜ ਨੂੰ ਬੜਾ ਮਾਣ ਹੈ। ਨਵੀਂ ਸਕਾਲਰਸ਼ਿਪ ਨਾਲ ਵਿਦਿਆਰਥੀਆਂ ਨੂੰ ਬਿਹਤਰੀਨ ਤਜਰਬਾ ਦੇਣ ਦੀ ਕਾਲਜ ਦੀ ਵਚਨਬੱਧਤਾ ਪੂਰੀ ਹੁੰਦੀ ਹੈ ਤੇ ਇਸ ਨਾਲ ਕੌਮਾਂਤਰੀ ਵਿਦਿਆਰਥੀਆਂ ਦੀ ਵੀ ਸ਼ੈਰੀਡਨ ਦੇ ਕਈ ਪ੍ਰੋਗਰਾਮਾਂ ਤੱਕ ਪਹੁੰਚ ਸੁਖਾਲੀ ਹੋ ਜਾਂਦੀ ਹੈ।

ਸਰਕਾਰ ਤੇ ਕਮਿਊਨਿਟੀ ਭਾਈਵਾਲਾਂ ਨਾਲ ਰਲ ਕੇ ਕੌਮਾਂਤਰੀ ਵਿਦਿਆਰਥੀਆਂ ਲਈ ਬਿਹਤਰੀਨ ਮਿਸਾਲ ਪੇਸ਼ ਕਰਨ ਵਾਸਤੇ ਸ਼ੈਰੀਡਨ ਦੇ ਰਿਸਰਚਰਜ਼ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਸਫਲਤਾ ਲਈ ਕਿਫਾਇਤ ਤੇ ਵਿੱਤੀ ਮਦਦ ਨੂੰ ਮੁੱਖ ਕਾਰਕ ਦੱਸਿਆ। ਸ਼ੈਰੀਡਨ ਕਾਲਜ ਦੇ ਪ੍ਰੈਜ਼ੀਡੈਂਟ ਤੇ ਵਾਈਸ ਚਾਂਸਲਰ ਡਾ. ਜੈਨੇਟ ਮੌਰੀਸਨ ਨੇ ਆਖਿਆ ਕਿ ਕੌਮਾਂਤਰੀ ਵਿਦਿਆਰਥੀ ਸਾਡੀ ਕਮਿਊਨਿਟੀ ਲਈ ਵੱਖਰਾ ਤਜਰਬਾ ਤੇ ਨਜ਼ਰੀਆ ਲਿਆਉਂਦੇ ਹਨ। ਇਸ ਲਈ ਸਾਨੂੰ ਵੀ ਉਨ੍ਹਾਂ ਦੇ ਵਧਣ ਫੁੱਲਣ ਲਈ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਉਣੀ ਚਾਹੀਦੀ ਹੈ।

2021-22 ਦੇ ਅਕਾਦਮਿਕ ਵਰ੍ਹੇ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਸਕਾਲਰਸ਼ਿਪਸ ਤੇ ਹੋਰਨਾਂ ਐਵਾਰਡਜ਼ ਦੇ ਰੂਪ ਵਿੱਚ ਕਈ ਤਰ੍ਹਾਂ ਦੀ ਵਿੱਤੀ ਮਦਦ ਦਿੱਤੀ ਗਈ। ਇਸ ਸਾਲ ਦੇ ਸ਼ੁਰੂ ਵਿੱਚ ਸ਼ੈਰੀਡਨ ਨੂੰ ਸਕੋਸ਼ੀਆ ਬੈਂਕ ਦੇ ਸਕੋਸ਼ੀਆ ਰਾਈਜ਼ ਪ੍ਰੋਗਰਾਮ ਤੋਂ 250,000 ਡਾਲਰ ਰੂਪੀ ਤੋਹਫਾ ਵੀ ਹਾਸਲ ਹੋਇਆ ਜਿਸ ਨਾਲ ਇੰਟਰਨੈਸ਼ਨਲ ਵਿਦਿਆਰਥੀਆਂ ਲਈ ਆਨ-ਕੈਂਪਸ ਕੰਮ ਕਰਨ ਦੇ ਨਵੇਂ ਮੌਕੇ ਕਾਇਮ ਕੀਤੇ ਜਾ ਸਕਣਗੇ। ਇਸ ਸਮੇਂ ਸ਼ੈਰੀਡਨ ਦੇ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀ ਸਕਾਲਰਸ਼ਿਪ ਤੇ ਹੋਰ ਫਾਇਦੇ ਹਾਸਲ ਹਨ ਇਨ੍ਹਾਂ ਵਿੱਚ ਹੇਠ ਲਿਖੇ ਸਕਾਲਰਸ਼ਿਪ ਸ਼ਾਮਲ ਹਨ :

- ਸ਼ੈਰੀਡਨ ਬੈਚਲਰ ਡਿਗਰੀ ਐਂਟਰੈਂਸ ਸਕਾਲਰਸ਼ਿਪ :ਬੈਚਲਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ (ਬੀਬੀਏ) ਡਿਗਰੀ ਪ੍ਰੋਗਰਾਮਾਂ ਲਈ ਯੋਗ ਵਿਦਿਆਰਥੀਆਂ ਲਈ 2000 ਡਾਲਰ ਦੀ ਐਂਟਰੈਂਸ ਸਕਾਲਰਸ਼ਿਪ
- ਸਰਟੀਫਿਕੇਟ, ਡਿਪਲੋਮਾ ਜਾਂ ਪੋਸਟ ਗ੍ਰੈਜੂਏਟ ਸਕਾਲਰਸ਼ਿਪ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਆਊਟਸਟੈਂਡਿੰਗ ਅਚੀਵਮੈਂਟ : ਸਰਟੀਫਿਕੇਟ, ਡਿਪਲੋਮਾ ਜਾਂ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ( ਇਨ੍ਹਾਂ ਵਿੱਚ ਬੈਚਲਰ ਡਿਗਰੀ ਸ਼ਾਮਲ ਨਹੀਂ ਹੋਵੇਗੀ) ਵਾਸਤੇ 1000 ਡਾਲਰ ਦੀ ਪ੍ਰਤੀ ਵਿਦਿਆਰਥੀ 16 ਸਕਾਲਰਸ਼ਿਪਸ ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਫੁੱਲ ਟਾਈਮ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ (ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)।
- ਬੈਚਲਰ ਡਿਗਰੀ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਆਊਟਸਟੈਂਡਿੰਗ ਅਚੀਵਮੈਂਟ ਸਕਾਲਰਸ਼ਿਪ : ਬੈਚਲਰ ਡਿਗਰੀ ਪ੍ਰੋਗਰਾਮ (ਸਾਂਝੀ ਡਿਗਰੀ ਸ਼ਾਮਲ ਨਹੀਂ ਹੈ) ਵਿੱਚ ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ ਲਈ 1500 ਡਾਲਰ ਦੀਆਂ ਪੰਜ ਸਕਾਲਰਸ਼ਿਪਸ (ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)
- ਸ਼ੈਰੀਡਨ ਇੰਟਰਨੈਸ਼ਨਲ ਲੋੜ ਦੇ ਹਿਸਾਬ ਨਾਲ ਦਿੱਤੇ ਜਾਣ ਵਾਲੇ ਵਜ਼ੀਫੇ : ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਫੁੱਲ ਟਾਈਮ ਵਿਦਿਆਰਥੀਆਂ ਵਿੱਚੋਂ ਛੇ ਨੂੰ 1500 ਡਾਲਰ ਦੇ ਵਜ਼ੀਫੇ(ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)
- ਇੰਟਰਨੈਸ਼ਨਲ ਵਿਦਿਆਰਥੀਆਂ ਲਈ ਮੈਡੀਕਲ ਖਰਚਿਆਂ ਸਬੰਧੀ ਵਜ਼ੀਫੇ : ਸ਼ੈਰੀਡਨ ਦੇ ਇੰਟਰਨੈਸ਼ਨਲ ਵਿਦਿਆਰਥੀਆਂ (ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ) ਲਈ ਮੈਡੀਕਲ ਖਰਚਿਆਂ ਸਬੰਧੀ ਵਜ਼ੀਫੇ (ਵੱਧ ਤੋਂ ਵੱਧ 500 ਡਾਲਰ ਤੱਕ)ਉਪਲਬਧ ਹਨ।
- ਇੰਟਰਨੈਸ਼ਨਲ ਲੀਡਰਸ਼ਿਪ ਐਵਾਰਡ-ਵਿੰਟਰ 2022 : ਸ਼ੈਰੀਡਨ ਇੰਟਰਨੈਸ਼ਨਲ ਸੈਂਟਰ ਇਹ ਐਵਾਰਡ ਉਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਦਿੰਦਾ ਹੈ ਜਿਹੜੇ ਕੈਂਪਸ ਵਿੱਚ ਕਮਾਲ ਦੀ ਲੀਡਰਸ਼ਿਪ ਦਾ ਮੁਜ਼ਾਹਰਾ ਕਰਦੇ ਹਨ। ਇਹ ਐਵਾਰਡ ਸ਼ੈਰੀਡਨ ਲਈ ਲੀਡਰਸ਼ਿਪ ਤੇ ਹੋਰ ਯੋਗਦਾਨ ਪਾਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਾਨਤਾ ਦੇਣ ਲਈ ਦਿੱਤਾ ਜਾਂਦਾ ਹੈ।

# ਓਨਟਾਰੀਓ ਪੀਸੀ ਪਾਰਟੀ ਲਈ ਉਮੀਦਵਾਰ ਵਜੋਂ ਚੋਣ ਲੜਨਗੇ ਮਾਈਕਲ ਫੋਰਡ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਭਤੀਜਾ ਤੇ ਟੋਰਾਂਟੋ ਸਿਟੀ ਕਾਊਂਸਲਰ ਮਾਈਕਲ ਫੋਰਡ ਓਨਟਾਰੀਓ ਦੀ ਪੀਸੀ ਪਾਰਟੀ ਲਈ ਉਮੀਦਵਾਰ ਵਜੋਂ ਚੋਣ ਲੜਨਗੇ।

ਐਤਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਮਾਈਕਲ ਫੋਰਡ ਯੌਰਕ ਸਾਊਥ-ਵੈਸਟਨ ਤੋਂ 2022 ਐਮਪੀਪੀ ਉਮੀਦਵਾਰ ਹੋਣਗੇ। ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਯੌਰਕ ਸਾਊਥ-ਵੈਸਟਨ ਦੇ ਲੋਕ ਵੀ ਕੁਈਨਜ਼ ਪਾਰਕ ਵਿੱਚ ਆਪਣੇ ਨੁਮਾਇੰਦੇ ਦੇ ਹੱਕਦਾਰ ਹਨ, ਜਿਹੜਾ ਸਿਰਫ ਗੱਲਾਂ ਹੀ ਨਾ ਕਰੇ ਤੇ ਕੰਮ ਵਿੱਚ ਦੇਰ ਹੀ ਨਾ ਕਰਦਾ ਰਹੇ ਸਗੋਂ ਨਿਰਮਾਣ ਕਾਰਜ ਵੀ ਕਰਾਵੇ ਤੇ ਸਾਡੀ ਕਮਿਊਨਿਟੀ ਲਈ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵੀ ਕਾਇਮ ਕਰੇ।

ਇਸ ਮੌਕੇ ਮਾਈਕਲ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਡੱਗ ਫੋਰਡ ਤੇ ਓਨਟਾਰੀਓ ਪੀਸੀ ਟੀਮ ਹੀ ਉਨ੍ਹਾਂ ਦੇ ਕੰਮ ਕਰਵਾ ਸਕਦੀ ਹੈ। ਇਸੇ ਲਈ ਉਹ ਯੌਰਕ ਸਾਊਥ-ਵੈਸਟਨ ਤੋਂ ਪੀਸੀ ਪਾਰਟੀ ਦੇ ਉਮੀਦਵਾਰ ਬਣੇ ਹਨ। 2016 ਤੋਂ ਹੀ ਮਾਈਕਲ ਨੇ ਇਟਬੀਕੋ ਨੌਰਥ ਦੇ ਵਾਰਡ ਲਈ ਲੋਕਲ ਨੁਮਾਇੰਦੇ ਵਜੋਂ ਸੇਵਾ ਨਿਭਾਈ ਹੈ, ਇਸ ਤੋਂ ਪਹਿਲਾਂ ਉਹ ਟੋਰਾਂਟੋ ਡਿਸਟ੍ਰਿਕਟ ਸਕੂਲ ਦੇ ਟਰੱਸਟੀ ਵੀ ਰਹਿ ਚੁੱਕੇ ਹਨ।

ਇਸ ਤੋਂ ਇਲਾਵਾ ਉਹ ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ, ਇਕਨੌਮਿਕ ਐਂਡ ਕਮਿਊਨਿਟੀ ਡਿਵੈਲਪਮੈਂਟ ਕਮੇਟੀ, ਆਡਿਟ ਕਮੇਟੀ ਤੇ ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ ਐਸੋਸਿਏਸ਼ਨ ਬੋਰਡ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਅ ਚੁੱਕੇ ਹਨ। ਪਾਰਟੀ ਨੇ ਆਖਿਆ ਕਿ ਕੈਂਪੇਨ ਦੌਰਾਨ ਮਾਈਕਲ ਫੋਰਡ ਆਪਣੀ ਟੋਰਾਂਟੋ ਸਿਟੀ ਕਾਊਂਸਲ ਦੀ ਤਨਖਾਹ ਲੋਕਲ ਕਮਿਊਨਿਟੀ ਆਧਾਰਿਤ ਆਰਗੇਨਾਈਜ਼ੇਸ਼ਨਜ਼ ਨੂੰ ਡੋਨੇਟ ਕਰਨਗੇ।

# ਟੋਰੀ ਤੇ ਡੀ ਵਿਲਾ ਵੱਲੋਂ ਟੋਰਾਂਟੋ ਵਾਸੀਆਂ ਨੂੰ ਮਾਸਕ ਪਾ ਕੇ ਰੱਖਣ ਦੀ ਅਪੀਲ



ਟੋਰਾਂਟੋ, 7 ਮਾਰਚ (ਪੋਸਟ ਬਿਊਰੋ) : ਕੋਵਿਡ-19 ਵਾਇਰਸ ਦੀ ਛੇਵੀਂ ਵੇਵ ਦੀਆਂ ਕਨਸੋਆਂ ਦੇ ਚੱਲਦਿਆਂ ਟੋਰਾਂਟੋ ਦੇ ਉੱਘੇ ਡਾਕਟਰਾਂ ਨੇ ਸਥਾਨਕ ਵਾਸੀਆਂ ਨੂੰ ਇੰਡੋਰ ਵਿੱਚ ਮਾਸਕ ਪਾ ਕੇ ਰੱਖਣ ਦੀ ਅਪੀਲ ਕੀਤੀ ਹੈ।ਸਿਟੀ ਵੱਲੋਂ ਯੋਗ ਵਿਅਕਤੀਆਂ ਨੂੰ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਦੇਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ।

ਮੇਅਰ ਜੌਹਨ ਟੋਰੀ ਤੇ ਟੋਰਾਂਟੋ ਦੀ ਚੀਫ ਮੈਡੀਕਲ ਆਫੀਸਰ ਡਾ. ਐਲੀਨ ਡੀ ਵਿੱਲਾ ਨੇ ਸੋਮਵਾਰ ਸਵੇਰੇ ਯੂਨੀਅਨ ਸਟੇਸ਼ਨ ਉੱਤੇ ਇਹ ਗੱਲ ਆਖੀ।ਪਿਛਲੇ ਮਹੀਨੇ ਕੋਵਿਡ-19 ਸਬੰਧੀ ਅਪਡੇਟ ਖ਼ਤਮ ਕਰਨ ਤੋਂ ਬਾਅਦ ਦੋਵਾਂ ਆਗੂਆਂ ਨੇ ਪਹਿਲੀ ਵਾਰੀ ਇੱਕਠਿਆਂ ਕੋਈ ਗੱਲ ਕੀਤੀ ਹੈ। ਡੀ ਵਿੱਲਾ ਨੇ ਆਖਿਆ ਕਿ ਨਿਯਮਾਂ ਵਿੱਚ ਦਿੱਤੀ ਗਈ ਢਿੱਲ ਤੋਂ ਬਾਅਦ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਿਹਾ ਵਾਧਾ ਕੋਈ ਅਲੋਕਾਰੀ ਗੱਲ ਨਹੀਂ ਹੈ।ਪਰ ਉਨ੍ਹਾਂ ਆਖਿਆ ਕਿ ਸਿਟੀ ਪਹਿਲਾਂ ਵਾਲੀਆਂ ਵੇਵਜ਼ ਨਾਲੋਂ ਇਸ ਵਾਰੀ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਬਿਹਤਰ ਢੰਗ ਨਾਲ ਤਿਆਰ ਹੈ।ਡੀ ਵਿੱਲਾ ਨੇ ਆਖਿਆ ਕਿ ਵੈਕਸੀਨਜ਼, ਐਂਟੀ ਵਾਇਰਲ ਇਲਾਜ ਤੇ ਮਾਸਕਸ ਆਦਿ ਅਜਿਹੇ ਸੰਦ ਹਨ ਜਿਨ੍ਹਾਂ ਦੀ ਮਦਦ ਨਾਲ ਟੋਰਾਂਟੋ ਤਾਜ਼ਾ ਵੇਵ ਵਿੱਚੋਂ ਬਾਹਰ ਨਿਕਲ ਸਕਦਾ ਹੈ। ਉਨ੍ਹਾਂ ਸਾਰੇ ਟੋਰਾਂਟੋ ਵਾਸੀਆਂ ਨੂੰ ਇੰਡੋਰ ਵਿੱਚ ਮਾਸਕ ਪਾ ਕੇ ਰੱਖਣ ਤੇ ਕਿਸੇ ਦੇ ਨੇੜਲੇ ਸੰਪਰਕ ਵਿੱਚ ਆਉਣ ਸਮੇਂ ਮਾਸਕ ਪਾ ਕੇ ਰੱਖਣ ਦੀ ਗੁਜ਼ਾਰਿਸ਼ ਕੀਤੀ।ਇਸ ਦੌਰਾਨ ਟੋਰੀ ਤੇ ਵਿੱਲਾ ਨੇ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਲਵਾਉਣ ਲਈ ਤਿਆਰੀ ਕਰਨ ਦਾ ਐਲਾਨ ਕੀਤਾ।

## ਕਾਊਂਸਲੇਟ ਵੱਲੋਂ ਓਪਨ ਹਾਊਸ ਸੈਸ਼ਨਜ਼ ਸ਼ੁਰੂ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਕਾਊਂਸਲੇਟ ਵੱਲੋਂ ਓਪਨ ਹਾਊਸ ਸੈਸ਼ਨਜ਼ 30 ਮਾਰਚ,2022 ਤੋਂ ਸ਼ੁਰੂ ਹੋ ਰਹੇ ਹਨ। ਇਹ ਸੈਸ਼ਨਜ਼ ਹਰ ਬੁੱਧਵਾਰ ਨੂੰ ਦੁਪਹਿਰੇ 3:00 ਤੇ 4:00 ਵਜੇ ਹੋਇਆ ਕਰਨਗੇ। ਬਿਨੈਕਾਰ ਓਸੀਆਈ, ਵੀਜ਼ਾ, ਪਾਸਪੋਰਟ, ਪੁਲਿਸ ਕਲੀਅਰੈਂਸ ਸਰਟੀਫਿਕੇਟ ਤੇ ਅਟੈਸਟੇਸ਼ਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਕਾਊਂਸਲੇਟ ਦੇ ਅਧਿਕਾਰੀਆਂ ਨੂੰ ਮਿਲਣ ਵਾਸਤੇ https://forms.gle/eGkYHWz7msKZagsz8 ਉੱਤੇ ਰਜਿਸਟਰ ਕਰ ਸਕਦੇ ਹਨ। ਇਹ ਰਜਿਸਟ੍ਰੇਸਨ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ਉੱਤੇ ਹੋਵੇਗੀ।ਇਸ ਸੈਸ਼ਨ ਵਿੱਚ ਹਿੱਸਾ ਲੈਣ ਦੀ ਪੁਸ਼ਟੀ ਬਿਨੈਕਾਰ ਵੱਲੋਂ ਰਜਿਸਟਰਡ ਈ-ਮੇਲ ਆਈਡੀ ਉੱਤੇ ਭੇਜ ਦਿੱਤੀ ਜਾਵੇਗੀ। ਬਿਲਡਿੰਗ ਅੰਦਰ ਦਾਖਲ ਹੋਣ ਲਈ ਰਜਿਸਟਰਡ ਵਿਅਕਤੀਆਂ ਨੂੰ ਕਨਫਰਮੇਸ਼ਨ ਸਬੰਧੀ ਈ-ਮੇਲ ਦਾ ਪ੍ਰਿੰਟਆਊਟ ਆਪਣੇ ਨਾਲ ਲਿਆਉਣਾ ਹੋਵੇਗਾ। ਕ੍ਰਿਪਾ ਕਰਕੇ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਕਿ ਓਪਨ ਹਾਊਸ ਲੰਮੇਂ ਸਮੇਂ ਤੋਂ ਪੈਂਡਿੰਗ ਮਾਮਲਿਆਂ ਨੂੰ ਹੱਲ ਕਰਨ ਲਈ ਹੀ ਹਨ ਤੇ ਇਹ ਨਿਯਮਿਤ ਕਾਊਂਸਲਰ ਸੇਵਾਵਾਂ ਮੌਕੇ ਉੱਤੇ ਉਪਲਬਧ ਕਰਵਾਉਣ ਲਈ ਨਹੀਂ ਹਨ।

# ਹਾਈਵੇਅ 412 ਤੇ 418 ਉੱਤੇ ਲਏ ਜਾਣ ਵਾਲੇ ਟੋਲ ਖ਼ਤਮ ਕਰੇਗੀ ਫੋਰਡ ਸਰਕਾਰ



ਦਰਹਾਮ, 7 ਅਪਰੈਲ (ਪੋਸਟ ਬਿਊਰੋ) : ਇਸ ਹਫਤੇ ਦੋ ਮੁੱਖ ਹਾਈਵੇਅਜ਼ ਉੱਤੇ ਪ੍ਰੋਵਿੰਸ ਵੱਲੋਂ ਟੋਲ ਟੈਕਸ ਖ਼ਤਮ ਕਰਨ ਨਾਲ ਦਰਹਾਮ ਰੀਜਨ ਦੇ ਰੈਜ਼ੀਡੈਂਟਸ ਨੂੰ ਆਵਾਜਾਈ ਲਈ ਕੁੱਝ ਸਸਤੇ ਸਾਧਨ ਵੀ ਉਪਲਬਧ ਹੋ ਸਕਣਗੇ।

ਫਰਵਰੀ ਵਿੱਚ ਫੋਰਡ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਹਾਈਵੇਅਜ਼ 412 ਤੇ 418 ਉੱਤੇ ਟੋਲ 5 ਅਪਰੈਲ ਨੂੰ ਖ਼ਤਮ ਹੋ ਜਾਵੇਗਾ ਤੇ ਇਨ੍ਹਾਂ ਟੋਲ ਨੂੰ ਰਸਮੀ ਤੌਰ ਉੱਤੇ ਖ਼ਤਮ ਕਰਨ ਲਈ ਪ੍ਰੀਮੀਅਰ ਡੱਗ ਫੋਰਡ ਮੰਗਲਵਾਰ ਨੂੰ ਵ੍ਹਿਟਬੀ ਜਾਣਗੇ।ਜਦੋਂ ਇਸ ਸਬੰਧ ਵਿੱਚ ਪਹਿਲੀ ਵਾਰੀ ਐਲਾਨ ਕੀਤਾ ਗਿਆ ਸੀ ਤਾਂ ਫੋਰਡ ਨੇ ਆਖਿਆ ਸੀ ਕਿ ਅਸੀਂ ਦਰਹਾਮ ਦੇ ਲੋਕਾਂ ਦੀ ਤਕਲੀਫ ਨੂੰ ਸਮਝਦੇ ਹਾਂ ਤੇ ਅਸੀਂ ਉਨ੍ਹਾਂ ਨਾਲ ਇਸ ਗੱਲ ਉੱਤੇ ਸਹਿਮਤ ਹਾਂ ਕਿ ਪਿਛਲੀ ਸਰਕਾਰ ਵੱਲੋਂ ਹਾਈਵੇਅ 412 ਤੇ 418 ਉੱਤੇ ਲਾਏ ਗਏ ਟੋਲ ਗਲਤ ਹਨ।

ਇਹ ਦੋਵੇਂ ਰੂਟ ਹੀ ਓਨਟਾਰੀਓ ਵਿੱਚ ਨੌਰਥ-ਸਾਊਥ ਹਾਈਵੇਅਜ਼ ਹਨ ਜਿਨ੍ਹਾਂ ਉੱਤੇ ਟੋਲ ਵਸੂਲਿਆ ਜਾਂਦਾ ਹੈ।ਪ੍ਰੋਵਿੰਸ ਨੇ ਆਖਿਆ ਕਿ ਟੋਲ ਹਟਾਉਣ ਨਾਲ ਇਲਾਕੇ ਦੇ ਲੋਕਾਂ ਨੂੰ ਟਰੈਵਲ ਕਰਨ ਲਈ ਹੋਰ ਬਦਲ ਮਿਲ ਜਾਣਗੇ।ਸਰਕਾਰ ਨੇ ਆਖਿਆ ਕਿ ਉਨ੍ਹਾਂ ਦੀਆਂ ਇਹ ਦਰਾਂ ਵੱਖਰੇ ਤੇ ਪ੍ਰਾਈਵੇਟ ਤੌਰ ਉੱਤੇ ਸਾਂਭੇ ਜਾਣ ਵਾਲੇ 407 ਈਟੀਆਰ ਹਾਈਵੇਅ ਉੱਤੇ ਅਸਰ ਨਹੀਂ ਪਾਉਣਗੀਆਂ। ਪਿਛਲੇ ਸਾਲ ਦੀ ਟਰਾਂਸਪੋਰਟੇਸ਼ਨ ਮੰਤਰਾਲੇ ਦੀ ਰਿਪੋਰਟ ਵਿੱਚ ਆਖਿਆ ਗਿਆ ਸੀ ਕਿ ਹਾਈਵੇਅ 407, 412, 418 ਉੱਤੇ ਲੱਗਣ ਵਾਲੇ ਟੋਲ ਟੈਕਸ ਤੋਂ 2017 ਤੇ 2020 ਦਰਮਿਆਨ 160 ਮਿਲੀਅਨ ਡਾਲਰ ਇੱਕਠੇ ਹੋਏ ਸਨ।

ਹਾਈਵੇਅ 412 ਦੇ 418 ਤੋਂ ਕੁੱਲ ਆਮਦਨ ਦਾ 24 ਫੀ ਸਦੀ, ਜੋ ਕਿ 38.2 ਮਿਲੀਅਨ ਬਣਦਾ ਹੈ, ਹਾਸਲ ਹੋਇਆ।ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਇਨ੍ਹਾਂ ਦੋਵਾਂ ਹਾਈਵੇਅਜ਼ ਉੱਤੇ ਉਸਾਰੀ ਦੀ ਆਈ ਲਾਗਤ ਪੂਰੀ ਕਰਨ ਲਈ 25 ਸਾਲ ਦਾ ਸਮਾਂ ਲੱਗੇਗਾ।

# ਮਾਂ ਦੇ ਕਤਲ ਦੇ ਦੋਸ਼ ਵਿੱਚ ਲੜਕੇ ਨੂੰ ਕੀਤਾ ਗਿਆ ਗ੍ਰਿਫਤਾਰ ਤੇ ਚਾਰਜ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਲੈਜ਼ਲੀਵਿਲ ਵਿੱਚ ਪਿਛਲੇ ਸੋਮਵਾਰ ਦੀ ਦੁਪਹਿਰ ਨੂੰ ਇੱਕ ਗਾਰਬੇਜ ਬੈਗ ਵਿੱਚੋਂ ਜਿਸ ਮਹਿਲਾ ਤਿਏਨ ਲੀ ਦੀ ਲਾਸ਼ ਮਿਲੀ ਸੀ ਉਸ ਦੇ 20 ਸਾਲਾ ਲੜਕੇ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਆਪਣੀ ਮਾਂ ਦੇ ਕਤਲ ਦੇ ਸਬੰਧ ਵਿੱਚ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਨੂੰ 28 ਮਾਰਚ ਨੂੰ ਈਸਟਰਨ ਐਵਨਿਊ ਤੇ ਬਰਕਸ਼ਾਇਰ ਐਵਨਿਊ ਇਲਾਕੇ ਵਿੱਚੋਂ ਇੱਕ ਪਲਾਸਟਿਕ ਬੈਗ ਵਿੱਚੋਂ ਲੀ ਦੀ ਵੱਢੀ ਕੱਟੀ ਲਾਸ਼ ਮਿਲੀ ਸੀ। ਉਸ ਦੀ ਸ਼ਨਾਖ਼ਤ ਕਰਨ ਲਈ ਪੁਲਿਸ ਨੇ ਲੀ ਦੇ ਹੱਥਾਂ ਤੇ ਪੈਰਾਂ ਦੇ ਨਹੁੰਆਂ ਦੀ ਤਸਵੀਰ ਜਾਰੀ ਕੀਤੀ ਸੀ ਤੇ ਇਸ ਦੇ ਨਾਲ ਹੀ ਉਸ ਦੀ ਸ਼ਰਟ ਦੀ ਤਸਵੀਰ ਵੀ ਜਾਰੀ ਕੀਤੀ ਗਈ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਤਸਵੀਰਾਂ ਨੂੰ ਜਾਰੀ ਕੀਤੇ ਜਾਣ ਤੋਂ ਬਾਅਦ ਕਈ ਲੋਕ ਸਾਹਮਣੇ ਆਏ।

ਇਸ ਤੋਂ ਪਹਿਲਾਂ ਪੁਲਿਸ ਨੇ ਆਖਿਆ ਕਿ ਲੀ ਆਪਣੇ ਲੜਕੇ ਨਾਲ ਕਾਰਲਾਅ ਐਵਨਿਊ ਤੇ ਡੰਡਸ ਸਟਰੀਟ ਏਰੀਆ ਵਿੱਚ ਰਹਿੰਦੀ ਸੀ ਤੇ ਪੁਲਿਸ ਡਲਾਸ ਲੀ, ਜੋ ਕਿ ਮ੍ਰਿਤਕਾ ਲੀ ਦਾ ਲੜਕਾ ਹੈ, ਦੀ ਭਾਲ ਕਰ ਰਹੀ ਸੀ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਉਹ ਠੀਕ ਠਾਕ ਸੀ। ਪੁਲਿਸ ਨੇ ਆਖਿਆ ਕਿ ਟੋਰਾਂਟੋ ਦੇ ਡਲਾਸ ਲੀ ਨੂੰ ਸ਼ਨਿੱਚਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ ਹੈ।

# 60+ ਲੋਕਾਂ ਨੂੰ ਜਲਦ ਚੌਥੀ ਡੋਜ਼ ਲਾਉਣੀ ਸ਼ੁਰੂ ਕਰੇਗਾ ਓਨਟਾਰੀਓ



ਓਨਟਾਰੀਓ, 7 ਅਪਰੈਲ (ਪੋਸਟ ਬਿਊਰੋ) : 60 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਦੇਣ ਦੀ ਪ੍ਰੋਵਿੰਸ ਦੀ ਯੋਜਨਾ ਦਾ ਓਨਟਾਰੀਓ ਦੇ ਸਿਹਤ ਮੰਤਰੀ ਨੇ ਖੁਲਾਸਾ ਕਰਦਿਆਂ ਆਖਿਆ ਕਿ ਇਸ ਸਬੰਧੀ ਵੇਰਵੇ ਬੁੱਧਵਾਰ ਨੂੰ ਜਾਰੀ ਕੀਤੇ ਜਾਣਗੇ।

ਪ੍ਰੋਵਿੰਸ ਵਿੱਚ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਲਾਂਗ ਟਰਮ ਕੇਅਰ ਹੋਮਜ਼ ਤੇ ਰਿਟਾਇਰਮੈਂਟ ਹੋਮਜ਼ ਦੇ ਰੈਜ਼ੀਡੈਂਟਸ ਲਈ ਪਹਿਲਾਂ ਤੋਂ ਹੀ ਉਪਲਬਧ ਹੈ, ਇਸ ਦੇ ਨਾਲ ਹੀ ਇਮਿਊਨਕੰਪਰੋਮਾਈਜ਼ਡ ਲੋਕਾਂ ਲਈ ਵੀ ਇਹ ਚੌਥੀ ਡੋਜ਼ ਪਹਿਲਾਂ ਤੋਂ ਹੀ ਉਪਲਬਧ ਹੈ। ਇਸ ਤੋਂ ਪਹਿਲਾਂ ਦਿਨ ਵੇਲੇ ਇਮਿਊਨਾਈਜ਼ੇਸ਼ਨ ਬਾਰੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਚੌਥੀ ਡੋਜ਼ ਦੇਣ ਦੀ ਤਿਆਰੀ ਕਰਨੀ ਚਾਹੀਦੀ ਹੈ।

ਫੋਰਡ ਸਰਕਾਰ ਵੱਲੋਂ ਇਹ ਅਪਡੇਟ ਉਸ ਸਮੇਂ ਆਈ ਹੈ ਜਦੋਂ ਪ੍ਰੋਵਿੰਸ ਵਿੱਚ ਇੱਕ ਵਾਰੀ ਫਿਰ ਹਸਪਤਾਲਾਂ ਵਿੱਚ ਲੋਕਾਂ ਦੇ ਦਾਖਲ ਹੋਣ ਦੀ ਤਾਦਾਦ ਵਿੱਚ ਵਾਧਾ ਹੋ ਰਿਹਾ ਹੈ, ਇਸ ਸਮੇਂ ਕੋਵਿਡ-19 ਦੇ ਮਾਮਲੇ ਫਰਵਰੀ ਦੇ ਅਖੀਰ ਤੋਂ ਬਾਅਦ ਸੱਭ ਤੋਂ ਜ਼ਿਆਦਾ ਹਨ।







## ਅੱਜ ਨਾਮਾ

ਸੰਨੀ ਦਿਓਲ ਨੂੰ ਯਾਦ ਪੰਜਾਬ ਆਇਆ,
ਆਇਆ ਮੁੱਦਾ ਈ ਯਾਦ ਵਿਕਾਸ ਬੇਲੀ।
ਸਾਲ ਤਿੰਨ ਨਹੀਂ ਕਦੀ ਪੰਜਾਬ ਆਇਆ,
ਮਾਰਿਆ ਹੋਊ ਚੱਕਰ ਵਕਤ ਖਾਸ ਬੇਲੀ।
ਮਾੜੇ-ਚੰਗੇ ਦਾ ਕਦੇ ਵੀ ਫਿਕਰ ਨਾ ਸੀ,
ਬਾਲੀਵੁਡ ਹੀ ਆਉਂਦਾ ਸੀ ਰਾਸ ਬੇਲੀ।
ਓਦੋਂ ਮਸਲਾ ਵਿਕਾਸ ਦਾ ਚੁੱਕ ਤੁਰਿਆ,
ਲਾਹ'ਤੀ ਲੋਕਾਂ ਨੇ ਜਦੋਂ ਸੀ ਆਸ ਬੇਲੀ।
ਆਇਆ ਪੰਛੀ ਪਰਵਾਸੀ ਦੇ ਵਾਂਗ ਸੰਨੀ,
ਮੁੜ ਕੇ ਜਾਣਾ ਮੁੰਬਈ ਵੱਲ ਉੱਡ ਬੇਲੀ।
ਚਾਲੂ ਜਿਹੀ ਇੱਕ ਇੰਟਰੀ ਪੈਣ ਮਗਰੋਂ,
ਚੇਲੇ ਕਹਿਣਗੇ ਐਕਟਰ ਹੈ ਗੁੱਡ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਗੁੰਡਾਗਰਦੀ ਰੋਕਣ ਲਈ ਐਂਟੀ ਗੈਂਗਸਟਰ ਟਾਸਕ ਫੋਰਸ ਬਣਾਈ ਗਈ

*** ਏ ਡੀ ਜੀ ਪੀ ਪ੍ਰਮੋਦ ਬਾਨ ਨਵੀਂ ਫੋਰਸ ਦੇ ਮੁਖੀ ਹੋਣਗੇ**

ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਪੰਜਾਬਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਲਗਾਤਾਰ ਵਧਦੀ ਜਾਂਦੀ ਤੇ ਕਾਬੂ ਤੋਂ ਬਾਹਰ ਹੋ ਰਹੀ ਗੁੰਡਾਗਰਦੀ ਨੂੰ ਨੱਥ ਪਾਉਣ ਲਈ ਨਵੀਂ ਸਰਕਾਰ ਨੇ ਅੱਜ ਇੱਕ ਐਂਟੀ ਗੈਂਗਸਟਰ ਟਾਸਕਫੋਰਸ ਦੇ ਗਠਨ ਦਾ ਐਲਾਨ ਕੀਤਾ ਹੈ। ਐਡੀਸ਼ਨਲ ਡੀਜੀਪੀ ਸਪੈਸ਼ਲ, ਕ੍ਰਾਈਮ ਅਤੇ ਇਕਨ-ਾਮਿਕ ਕ੍ਰਾਈਮ ਵਿੰਗ ਪ੍ਰਮੋਦ ਬਾਨ ਨੂੰ ਇਸ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਦਾ ਮੁਖੀ ਬਣਾਇਆ ਗਿਆ ਹੈ।

ਇਸ ਬਾਰੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਫੋਰਸ ਦੇ ਮੁਖੀ ਬਣਾਏ ਗਏ ਪ੍ਰਮੋਦ ਬਾਨ ਨਾਲ ਇਸ ਫੋਰਸ ਵਿੱਚ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ (ਓਕੂ) ਦੇ ਐਡੀਸ਼ਨਲ ਆਈਜੀ, ਗੁਰਮੀਤ ਸਿੰਘ ਚੌਹਾਨ ਨੂੰ ਏਆਈਜੀ, ਏ ਜੀਟੀਐੱਫ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਇਸ ਫੋਰਸ ਨਾਲ ਡੀਆਈਜੀ, ਏਜੀਟੀਐੱਫ ਤਾਇਨਾਤ ਕਰਨ ਦੇ ਇਲਾਵਾ ਅਤੇ ਡੀਐੱਸਪੀ ਖਰੜ ਬਿਕਰਮਜੀਤ ਸਿੰਘ ਬਰਾੜ ਨੂੰ ਡੀਐੱਸਪੀ, ਏਜੀਟੀਐੱਫ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸ ਫੋਰਸ ਬਣਾਉਣ ਰਾਹੀਂ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਸੰਭਾਲਣ ਲਈ ਪ੍ਰਸ਼ਾਸਨਿਕ ਕਦਮ ਚੁੱਕਣ ਲਈ ਇੱਕ ਤਰ੍ਹਾਂ ਸ਼ੁਰੂਆਤ ਕਰ ਦਿੱਤੀ ਹੈ।ਸਰਕਾਰ ਵੱਲੋਂਇਸ ਨਵੀਂ ਏਜੀਟੀਐੱਫ ਦੇ ਕੰਮ-ਕਾਜ ਲਈ ਜਾਰੀ ਕੀਤਾ ਸਟੈਂਡਿੰਗ ਆਰਡਰ (ਐੱਸਓ) ਥੋੜ੍ਹੇ ਸਮੇਂ ਦੇ ਉਪਾਵਾਂ ਵਜੋਂ ਇਸਦੀ ਭੂਮਿਕਾ, ਕੰਮਾਂ ਅਤੇ ਜ਼ਿੰਮੇਵਾਰੀਆਂ ਤੈਅ ਕਰਦਾ ਹੈ।ਸਜ਼ਾਯੋਗ ਪ੍ਰਬੰਧਾਂ ਲਈ ਪੁਲਿਸ ਵਿਭਾਗ ਕੋਲੋਂ ਪਿਛਲੇ



ਦਿਨੀਂ ਹੋਏ 18/19 ਕਤਲਾਂ ਦੀਆਂ ਵਾਰਦਾਤਾਂ ਦੀ ਤੁਰੰਤ ਜਾਂਚ ਕਰਨਤੇ ਇਨ੍ਹਾਂ ਕਤਲਾਂ ਦੀ ਜਾਂਚ ਵਿੱਚ ਕੁਤਾਹੀ ਵਰਤਣ ਵਾਲੇ ਪੁਲਿਸ ਅਫਸਰਾਂ ਦੀ ਪਛਾਣ ਕਰਨ ਅਤੇ ਸਸਪੈਂਡ ਕਰਨ ਦਾ ਕੰਮ ਨਵੀਂ ਫੋਰਸ ਏਜੀਟੀਐੱਫ ਦੀ ਟੀਮ ਨੂੰ ਸੌਂਪਿਆ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਪੁਲਿਸ ਕਮਿਸ਼ਨਰਾਂ (ਸੀਪੀਜ਼) ਅਤੇ ਸੀਨੀਅਰ ਪੁਲਿਸ ਸੁਪਰਡੈਂਟਸ (ਐੱਸਐੱਸਪੀਜ਼) ਨੂੰ ਨਿੱਜੀ ਤੌਰ ਉੱਤੇ ਗੈਂਗਸਟਰਾਂ ਵਿਰੁੱਧ ਲੜਾਈ ਦੇ ਆਪਰੇਸ਼ਨਾਂ ਤੇ ਪੁੱਛਗਿੱਛ ਵਿੱਚ ਮੁੱਖ ਭੂਮਿਕਾ ਨਿਭਾਉਣ ਨੂੰ ਕਿਹਾ ਹੈ।ਪੰਜਾਬ ਦੇ ਸਾਰੇ ਸੀਪੀਜ਼ ਅਤੇ ਐੱਸਐੱਸਪੀਜ਼ ਨੂੰ ਲਿਖੇ ਪੱਤਰ ਵਿੱਚਮੁੱਖ ਮੰਤਰੀ ਨੇ ਕਿਹਾ ਕਿ ਸਭ ਤੋਂ ਚੰਗਾ ਆਗੂ ਮੋਹਰੀ ਭੂਮਿਕਾ ਨਿਭਾ ਕੇ ਖੁਦ ਮਿਸਾਲ ਪੇਸ਼ ਕਰਦਾ ਹੁੰਦਾ ਹੈ ਅਤੇ ਪੰਜਾਬ ਪੁਲਿਸ ਦੀ ਪੇਸ਼ੇਵਰ ਪਹੁੰਚ ਤੇ ਦੇਸ ਸੇਵਾ ਦੀ ਪੁਰਾਣੀ ਮਹਾਨ ਪ੍ਰੰਪਰਾ ਹੈ। ਪੁਲਿਸ ਫੋਰਸਵਿੱਚ ਭਰੋਸਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਫੋਰਸ ਪੰਜਾਬ ਵਿੱਚੋਂ ਗੈਂਗਸਟਰਵਾਦ ਖਤਮ ਕਰਨ ਲਈ ਠੋਸ ਮੁਹਿੰਮ ਵਿੱਢੇਗੀ ਤੇ ਬਹਾਦਰ ਅਫਸਰ ਆਗੂ ਵਾਲੀ ਭੂਮਿਕਾ ਨਿਭਾਉਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਵੀਂ ਫੋਰਸਬਣਨ ਨਾਲ ਪੁਲਿਸ ਕਮਿਸ਼ਨਰੇਟ ਤੇ ਜ਼ਿਲਾ ਪੁਲਿਸਮੁਖੀਆਂ ਦੀ ਜ਼ਿੰਮੇਵਾਰੀ ਅਤੇ ਭੂਮਿਕਾ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੋਵੇਗੀ, ਉਹ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਅਪਰਾਧ ਕੰਟਰੋਲ ਤੇ ਕਾਨੂੰਨ ਵਿਵਸਥਾ ਕਾਇਮਰੱਖਣ ਲਈ ਨਿੱਜੀ ਤੌਰ ਉੱਤੇ ਜ਼ਿੰਮੇਵਾਰ ਹੋਣਗੇ।

# ਮਹਿੰਗਾਈ ਵਿਰੁੱਧ ਧਰਨਾ ਦੇਣ ਗਏ ਕਾਂਗਰਸੀ ਆਪਸ ਵਿੱਚ ਲੜ ਪਏ

ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਇਸ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੋਂ ਪੰਜਾਬ ਦੀ ਕਾਂਗਰਸ ਵਿੱਚ ਚੱਲਦਾ ਕਲੇਸ਼ ਮੁੱਕ ਨਹੀਂ ਰਿਹਾ ਅਤੇ ਹਾਲਤ ਹੋਰ ਵਿਗੜਦੀ ਦਿਖਾਈ ਦੇ ਰਹੀ ਹੈ।

ਇਸ ਪਾਰਟੀ ਦੇ ਪੰਜਾਬ ਯੂਨਿਟ ਦਾ ਕਲੇਸ਼ ਅੱਜ ਓਦੋਂ ਸਰੇਆਮ ਵੇਖਣ ਨੂੰ ਮਿਲਿਆ, ਜਦੋਂ ਅਸਮਾਨ ਛੂਹ ਰਹੀ ਮਹਿੰਗਾਈ ਵਿਰੁੱਧ ਚੰਡੀਗੜ੍ਹ ਵਿੱਚਪੰਜਾਬ ਕਾਂਗਰਸ ਦੇ ਦਫ਼ਤਰ ਵਿਖੇ ਮਹਿੰਗਾਈ ਦਾ ਵਿਰੋਧ ਪ੍ਰਗਟਾਉਣ ਲਈ ਕਾਂਗਰਸ ਦੇ ਆਗੂ ਇਕੱਠੇ ਹੋਏ।ਮਹਿੰਗਾਈ ਵਿਰੁੱਧ ਦਿੱਤੇ ਧਰਨੇ ਵਿੱਚ ਪੰਜਾਬ ਕਾਂਗਰਸ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰ-ਦਰ ਸਿੰਘ ਢਿੱਲੋਂ ਤੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਸਨ।ਓਥੇ ਨਵਜੋਤ ਸਿੰਘ ਸਿੱਧੂਤੇ ਬਰਿੰ-ਦਰ ਸਿੰਘ ਢਿੱਲੋਂ ਦੀ ਤਿੱਖੀ ਬਹਿਸ ਕਾਰਨ ਧਰਨਾ ਰੌਲੇ ਵਿੱਚ ਰੁਲ ਗਿਆ। ਅਸਲ ਵਿੱਚ ਕਾਂਗਰਸ ਦੇ ਧਰਨੇ ਵਿੱਚ



ਬੋਲਦੇ ਨਵਜੋਤ ਸਿੰਘ ਸਿੱਧੂ ਨੇ ਕਹਿ ਦਿੱਤਾ ਕਿ ਉਹ ਈਮਾਨਦਾਰ ਹਨ, ਜਦਕਿ ਕਾਂਗਰਸ ਵਿੱਚ ਕਈ ਬੇਈਮਾਨ ਹਨ। ਇਸ ਉੱਤੇ ਬਰਿੰਦਰ ਢਿੱਲੋਂ ਤੈਸ਼ਵਿੱਚ ਆ ਗਏ ਤੇ ਨਵਜੋਤ ਸਿੰਘਸਿੱਧੂ ਨੂੰ ਬੇਈਮਾਨ ਆਗੂਆਂ ਦੇ ਨਾਂਅ ਦੱਸਣ ਨੂੰ ਕਿਹਾ।ਕਾਂਗਰਸੀ ਆਗੂਆਂ ਦੀ ਇਹ ਬਹਿਸ ਇੰਨੀ ਵਧੀ ਕਿ ਦੋਵਾਂ ਧੜਿਆਂ ਦੇ ਵਰਕਰਾਂ ਨੇ ਆਪੋਵਿੱਚ ਇੱਕ-ਦੂਜੇ ਵਿਰੁੱਧ ਨਾਹਰੇ ਸ਼ੁਰੂ ਕਰ ਦਿੱਤੇ ਤੇ ਮਹਿੰਗਾਈ ਦਾ ਮੁੱਦਾ ਰੁਲ ਕੇ ਰਹਿ ਗਿਆ।

# ਇਮਰਾਨ ਖ਼ਾਨ ਨੂੰ ਜ਼ਬਰਦਸਤ ਝਟਕਾ: ਪਾਕਿ ਸੁਪਰੀਮ ਕੋਰਟ ਨੇ ਨੈਸ਼ਨਲ ਅਸੈਂਬਲੀ ਬਹਾਲ ਕੀਤੀ

*** ਬੇਭਰੋਸਗੀ ਮਤੇ ਉੱਤੇ 9 ਅਪ੍ਰੈਲ ਨੂੰ ਵੋਟਿੰਗ ਹੋਵੇਗੀ**

ਇਸਲਾਮਾਬਾਦ, 7 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨਵਿਚਲੇ ਸਿਆਸੀ ਉਥਲ-ਪੁਥਲ ਉੱਤੇ ਵੀਰਵਾਰ ਰਾਤ ਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਦੇਸ਼ ਦੀ ਪਾਰਲੀਮੈਂਟ ਭੰਗ ਕਰਨਨੂੰ ਗਲਤ ਕਰਾਰਦੇ ਕੇ ਨੈਸ਼ਨਲ ਅਸੈਂਬਲੀ ਦੇ ਡਿਪਟੀ ਸਪੀਕਰ ਦੇ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰਦਿੱਤਾ ਅਤੇ ਅਸੈਂਬਲੀ ਫਿਰ ਬਹਾਲ ਕਰਦਿੱਤੀ ਹੈ ਤੇ ਇਸ ਦੇ ਬਾਅਦ ਬੇਭਰੋਸਗੀ ਮਤੇ ਉੱਤੇਕੌਮੀ ਅਸੈਂਬਲੀ 9 ਅਪ੍ਰੈਲ ਨੂੰ ਬਾਕਾਇਦਾ ਵੋਟਿੰਗ ਕਰੇਗੀ।

ਅੱਜ ਵੀਰਵਾਰ ਸ਼ਾਮ ਆਏ ਸੁਪਰੀਮ ਕੋਰਟ ਦੇ ਫੈਸਲੇ ਤੋਂ ਪਹਿਲਾਂ ਇੱਕ ਖਬਰ ਚੈਨਲ ਨੇ ਜਾਣਕਾਰ ਸੂਤਰਾਂ ਦਾ ਹਵਾਲਾ ਦੇ ਕੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਕੋਰਟ ਦੇ ਫੈਸਲੇ ਤੋਂ ਪਹਿਲਾਂ ਆਪਣੀ ਕਾਨੂੰਨੀ ਟੀਮ ਨਾਲ ਅਹਿਮ ਮੀਟਿੰਗ ਕੀਤੀ ਅਤੇ ਕਿਹਾ ਕਿ ਪਾਕਿ-ਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਅਦਾਲਤ ਦਾ ਹਰ ਫੈਸਲਾ ਮੰਨੇਗੀ।ਉਸ ਪਿੱਛੋਂ ਆਏ ਫੈਸਲੇ ਵਿੱਚ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਸਾਫ ਕਿਹਾ ਕਿ ਨੈਸ਼ਨਲ ਅਸੈਂਬਲੀ ਵਿੱਚ



ਡਿਪਟੀ ਸਪੀਕਰ ਵੱਲੋਂ 3 ਅਪ੍ਰੈਲ ਨੂੰ ਬੇਭਰੋਸਗੀ ਮਤਾ ਰੱਦ ਕਰਨ ਦਾ ਫੈਸਲਾ ਗੈਰ ਸੰਵਿਧਾਨਕ ਸੀ। ਫੈਸਲੇ ਤੋਂ ਪਹਿਲਾਂ ਚੀਫ਼ ਜਸਟਿਸ ਉਮਰ ਅਤਾ ਬੰਦਿਆਲ ਨੇ ਕਹਿ ਦਿੱਤਾ ਸੀ ਕਿ ਨੈਸ਼ਨਲ ਅਸੈਂਬਲੀ ਦੇਡਿਪਟੀ ਸਪੀਕਰ ਦਾਫੈਸਲਾ ਦੇਸ਼ ਦੇ ਸੰਵਿਧਾਨ ਦੀ ਧਾਰਾ 95 ਦੀ ਉਲੰਘਣਾ ਕਰਦਾ ਜਾਪਦਾ ਹੈ।ਅਦਾਲਤੀ ਬੈਂਚ ਵਿੱਚੋਂ ਇੱਕ ਜੱਜ ਜਸਟਿਸ ਜਮਾਲ ਖਾਨ ਮੰਡੋਖੇਲ ਨੇ ਕਿਹਾ ਕਿ ਡਿਪਟੀ ਸਪੀਕਰ ਵੱਲੋਂ 3 ਅਪ੍ਰੈਲ ਨੂੰ ਦਿੱਤੇ ਆਦੇਸ਼ ਉੱਤੇ ਸਪੀਕਰ ਅਸਦ ਕੈਸਰ ਦੇ ਦਸਤਖ਼ਤ ਸਨ, ਕਾਸਿਮ ਸੂਰੀ ਦੇ ਦਸਖਤ ਵੀ ਨਹੀਂ ਸਨ। ਅਦਾਲਤ ਵੱਲੋਂਫੈਸਲਾ ਸੁਣਾਉਣ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਬਾਹਰ ਸੁਰੱਖਿਆ ਸਖ਼ਤ ਕੀਤੀ ਗਈ ਤੇ ਵਾਧੂ ਫੋਰਸ ਬੁਲਾਈ ਗਈ ਸੀ ਅਤੇ ਉਹੀ ਅਦਾਲਤ ਵੱਲ ਜਾ ਸਕਦਾ ਸੀ, ਜਿਸ ਕੋਲ ਲਿਖਤੀ ਹੁਕਮ ਜਾਂ ਜਿਸ ਦਾ ਕਿਸੇ ਚੱਲ ਰਹੇ ਕੇਸ ਨਾਲ ਸਬੰਧ ਹੋਵੇ।

ਅਦਾਕਤੂ ਫੈਸਲੇ ਦੀ ਉਡੀਕਦੌਰਾਨ ਇਮਰਾਨ ਖਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵਿਰੋਧੀ ਧਿਰ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇਮਰਾਨ ਖਾਨ ਦੀ ਵਧਦੀ ਸ਼ਖਸੀਅਤ ਹਜ਼ਮ ਨਹੀਂ ਹੋਈ, ਇਸ ਲਈ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ। ਲਾਈਵ ਪ੍ਰੈਸ ਕਾਨਫਰੰਸ ਮੌਕੇ ਕੁਰੈਸ਼ੀ ਨੇ ਘਟਨਾਵਾਂ ਦੀ ਲੜੀ ਗਿਣਾ ਕੇ ਵਿਰੋਧੀ ਧਿਰ ਦੇ ਸਾਰੇ ਦੋਸ਼ ਰੱਦ ਕੀਤੇ ਅਤੇ ਬਰਸਲਜ਼ਵਿੱਚ ਪਾਕਿਸਤਾਨ ਦੇ ਰਾਜਦੂਤਵਿਰੁੱਧ ਉਠਾਏ ਸਵਾਲਾਂ ਨੂੰ ਰੱਦ ਕਰ ਦਿੱਤਾ। ਪੱਤਰਕਾਰਾਂ ਨੂੰ ਕੁਰੈਸ਼ੀ ਨੇ ਕਿਹਾ ਕਿ ਅਮਰੀਕਾ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਰੂਸ ਦੌਰੇ ਉੱਤੇ ਸਵਾਲ ਕੀਤੇ, ਜੋ ਉਚਿਤ ਨਹੀਂ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਆਜ਼ਾਦ ਦੇਸ਼ ਹੈ ਤੇ ਇਸ ਦੇ ਯੂਕਰੇਨ ਨਾਲ ਵੀ ਚੰਗੇ ਸਬੰਧ ਹਨ, ਪ੍ਰਧਾਨ ਮੰਤਰੀ ਦੇ ਰੂਸ ਦੌਰੇ ਦਾ ਯੂਕਰੇਨ ਨਾਲ ਕੋਈ ਲੈਣਾ-ਦੇਣਾ ਨਹੀਂ, ਅਮਰੀਕਾ ਨੂੰ ਇਸ ਵਿੱਚ ਦਖਲ ਨਹੀਂ ਦੇਣਾ ਚਾਹੀਦਾ ਸੀ।

## ਭਗਵੰਤ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਅਪੀਲ

# ਗੁਰਬਾਣੀ ਕੀਰਤਨ ਦੇ ਪ੍ਰਸਾਰਨ ਲਈ ਪੰਜਾਬ ਸਰਕਾਰ ਨੂੰ ਆਗਿਆ ਦੇ ਦਿਓ

*** ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਮੰਤਰੀ ਦੇ ਬਿਆਨ ਦਾ ਤਿੱਖਾ ਵਿਰੋਧ**

ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਾਜ ਸਰਕਾਰ ਵੱਲੋਂ ਅਪੀਲ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਧੁਨਿਕ ਪ੍ਰਸਾਰਨ /ਸੰਚਾਰ ਤਕਨੀਕਾਂ ਨਾਲ ਗੁਰਬਾਣੀ ਪ੍ਰਸਾਰਨ ਦੀ ਆਗਿਆ ਰਾਜ ਸਰਕਾਰ ਨੂੰ ਦੇ ਦਿੱਤੀ ਜਾਵੇ।

ਇਸ ਬਾਰੇ ਕੀਤੀ ਉਚੇਚੀ ਅਪੀਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਸਰਬ ਸਾਂਝੀ ਗੁਰਬਾਣੀ' ਦੇ ਦੁਨੀਆਂ ਵਿੱਚ ਪਸਾਰ ਲਈ ਪੰਜਾਬ ਸਰਕਾਰ ਹਰ ਸੰਭਵ ਮਦਦ ਦੇਵੇਗੀ ਤਾਂ ਜੋ 'ਸਰਬੱਤ ਦੇ ਭਲੇ' ਦਾ ਇਲਾਹੀ ਸੰਦੇਸ਼ ਦੁਨੀਆ ਭਰ ਦੇ ਲੋਕਾਂ ਤੀਕ ਪੁਚਾਇਆ ਜਾਵੇ।ਉਨ੍ਹਾ ਕਿਹਾ ਕਿ ਸਰਕਾਰ ਇਸ ਕੰਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਸੌਂਪੀ ਹਰ ਸੇਵਾ ਨਿਭਾਉਣ ਨੂੰ ਤਿਆਰ ਹੈ। ਇੱਕ ਵੀਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਗੁਰਬਾਣੀ ਦਾ ਇਲਾਹੀ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪੁਚਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਇੱਕੋ ਚੈਨਲ ਤੱਕ ਰੱਖਣ ਦੀ ਥਾਂ ਸੈਟੇਲਾਈਟ ਟੀਵੀ ਸਣੇ ਸੰਚਾਰ ਦੇ ਵੱਖ-ਵੱਖ ਪਲੇਟਫਾਰਮਾਂ ਰੇਡੀਓ, ਐੱਫਐੱਮ, ਸੋਸ਼ਲ ਮੀਡੀਆ ਅਤੇ ਮੋਬਾਈਲ ਐਪਸ ਉੱਤੇ ਪ੍ਰਸਾਰਤ ਕੀਤਾ ਜਾਵੇ ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਕਾਰਜ ਲਈ ਪੰਜਾਬ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਨਵੀਨਤਮ ਬੁਨਿਆਦੀ ਢਾਂਚਾ/ ਤਕਨੀਕ ਲਾਉਣ ਦੀ



ਪੇਸ਼ਕਸ਼ ਕੀਤੀ, ਜਿਸ ਵਿੱਚ ਨਵੀਨਤਮ ਕੈਮਰੇ ਅਤੇ ਪ੍ਰਸਾਰਨ ਸਾਮਾਨ ਸ਼ਾਮਲ ਹਨ।ਇਸ ਤੋਂ ਇਲਾਵਾ ਪ੍ਰਸਾਰਨ ਦੇ ਹੋਰ ਡਿਜੀਟਲ ਮਾਧਿਅਮ, ਜਿਵੇਂ ਯੂ-ਟਿਊਬ, ਮੋਬਾਈਲ ਐਪਸ, ਧਾਰਮਿਕ ਚੈਨਲ ਜਾਂ ਕੋਈ ਹੋਰ ਚੈਨਲ, ਜੋ ਇੱਕੋ ਚੈਨਲ ਦੀ ਥਾਂ ਵੱਖ-ਵੱਖ ਤਕਨੀਕਾਂ ਵਰਤ ਕੇ ਗੁਰਬਾਣੀ ਪ੍ਰਸਾਰਨ ਕਰਨਾ ਚਾਹੁੰਦੇ ਹੋਣ, ਲਈ ਵੀ ਸਰਕਾਰ ਲੋੜੀਂਦਾ ਸਾਜੋ ਸਮਾਨ ਅਤੇ ਤਕਨੀਕੀ ਸਹਾਇਤਾ ਦੇਣ ਲਈ ਤਿਆਰ ਹੈ ਤਾਂ ਜੋ ਸਰਬ ਸਾਂਝੀ ਬਾਣੀ ਨੂੰ ਦੁਨੀਆ ਭਰ ਵਿੱਚ ਪੁਚਾਇਆ ਜਾ ਸਕੇ ਅਤੇ ਸਰਕਾਰ ਇਸ ਦਾ ਖਰਚਾ ਚੁੱਕਣ ਲਈ ਤਿਆਰ ਹੈ।

ਪੰਜਾਬ ਦੇ ਮੁੱਖ ਮੰਤਰੀ ਦੀ ਅਪੀਲ ਮਗਰੋਂ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਰਕਾਰ ਗੁਰੂ ਘਰਾਂ ਦੇ ਮਾਮਲਿਆਂ ਵਿੱਚ ਦਖ਼ਲ ਨਾ ਦੇਵੇ।ਉਨ੍ਹਾ ਕਿਹਾ ਕਿ ਸਰਕਾਰ ਦੇ ਕਾਰਜ ਆਪਣੇ ਹਨ, ਧਰਮ ਖੇਤਰ ਦਾ ਕਾਰਜ ਆਪਣਾ ਹੈਅਤੇ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਨੁਮਾਇੰਦਾ ਜਥੇਬੰਦੀ ਹੈ, ਜੋ ਗੁਰਦੁਆਰਾ ਸਾਹਿ-ਬਾਨ ਦੇ ਪ੍ਰਬੰਧ ਦੇ ਨਾਲ ਧਰਮ ਪ੍ਰਚਾਰ ਲਈ ਸਰਗਰਮ ਹੈ।ਉਨ੍ਹਾ ਕਿਹਾ ਕਿ ਬੀਤੇਦਿਨੀਂ ਹੋਏ ਸੈਸ਼ਨਅਤੇ ਉਸ ਤੋਂ ਪਹਿਲਾਂ ਸਰਕਾਰ ਨੂੰ ਕਈ ਵਾਰ ਅਪੀਲ ਕੀਤੀ ਸੀ ਕਿ ਘੰਟਾ ਘਰ ਵੱਲ ਪਹਿਲਾਂ ਹੋਏ ਸੁੰਦਰੀਕਰਨ ਵਾਂਗ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਬਾਕੀ ਰਸਤਿਆਂ ਦਾ ਸੁੰਦਰੀਕਰਨ ਕੀਤਾ ਜਾਵੇ।ਇਸ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੀ ਕਰੋੜਾਂ ਰੁਪਏ ਦੀ ਐੱਸ ਸੀ ਸਕਾਲਰਸ਼ਿਪ ਸਰਕਾਰ ਵੱਲ ਰੁਕੀ ਹੋਈ ਹੈ, ਉਹ ਜਾਰੀ ਕਰਨ ਅਤੇ ਏਡਿਡ ਸਕੂਲਾਂ ਦੇ ਸਟਾਫ ਬਾਰੇ ਲਟਕੇ ਮੁੱਦੇ ਹੱਲ ਕਰਨ ਦੀ ਅਪੀਲ ਕਰ ਚੁੱਕੇ ਹਾਂ, ਪਰ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਸਰਕਾਰ ਦੇ ਕਰਨ ਵਾਲੇ ਇਨ੍ਹਾਂ ਕੰਮਾਂ ਵੱਲ ਧਿਆਨ ਦੇਣ, ਸਿਆਸਤ ਨਾ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਗੁਰਬਾਣੀ ਪ੍ਰਸਾਰਨ ਦੀ ਗੱਲ ਕੀਤੀ ਹੈ, ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਯਤਨ ਆਰੰਭ ਕੀਤੇ ਹੋਏ ਹਨ।

# ਚੰਡੀਗੜ੍ਹ ਨਿਗਮ ਹਾਊਸ ਵੱਲੋਂ ਚੰਡੀਗੜ੍ਹ ਨੂੰ ਯੂ ਟੀ ਕਾਇਮ ਰੱਖਣ ਦਾ ਮਤਾ ਪਾਸ

ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਵੱਲੋਂ ਚੰਡੀਗੜ੍ਹ ਉੱਤੇਆਪੋ-ਆਪਣਾ ਹੱਕ ਜਤਾਉਣ ਲਈ ਆਪਣੀਆਂ ਵਿਧਾਨ ਸਭਾਵਾਂ ਦੇ ਵਿਸ਼ੇਸ਼ ਸੈਸ਼ਨ ਕਰ ਕੇ ਮਤੇ ਪਾਸ ਕਰਨ ਤੋਂ ਬਾਅਦ ਅੱਜ ਇਸ ਬਾਰੇ ਚੰਡੀਗੜ੍ਹ ਦੀ ਨਗਰਨਿਗਮ ਨੇ ਵੀ ਨਿਗਮ ਹਾਊਸ ਦੀ ਵਿਸ਼ੇਸ਼ ਮੀਟਿੰਗ ਸੱਦ ਕੇ ਮਤਾ ਪਾਸ ਕਰ ਦਿੱਤਾ ਹੈ ਕਿ ਚੰਡੀਗੜ੍ਹ ਦੇ ਸ਼ਹਿਰ ਨੂੰ ਅੱਜ ਵਾਂਗ ਹੀ ਯੂਨੀਅਨ ਟੈਰੀਟਰੀ (ਯੂ ਟੀ) ਵਜੋਂ ਕਾਇਮ ਰੱਖਿਆ ਜਾਵੇ।

ਅੱਜ ਵੀਰਵਾਰ ਸਵੇਰੇ ਨਗਰ ਨਿਗਮ ਦੀ ਮੀਟਿੰਗ ਸ਼ੁਰੂ ਹੋਈ ਤਾਂ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਸ਼ਹਿਰਵਿੱਚ ਪਾਣੀ ਦੇ ਵਧੇ ਰੇਟਾਂ ਦਾ ਮੁੱਦਾ ਉਠਾਇਆ, ਜਦਕਿ ਭਾਜਪਾ ਕੌਂਸਲਰਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਚੰਡੀਗੜ੍ਹ ਦਾ ਅਹਿਮ ਮੁੱਦਾ ਵਿਚਾਰਿਆ ਜਾਵੇ। ਇਸ ਮੌਕੇ ਆਮ ਆਦਮੀ ਪਾਰਟੀ, ਅਕਾਲੀ ਦਲ ਅਤੇ ਕਾਂਗਰਸੀ ਕੌਂਸਲਰਾਂ ਨੇ ਭਾਜਪਾ ਦੇ ਚੰਡੀਗੜ੍ਹਬਾਰੇਮਤੇ ਉੱਤੇ ਚਰਚਾ ਕਰਨ ਦੀ ਥਾਂ ਹਾਊਸਵਿੱਚਅਹੰਗਾਮਾ ਕੀਤਾਅਤੇ ਬਾਅਦ ਵਿੱਚ ਇਸ ਰੌਲੇ ਦੌਰਾਨ ਆਮ ਆਦਮੀ ਪਾਰਟੀ, ਕਗਰਸ ਤੇ ਅਕਾਲੀ ਦਲ ਦੇ ਕੌਂਸਲਰਾਂ ਨਿਗਮ ਸਦਨਤੋਂ ਵਾਕਆਊਟ ਕਰ ਦਿੱਤਾ। ਪਿੱਛੇ ਰਹਿ ਗਏ ਭਾਜਪਾ ਦੇ 13 ਕੌਂਸਲਰਾਂ ਵਲੋਂ ਚੰਡੀਗੜ੍ਹ ਨੂੰ ਯੂ ਟੀਰੱਖਣ ਦਾ ਮਤਾ ਪਾਸ ਕਰ ਦਿੱਤਾ ਗਿਆ।

ਨਗਰ ਨਿਗਮ ਹਾਊਸਵਿੱਚ ਇਸ ਮਤੇ ਉੱਤੇ ਭਾਜਪਾ ਕੌਂਸਲਰ ਹਰਪ੍ਰੀਤ ਕੌਰ ਬਬਲਾ ਨੇ ਕਿਹਾ ਕਿ ਚੰਡੀਗੜ੍ਹ ਦਾ ਮੁੱਦਾ ਏਥੋਂ ਦੇ ਵਾਸੀਆਂ ਤੋਂ ਇਲਾਵਾ ਬੱਚਿਆਂ ਦੇ ਭਵਿੱਖ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਨੂੰ ਚੰਡੀਗੜ੍ਹ ਸੌਂਪਣ ਦਾ ਭਾਜਪਾ ਕੌਂਸਲਰਾਂ ਕਰੜਾ ਵਿਰੋਧ ਕਰਦੇ ਹਨ। ਇਸਦੀ ਹਮਾਇਤ ਵਿੱਚ ਭਾਜਪਾ ਦੇ ਕੌਂਸਲਰਾਂ ਨੇ ਕਿਹਾ ਕਿ ਉਹ ਚੰਡੀਗੜ੍ਹ ਨੂੰ ਕਿਸੇ ਵੀ ਰਾਜ ਦਾ ਹਿੱਸਾ ਨਹੀਂ ਬਣਨ ਦੇਣਗੇ। ਕੌਂਸਲਰ ਹਰਪ੍ਰੀਤ ਕੌਰ ਬੱਬਲਾ ਨੇ ਕਿਹਾ ਕਿ



ਅਸੀਂ ਚੰਡੀਗੜ੍ਹ ਦੀ ਲੜਾਈ ਲੜ ਰਹੇ ਹਾਂ ਅਤੇ ਜੇ ਸਾਨੂੰ ਭੁੱਖ ਹੜਤਾਲ ਕਰਨੀ ਪਈ ਤਾਂ ਪਿੱਛੇ ਹਟਣ ਦਾ ਸਵਾਲ ਪੈਦਾ ਨਹੀਂ ਹੁੰਦਾ, ਇਸ ਮੁੱਦੇ ਉੱਤੇ ਭਾਜਪਾ ਦੇ ਕੌਂਸਲਰ ਜੇਲ੍ਹ ਜਾਣ ਨੂੰ ਵੀ ਤਿਆਰ ਹਨ।

ਮੀਟਿੰਗ ਵਿੱਚ ਭਾਜਪਾ ਤੇ ਆਮ ਆਦਮੀ ਪਾਰਟੀ ਦੇ ਕੌਂਸਲਰ ਉਦੋਂ ਆਪੋਵਿੱਚ ਉਲਝ ਗਏ, ਜਦੋਂ ਚੰਡੀਗੜ੍ਹ ਦੇ ਮੁੱਦੇ ਉੱਤੇ ਲਿਆਂਦੇ ਮਤੇ ਦਾ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਵਿਰੋਧ ਕੀਤਾ। ਇਸ ਮੌਕੇ ਕਾਂਗਰਸੀ ਕੌਂਸਲਰਾਂ ਨੇ ਚੁੱਪ ਰੱਖੀ ਤੇ ਉਨ੍ਹਾਂ ਕਿਸੇ ਚਰਚਾਵਿੱਚ ਹਿੱਸਾ ਨਹੀਂ ਲਿਆ। ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਭਾਜਪਾ ਦੀ ਮੇਅਰ ਸਰਬਜੀਤ ਕੌਰ ਉੱਤੇ ਦਬਾਅ ਪਾਇਆ ਕਿ ਪਹਿਲਾਂ ਪਾਣੀ ਦੇ ਵਧੇ ਰੇਟਾਂ ਦੀ ਗੱਲ ਕਰਨ, ਪਰ ਭਾਜਪਾ ਕੌਂਸਲਰਾਂ ਨੇ ਕਿਹਾ ਕਿ ਇਹ ਮਤਾ ਚੰਡੀਗੜ੍ਹ ਦੇ 13 ਲੱਖ ਲੋਕਾਂ ਦੇ ਭਵਿੱਖ ਦਾ ਏਜੰਡਾ ਹੈ, ਜਿਸ ਉੱਤੇ ਪਹਿਲਾਂ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ ਕਿਸੇ ਕੀਮਤ ਉੱਤੇ ਪੰਜਾਬ ਤੇ ਹਰਿਆਣਾਵਿੱਚ ਨਹੀਂ ਜਾਣਦਿੱਤਾ ਜਾਵੇਗਾ।

ਆਮ ਆਦਮੀ ਪਾਰਟੀ ਦੇ ਚੰਡੀਗੜ੍ਹ ਦੇ ਕਨਵੀਨਰ ਪ੍ਰੇਮ ਗਰਗ ਦਾ ਇਹ ਕਹਿਣਾ ਹੈ ਕਿ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਨੂੰ ਨਾਲ ਲੈ ਕੇ ਕੇਂਦਰ ਸਰਕਾਰ ਨੂੰ ਇਸ ਦਾ ਪੱਕਾ ਹੱਲ ਕੱਢਣਾ ਚਾਹੀਦਾ ਹੈ। ਕਾਂਗਰਸ ਨੇ ਨਿਗਮ ਦੇ ਮਤੇ ਨੂੰ ਹਰਿਆਣਾ ਅਤੇ ਪੰਜਾਬ ਸਰਕਾਰਾਂ ਦੀ ਕਾਪੀ ਕਰਾਰ ਦਿੱਤਾ ਹੈ।

# ਡਾਇਨਾਸੋਰਾਂ ਤੋਂ ਪਿਛੋਂ ਕਾਕਰੋਚ ਬਚੇ ਰਹੇ ਸਨ, ਪਰ ਕੀ ਇਨਸਾਨਾਂ ਦੇ ਬਾਅਦ ਵੀ...

ਲੰਡਨ, 7 ਅਪ੍ਰੈਲ (ਪੋਸਟ ਬਿਊਰੋ)- ਕਾਕਰੋਚ ਧਰਤੀ ਉੱਤੇ 6.60 ਕਰੋੜ ਸਾਲ ਪਹਿਲਾਂ ਹੋਏ ਐਸਟ੍ਰਾਈਡ ਹਮਲੇ ਵਿੱਚ ਬਚ ਗਏ ਸਨ, ਜਦੋਂ ਹਮਲੇ ਵਿੱਚ ਡਾਇਨਾਸੋਰਾਂ ਦੀ ਸਾਰੀ ਆਬਾਦੀ ਖਤਮ ਹੋ ਗਈ। ਧਰਤੀ ਉੱਤੇ ਹਜ਼ਾਰਾਂ ਕਿਲੋਮੀਟਰ ਦੂਰ ਤਕ ਜਵਾਲਾਮੁਖੀ ਫਟ ਪਏ ਅਤੇ ਤੂਫਾਨ ਆ ਗਿਆ ਸੀ। ਧਰਤੀ ਤੋਂ ਤਿੰਨ-ਚੌਥਾਈ ਦਰਖਤ-ਪੌਦੇ ਅਤੇ ਜਾਨਵਰ ਮਾਰੇ ਗਏ ਸਨ, ਪਰ ਕਾਕਰੋਚ ਬਚ ਗਏ ਸਨ। ਸਵਾਲ ਇਹ ਹੈ ਕਿ ਕੀ ਅਗਲੇ ਤੂਫਾਨ ਵਿੱਚ ਧਰਤੀ ਤੋਂ ਇਨਸਾਨਾਂ ਦੀ ਨਸਲ ਖਤਮ ਹੋ ਜਾਏਗੀ, ਤਾਂ ਕੀ ਕਾਕਰੋਚ ਤਦ ਵੀ ਜੀਉਂਦੇ ਰਹਿਣਗੇ?

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਧਮਾਕੇ ਨਾਲ ਸਾਰੇ ਜੀਵ ਮਾਰੇ ਗਏ, ਉਸ ਤੋਂ ਇਹ ਇੱਕ-ਦੋ ਇੰਚ ਲੰਬੇ ਜੀਵ ਕਿਵੇਂ ਬਚ ਗਏ। ਸਟੱਡੀ ਵਿੱਚ ਪਤਾ ਲੱਗਾ ਹੈ ਕਿ ਕਾਕਰੋਚ ਇਸ ਤਰ੍ਹਾਂ ਦੀ ਕੁਦਰਤੀ ਤਕਨੀਕ ਨਾਲ ਤਿਆਰ ਹੋਏ ਹਨ ਕਿ ਉਹ ਖਤਰਨਾਕ ਹਾਲਾਤਾਂ ਵਿੱਚ ਖੁਦ ਨੂੰ ਬਚਾ ਲੈਂਦੇ ਹਨ। ਜੇ ਕਾਕਰੋਚ ਨੂੰ ਧਿਆਨ ਨਾਲ ਦੇਖਿਆ ਹੋਵੇ ਤਾਂ ਤੁਹਾਨੂੰ ਦਿਸੇਗਾ ਕਿ ਉਨ੍ਹਾਂ ਦਾ ਸਰੀਰ ਬੇਹੱਦ ਫਲੈਟ ਹੁੰਦਾ ਹੈ। ਇਹ ਕਿਸੇ ਹਾਦਸੇ ਦੀ ਕਾਰਨ ਨਹੀਂ ਹੋਇਆ ਹੈ। ਫਲੈਟ ਯਾਨੀ ਚਪਟੇ ਜੀਵ ਖੁਦ ਨੂੰ ਬੇਹੱਦ ਤੰਗ ਜਗ੍ਹਾ ਉੱਤੇਲੁਕਾ ਲੈਂਦੇ ਹਨ। ਇਹ ਕਿਤੇ ਵੀ ਲੁਕ ਸਕਦੇ ਹਨ। ਜਦ ਧਰਤੀ ਨਾਲ ਉਲਕਾ ਪਿੰਡ ਟਕਰਾਇਆ ਤਦ ਧਰਤੀ ਦਾ ਤਾਪਮਾਨ ਤੇਜ਼ੀ ਨਾਲ ਵਧਿਆ।ਓਦੋਂ ਮੌਜੂਦ ਜੀਵ-ਜੰਤੂਆਂ ਕੋਲ ਭੱਜਣ ਦੇ ਲਈ ਕੋਈ ਜਗ੍ਹਾ ਨਹੀਂ ਬਚੀ, ਪਰ ਕਾਕਰੋਚ ਨੂੰ ਜ਼ਮੀਨ ਵਿੱਚ ਪਤਲੀ ਤੋਂ ਪਤਲੀ ਜਗ੍ਹਾ ਵਿੱਚ ਲੁਕਣ ਦੀ ਥਾਂ ਮਿਲ ਗਈ, ਜਿਸ ਤੋਂ ਉਨ੍ਹਾਂ ਨੂੰ ਇਸ ਭਿਆਨਕ ਗਰਮੀ ਤੋਂ ਬਚਾਅ ਮਿਲ ਗਿਆ। ਕਾਕਰੋਚ ਕੁਝ ਵੀ ਖਾ ਲੈਂਦੇ ਹਨ ਇਸ ਲਈ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਹੋਈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization


BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਵਾਅਦਿਆਂ ਵਿੱਚ ਭਾਰੀ, ਅਰਥਾਂ ਵਿੱਚ ਹਲਕਾ-2022 ਬੱਜਟ

ਇਤਿਹਾਸ ਵਿੱਚ ਉਹ ਪਲ ਵੀ ਆਉਂਦੇ ਹਨ ਜਦੋਂ ਹਰ ਕਿਸੇ ਨੂੰ ਯੂ-ਟਰਨ ਮਾਰਨ ਦੀ ਮਜਬੂਰੀ ਬਣ ਆਉਂਦੀ ਹੈ। ਇਹ ਗੱਲ ਉਸ ਵੇਲੇ ਸੱਚ ਹੁੰਦੀ ਜਾਪੀ ਜਦੋਂ ਆਪਣੇ 2022 ਦੇ ਬੱਜਟ ਭਾਸ਼ਣ ਵਿੱਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਪਾਰਲੀਮੈਂਟ ਵਿੱਚ ਕਬੂਲ ਕੀਤਾ, 'ਕੋਵਿਡ 19 ਦੇ ਮਾਰੂ ਅਸਰਾਂ ਤੋਂ ਬਚਣ ਲਈ ਜੋ ਪੈਸੇ ਸਰਕਾਰ ਨੇ ਖਰਚ ਕੀਤੇ, ਉਹਨਾਂ ਨੇ ਸਾਡਾ ਖਜਾਨਾ ਖਾਲੀ ਕਰ ਦਿੱਤਾ ਹੈ। ਸਾਡੀ ਖਰਚੇ ਕਰਨ ਦੀ ਸਮਰੱਥਾ ਅਨੰਤ ਕਾਲ ਤੱਕ ਬਣੀ ਨਹੀਂ ਰਹਿ ਸਕਦੀ'। ਇਸ ਸਾਲ ਲਿਬਰਲ ਸਰਕਾਰ ਨੇ ਕਿਆਸ ਕੀਤਾ ਹੈ ਕਿ ਫੈਡਰਲ ਬੱਜਟ ਵਿੱਚ 52.8 ਬਿਲੀਅਨ ਡਾਲਰ ਦਾ ਘਾਟਾ ਰਹੇਗਾ ਜੋ ਕਿ ਪਿਛਲੇ ਸਾਲ ਨਾਲੋਂ ਤਕਰੀਬਨ ਅੱਧਾ ਹੋਵੇਗਾ। ਸਰਸਰੀ ਵੇਖਿਆਂ ਜਾਪਦਾ ਹੈ ਕਿ ਸਰਕਾਰ ਨੇ ਇਸ ਸਾਲ ਖਰਚੇ ਕਰਨ ਵੱਲ ਥੋੜਾ ਘੱਟ ਧਿਆਨ ਦਿੱਤਾ ਹੈ ਪਰ ਹਾਲ ਵਿੱਚ ਹੀ ਲਿਰਬਲ ਪਾਰਟੀ ਦੇ ਐਨ ਡੀ ਪੀ ਨਾਲ ਹੋਏ ਸਵੰਬਰ ਦਾ ਨਤੀਜਾ ਪੈੜ ਪੈੜ ਉੱਤੇ ਇਸ ਸਾਲ ਵੇਖਣ ਨੂੰ ਮਿਲਦਾ ਰਹੇਗਾ। ਅਨੁਮਾਨ ਹੈ ਕਿ ਐਨ ਡੀ ਪੀ ਦੇ ਦਬਾਅ ਕਾਰਣ ਸਰਕਾਰ ਨੂੰ 15 ਬਿਲੀਅਨ ਡਾਲਰ ਵਧੇਰੇ ਖਰਚਣੇ ਹੋਣਗੇ।

ਲਾਜ਼ਮੀ ਸੀ ਕਿ ਕੋਵਿਡ 19 ਦੇ ਪ੍ਰਭਾਵਾਂ ਤੋਂ ਇਕਾਨਮੀ ਨੂੰ ਬਾਹਰ ਕੱਢਣ ਲਈ ਬੱਜਟ ਵਿੱਚ ਗੱਲਾਂ ਕੀਤੀਆਂ ਜਾਂਦੀਆਂ। ਜੇ ਸਿਰਫ ਬੱਜਟ ਨੂੰ ਸੰਜਮੀ ਬਣਾਉਣ ਲਈ ਬੱਜਟ ਕਿਤਾਬ ਦੇ ਪੰਨਿਆਂ ਦਾ ਰੋਲ ਹੋਵੇ ਤਾਂ ਇਸ ਸਾਲ ਕ੍ਰਿਸਟੀਆ ਫਰੀਲੈਂਡ ਦੇ ਬੱਜਟ ਦੇ ਪੰਨੇ ਪਿਛਲੇ ਸਾਲ ਨਾਲੋਂ ਅੱਧੇ ਤੋਂ ਵੀ ਘੱਟ ਸਨ। ਇਸਦਾ ਅਰਥ ਇਹ ਨਹੀਂ ਕਿ 52.8 ਬਿਲੀਅਨ ਘਾਟੇ ਦੇ ਬੱਜਟ ਵਿੱਚ ਲਿਬਰਲ ਸਰਕਾਰ ਨੇ ਖਰਚਿਆਂ ਨੂੰ ਨੱਥੀ ਪਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ। ਅਸਲ ਵਿੱਚ ਸਰਕਾਰ ਦੇ ਸਵੈ ਦੇ ਉੱਦਮ ਨਾਲੋਂ ਕੈਨੇਡੀਅਨ ਇਕਾਨਮੀ ਦੇ ਮੁੜ ਸੁਰਜੀਤ ਹੋਣ ਦੀਆਂ ਨਿਸ਼ਾਨੀਆਂ ਦਾ ਸਰਕਾਰ ਦੀ ਪਿੱਠ ਨੂੰ ਮਜ਼ਬੂਤ ਕਰਨ ਦੀਆਂ ਵਧੇਰੇ ਸੰਭਾਵਨਾ ਹੈ।

ਬੇਸ਼ੱਕ ਬੱਜਟ ਨੂੰ 'ਹਾਊਸਿੰਗ ਬੱਜਟ' ਆਖ ਕੇ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਹਕੀਕਤ ਵਿੱਚ ਨਵੀਂ ਉਮਰ ਦੇ ਕੈਨੇਡੀਅਨ ਨੌਜਵਾਨਾਂ ਨੂੰ ਮਕਾਨ ਖਰੀਦਣਾ ਹਾਲੇ ਵੀ ਉਨਾ ਹੀ ਔਖਾ ਹੋਵੇਗਾ ਜਿੰਨਾ ਕਿ ਪਹਿਲਾਂ ਸੀ। ਬੱਜਟ ਵਿੱਚ ਟੈਕਸ ਫਰੀ ਫਸਟ ਹੋਮ ਸੇਵਿੰਗਜ਼ ਅਕਾਊਂਟ (Tax Free First Home Savings Account) ਦੀ ਸਹੂਲਤ ਰੱਖੀ ਗਈ ਹੈ ਜਿਸ ਉੱਤੇ ਆਰ ਆਰ ਐਸ ਪੀ (RRSP TFSA) ਅਤੇ ਟੀ ਐਫ ਐਸ ਏ (TFSA ) ਵਰਗੇ ਲਾਭ ਪ੍ਰਾਪਤ ਹੋਣਗੇ। ਇਸ ਅਕਊਂਟ ਵਿੱਚ 40 ਹਜ਼ਾਰ ਡਾਲਰ ਤੱਕ ਬਚਾਏ ਜਾ ਸੱਕਣਗੇ। ਨੌਜਵਾਨਾਂ ਖੁਸ਼ ਹੋਣ ਦੀ ਥਾਂ ਖਿਆਲ ਰੱਖਣਾ ਹੋਵੇਗਾ ਕਿ ਇਹ ਸਹੂਲਤ ਅਗਲੇ ਸਾਲ 2023 ਵਿੱਚ ਸ਼ੁਰੂ ਹੋਵੇਗੀ। ਦੂਜਾ ਹਰ ਸਾਲ ਸਿਰਫ਼ 8 ਹਜ਼ਾਰ ਡਾਲਰ ਹੀ ਜਮ੍ਹਾ ਕਰਵਾਏ ਜਾ ਸਕਦੇ ਹਨ ਅਤੇ ਵੱਧ ਤੋਂ ਵੱਧ 90 ਹਜ਼ਾਰ ਡਾਲਰ ਹੀ ਜਮ੍ਹਾ ਹੋ ਸਕੱਣਗੇ। ਜੇ ਕੋਈ ਯੁਵਕ ਅਗਲੇ ਪੰਜ ਸਾਲਾਂ ਵਿੱਚ 90 ਹਜ਼ਾਰ ਡਾਲਰ ਜਮ੍ਹਾ ਕਰੇਗਾ ਤਾਂ 2028 ਵਿੱਚ 90 ਹਜ਼ਾਰ ਨਾਲ ਉਹ ਕਿਹੋ ਜਿਹੇ ਮਕਾਨ ਦੀ ਡਾਊਨ ਪੇਅਮੈਂਟ ਕਰ ਸਕੇਗਾ?

ਸਰਕਾਰ ਵੱਲੋਂ ਵਿਦੇਸ਼ੀ ਨਾਗਰਿਕਾਂ ਅਤੇ ਵਿਦੇਸ਼ੀ ਕੰਪਨੀਆਂ ਵੱਲੋਂ ਕੈਨੇਡਾ ਵਿੱਚ ਮਕਾਨ ਖਰੀਦਣ ਉੱਤੇ ਦੋ ਸਾਲ ਤੱਕ ਰੋਕ ਲਾਉਣ ਦੀ ਗੱਲ ਚੰਗੀ ਜਾਪਦੀ ਹੈ। ਸ਼ੁਕਰ ਹੈ ਕਿ ਇਸ ਵਿੱਚ ਇੰਟਰਨੈਸ਼ਨਲ ਸਟੂਡੈਂਟ, ਰਿਫਿਊਜੀਆਂ ਅਤੇ ਟੈਂਪਰੇਰੀ ਫਾਰਨ ਵਰਕਰਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਸਾਲ 1.7 ਬਿਲੀਅਨ ਡਾਲਰ ਵੱਡੀਆਂ ਕੰਪਨੀਆਂ ਨੂੰ ਈਮਿਸ਼ਨ ਫਰੀ ਕਾਰਾਂ ਬਣਾਉਣ ਲਈ ਦਿੱਤੇ ਜਾਣਗੇ ਅਤੇ 400 ਮਿਲੀਅਨ ਡਾਲਰ ਇਹਨਾਂ ਕਾਰਾਂ ਨੂੰ ਚਾਰਜ ਕਰਨ ਵਾਲੇ ਸਟੇਸ਼ਨਾਂ ਉੱਤੇ ਖਰਚੇ ਜਾਣਗੇ।

ਰੂਸ ਦੇ ਯੂਕੇਰਨ ਉੱਤੇ ਹਮਲੇ ਨੇ ਸਰਕਾਰ ਨੂੰ 8 ਬਿਲੀਅਨ ਡਾਲਰ ਨਿਰਧਾਰਤ ਕਰਨ ਲਈ ਉਤਸ਼ਾਹਿਤ ਕੀਤਾ ਹੈ। ਇਸ ਵਿੱਚੋਂ 6.1 ਬਿਲੀਅਨ ਡਾਲਰ ਅਗਲੇ ਪੰਜ ਸਾਲਾਂ ਵਿੱਚ ਨਿਵੇਸ਼ ਕੀਤੇ ਜਾਣਗੇ ਅਤੇ 1.4 ਬਿਲੀਅਨ ਡਾਲਰ ਹੋਰ ਖਰਚਿਆਂ ਲਈ ਰੱਖੇ ਗਏ ਹਨ। ਯੂਕਰੇਨ ਨੂੰ ਸਿੱਧੀ ਮਦਦ ਦੇਣ ਲਈ 500 ਮਿਲੀਅਨ ਡਾਲਰ ਰਾਂਖਵੇ ਕੀਤੇ ਗਏ ਹਨ।

ਇਸ ਸਾਲ ਨਵਾਂ ਡੈਂਟਲ ਪ੍ਰੋਗਰਾਮ ਆਰੰਭ ਕੀਤਾ ਜਾਵੇਗਾ ਜਿਸ ਵਿੱਚ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਉੱਤੇ 300 ਮਿਲੀਅਨ ਖਰਚ ਕੀਤੇ ਜਾਣਗੇ। ਇਹ ਸਹੂਲਤ 90 ਹਜ਼ਾਰ ਡਾਲਰ ਪ੍ਰਤੀ ਸਾਲ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਉਪਲਬਧ ਹੋਵੇਗੀ ਅਤੇ 70 ਹਜ਼ਾਰ ਡਾਲਰ ਤੱਕ ਆਮਦਨ ਵਾਲੇ ਪਰਿਵਾਰਾਂ ਨੂੰ ਕੋਈ ਪੱਲਿਓਂ ਖਰਚਾ ਨਹੀਂ ਉਠਾਉਣ ਪਵੇਗਾ। 2025 ਤੱਕ ਵਿੱਚ ਵਿੱਚ ਸੀਨੀਅਰ, ਅਪਾਹਜ ਸ਼ਾਮਲ ਕੀਤੇ ਜਾਣਗੇ ਅਤੇ 2025 ਤੱਕ ਯੋਜਨਾ ਉੱਤੇ ਹਰ ਸਾਲ 1.7 ਬਿਲੀਅਨ ਡਾਲਰ ਖਰਚ ਹੋਣਗੇ।

# ਮਨੁੱਖੀ ਅਧਿਕਾਰ ਕੌਂਸਲ ਤੋਂ ਰੂਸ ਨੂੰ ਬਾਹਰ ਕਰਨ ਦਾ ਮਤਾ ਪਾਸ

...ਪੰਨਾ 1 ਦਾ ਬਾਕੀ

ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਦੀ ਅਗਵਾਈਨੇ ਇਹ ਮਤਾ ਯੂਕਰੇਨਵਿੱਚਰੂਸੀ ਫੌਜਾਂ ਵੱਲੋਂ ਸਥਾਨਕ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਲਿਆਂਦਾ ਸੀ।ਯੂ ਐੱਨ ਓਵਿੱਚ ਭਾਰਤ ਦੇ ਸਥਾਈ ਦੂਤ ਟੀਐੱਸ ਤਿਰੁਮੂਰਤੀ ਨੇ ਕਿਹਾ ਕਿ ਯੂ ਐੱਨ ਜਨਰਲ ਅਸੈਂਬਲੀਵਿੱਚਮਨੁੱਖੀ ਅਧਿਕਾਰ ਕੌਂਸਲ ਤੋਂ ਰੂਸਨੂੰਸਸਪੈਂਡ ਕਰਨ ਦੇ ਮਤੇਵਾਸਤੇਵੋਟਿੰਗ ਤੋਂ ਭਾਰਤ ਨੇ ਪ੍ਰਹੇਜ਼ ਕੀਤਾ ਹੈ।ਉਨ੍ਹਾਂ ਕਿਹਾ ਕਿ ਅਸੀਂ ਵਿਗੜਦੀ ਸਥਿਤੀਬਾਰੇ ਡੂੰਘਾਈ ਨਾਲ ਚਿੰਤਤ ਹਾਂ ਅਤੇ ਅਮਨ ਕਾਇਮ ਹੋਣਦਾ ਸੱਦਾ ਦੁਹਰਾਉਂਦੇ ਹਾਂ। ਨਿਰਦੋਸ਼ ਮਨੁੱਖੀ ਜਾਨ ਦਾਅ ਉੱਤੇ ਲੱਗੀਆਂ ਹੋਣ ਤਾਂ ਡਿਪਲੋਮੇਸੀ ਹੀ ਵਿਹਾਰਕ ਤਰੀਕਾ ਹੋ ਸਕਦੀ ਹੈ।ਯੂਕਰੇਨ ਵਿੱਚਆਮ ਲੋਕਾਂ ਦੇ ਕਤਲਾਂ ਦੀਆਂ ਤਾਜ਼ਾ ਰਿਪੋਰਟਾਂ ਪ੍ਰੇਸ਼ਾਨ ਕਰਦੀਆਂ ਹਨ। ਅਸੀਂ ਇਨ੍ਹਾਂ ਕਤਲਾਂ ਦੀ ਸਾਫ ਨਿੰਦਾ ਕੀਤੀ ਤੇ ਇਸ ਸਾਰੇ ਕੁਝ ਦੀ ਆਜ਼ਾਦ ਜਾਂਚ ਦੀ ਮੰਗ ਦਾ ਸਮਰਥਨ ਕਰਦੇ ਹਾਂ।
ਇਸ ਦੌਰਾਨ ਅੱਜ ਅਮਰੀਕੀ ਸੈਨੇਟ ਨੇ ਯੂਕਰੇਨ ਉੱਤੇ ਹਮਲੇ ਕਾਰਨਰੂਸ ਨਾਲ ਆਮ ਜਿਹੇ ਵਪਾਰਕ ਸਬੰਧਾਂ ਨੂੰ ਸਸਪੈਂਡ ਕਰਨ ਤੇ ਰੂਸੀ ਤੇਲ ਦੀ ਇੰਪੋਰਟ ਉੱਤੇ ਪਾਬੰਦੀ ਲਾਉਣ ਵਾਲੇ ਦੋ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤੇ। ਸੈਨੇਟ ਨੇ ਦੋਵਾਂ ਬਿੱਲਾਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਹੈ।

## ਪਤੀ ਨਾਲ ਐਕਟਿਵਾ ਉੱਤੇ ਜਾਂਦੀ ਔਰਤ ਦੀਆਂ ਵਾਲੀਆਂ ਝਪਟੀਆਂ

ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਬੀਤੇ ਦਿਨੀਂ ਮਕਸੂਦਾਂ ਮੰਡੀ ਤੋਂ ਪਤੀ ਨਾਲ ਐਕਟਿਵਾ ਉੱਤੇ ਜਾ ਰਹੀ ਔਰਤ ਦੇ ਕੰਨਾਂ ਦੀਆਂ ਵਾਲੀਆਂ ਝਪਟ ਕੇ ਬਾਈਕ ਵਾਰ ਲੁਟੇਰੇ ਫਰਾਰ ਹੋ ਗਏ। ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਮਕਸੂਦਾਂ ਪੁਲ ਨੇੜੇ ਰਹਿਣ ਵਾਲੀ ਸੁਖਜੀਤ ਕੌਰ ਨੇ ਦੱਸਿਆ ਕਿ ਉਹ ਆਪਣੇ ਪਤੀ ਨਾਲ ਮਕਸੂਦਾਂ ਮੰਡੀ ਵਿੱਚ ਕੱਲ੍ਹ ਸਵੇਰੇ ਸਬਜ਼ੀ ਲੈਣ ਗਈ ਸੀ। ਜਦ ਉਹ ਵਾਪਸ ਆ ਰਹੀ ਸੀ ਤਾਂ ਮਕਸੂਦਾਂ ਬਿਜਲੀ ਘਰ ਸਾਹਮਣੇ ਬਾਈਕ ਸਵਾਰ ਲੁਟੇਰੇ ਆਏ ਤੇ ਉਸ ਦੇ ਕੰਨ ਵਿੱਚੋਂ ਵਾਲੀਆਂ ਝਪਟ ਕੇ ਫਰਾਰ ਹੋ ਗਏ। ਔਰਤ ਦੇ ਪਤੀ ਟਹਿਲ ਸਿੰਘ ਨੇ ਦੱਸਿਆ ਕਿ ਦੋਵਾਂ ਨੌਜਵਾਨਾਂ ਦੀ ਉਮਰ ਕਰੀਬ ਵੀਹ ਸਾਲ ਲੱਗਦੀ ਸੀ। ਦੋਸ਼ੀਆਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਫਰਾਰ ਹੋਣ ਵਿੱਚ ਕਾਮਯਾਬ ਰਹੇ। ਪੁਲਸ ਕੰਟਰੋਲ ਰੂਮ ਵਿੱਚ ਫੋਨ ਕੀਤਾ ਗਿਆ, ਪਰ ਸੰਪਰਕ ਨਹੀਂ ਹੋ ਸਕਿਆ। ਜਿਸ ਦੇ ਬਾਅਦ ਪੀੜਤ ਪਰਵਾਰ ਨੇ ਮਾਮਲੇ ਦੀ ਸ਼ਿਕਾਇਤ ਥਾਣਾ 1 ਵਿੱਚ ਪਹੁੰਚ ਕੇ ਦਰਜ ਕਰਾ ਦਿੱਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬ ਦੀ ਜਿੱਤ ਤੋਂ ਉਤਸ਼ਾਹਤ ਕੇਜਰੀਵਾਲ ਅਤੇ ਭਗਵੰਤ ਮਾਨ ਦਾ ਹਿਮਾਚਲ ਵਿੱਚ ਰੋਡ ਸ਼ੋਅ

* ਹਿਮਾਚਲ ਦੇ ਲੋਕਾਂ ਨੂੰ ਕਿਹਾ: ਇਕ ਮੌਕਾ ਸਾਨੂੰ ਦਿਓ



ਮੰਡੀ, (ਹਿਮਾਚਲ ਪ੍ਰਦੇਸ਼), 7 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀਹੂੰਝਾ-ਫੇਰ ਜਿੱਤ ਦੇ ਬਾਅਦ ਇਸ ਪਾਰਟੀ ਦੀ ਲੀਡਰਸ਼ਿਪ ਨੇ ਹਿਮਾਚਲ ਪ੍ਰਦੇਸ਼ ਵਿੱਚਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਹਿਮਾਚਲ ਪ੍ਰਦੇਸ਼ ਦੇ ਮੰਡੀਸ਼ਹਿਰ ਵਿੱਚ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਿਲ ਕੇ ਰੋਡ ਸ਼ੋਅਕੱਢਿਆ।

ਵਰਨਣ ਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਇਸ ਸਾਲ ਦੇ ਅੰਤ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜੋੜੀ ਨੇ ਅੱਜ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਪ੍ਰਮੁੱਖ ਸ਼ਹਿਰ ਮੰਡੀ ਵਿੱਚ ਤਿਰੰਗਾ ਯਾਤਰਾ ਕੱਢ ਕੇ ਸ਼ਕਤੀ ਪ੍ਰਦਰਸ਼ਨ ਕੀਤਾ। ਇਸ ਦੌਰਾਨ ਤਿਰੰਗੇ ਝੰਡੇ ਲਹਿਰਾਏ ਗਏ ਤੇ ਰੋਡ ਸ਼ੋਅ ਵਿੱਚਸ਼ਹੀਦੇ ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਮਨਪਸੰਦਗੀਤ'ਮੇਰਾ ਰੰਗ ਦੇ ਬਸਤੀ ਚੋਲਾ...' ਵੀ ਲਗਾਤਾਰ ਗੂੰਜਦਾ ਰਿਹਾ। ਕੇਜਰੀਵਾਲ ਅਤੇ ਭਗਵੰਤ ਮਾਨ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਦੇ ਆਪਣੇ ਜ਼ਿਲੇ ਮੰਡੀ ਤੋਂ ਚੋਣਾਂ ਦਾ ਸੰਖ ਪੂਰਿਆ ਤੇ ਇਸ ਮੌਕੇ ਦੋਵਾਂ ਆਗੂਆਂ ਨੇ ਇਸ ਰਾਜ ਦੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਾਰੀ ਇੱਕ ਮੌਕਾ ਸਾਨੂੰ ਆਮ ਆਦਮੀ ਪਾਰਟੀ ਨੂੰ ਦਿਓ।

ਰੋਡ ਸ਼ੋਅ ਦੌਰਾਨ ਆਮ ਆਦਮੀ ਪਾਰਟੀ ਦੇ ਸਮਰਥਕਾਂ ਦੀ ਵੱਡੀ ਗਿਣਤੀ ਵਿੱਚ ਇਕੱਠੀ ਹੋਈ ਭੀੜ ਨੂੰ ਸੰਬੋਧਨ ਕਰਦਿਆਂ ਇਸ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, ''ਪਹਿਲਾਂ ਅਸੀਂ ਦਿੱਲੀ ਅਤੇ ਫਿਰ ਪੰਜਾਬ ਵਿੱਚ ਭ੍ਰਿਸ਼ਟਾਚਾਰ ਮਿਟ-ਾਇਆ ਹੈ, ਇਸ ਦੇ ਬਾਅਦ ਹਿਮਾਚਲ ਪ੍ਰਦੇਸ਼ ਤੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜ ਸੁੱਟਣ ਦਾ ਸਮਾਂ ਆ ਗਿਆ ਹੈ। ਸਾਨੂੰ ਅਜੇ ਤੱਕ ਰਾਜਨੀਤੀ ਕਰਨੀ ਨਹੀਂ ਆਈ। ਸਾਨੂੰ ਸਕੂਲ, ਹਸਪਤਾਲ ਬਣਾਉਣੇ ਆਉਂਦੇ ਹਨ। ਸਾਨੂੰ ਭ੍ਰਿਸ਼ਟਾਚਾਰ ਖਤਮ ਕਰਨਾ ਆਉਂਦਾ ਹੈ।'' ਇਸ ਦੇ ਹੁੰਗਾਰੇ ਵਿੱਚ ਲੋਕਾਂ ਦੇ ਨਾਅਰੇ ਗੂੰਜਦੇ ਰਹੇ।
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ''ਪੰਜਾਂ ਸਾਲ ਪਿੱਛੋਂ ਆਪਣੇ ਆਪ ਵਾਰੀ ਆ ਜਾਂਦੀ ਹੈ, ਇਸ ਵਾਰੀ ਭਗਵਾਨ ਨੇ ਸਿਆਸੀ ਗੰਦਗੀ ਸਾਫ ਕਰਨ ਲਈ 'ਝਾੜੂ' ਭੇਜਿਆ ਹੈ।ਤੁਸੀਂ ਬੁਨਿਆਦੀ ਸਹੂਲਤਾਂ ਦੇ ਲਈ ਵੋਟ ਪਾਓ। ਜਦੋਂ ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜੇ ਆਏ ਤਾਂ ਭਾਜਪਾ ਅਤੇ ਕਾਂਗਰਸ ਕਲੀਨ ਬੋਲਡ ਹਨ। 20 ਦਿਨ ਹੋਏ ਪੰਜਾਬ ਵਿੱਚ ਸਾਡੀ ਸਰਕਾਰ ਬਣਿਆਂ, ਕੰਮ ਕਰਨ ਵਾਲੀ ਨੀਤ ਹੋਣੀ ਚਾਹੀਦੀ ਹੈ, ਇਨ੍ਹਾਂ ਦੀ ਨੀਤ ਨਹੀਂ ਸੀ।ਉਸ ਰਾਜ ਵਿੱਚ ਦੋਵੇਂ ਪਾਰਟੀਆਂ ਪਰਿਵਾਰਵਾਦ ਨੂੰ ਹੱਲਾਸ਼ੇਰੀ ਦੇ ਰਹੀਆਂ ਸਨ, ਲੋਕਾਂ ਨੂੰ ਸਾਨੂੰ ਹਮਾਇਤ ਦੇ ਦਿੱਤੀ ਹੈ।

ਇਸ ਵਾਰੀ ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਤੇ ਕਾਂਗਰਸ ਵਿਚਾਲੇ ਆਮ ਕਰ ਕੇ ਸਿੱਧਾ ਮੁਕਾਬਲਾ ਸਮਝਿਆ ਜਾ ਰਿਹਾ ਹੈ। ਇੱਥੇ ਮੁੱਖ ਮੰਤਰੀ ਜੈਰਾਮ ਠਾਕੁਰ ਦੀ ਅਗਵਾਈ ਵਿੱਚਇਸ ਵਕਤ ਭਾਜਪਾ ਸਰਕਾਰ ਹੈ। ਹਿਮਾਚਲ ਦੀ 68 ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਦੇ 43, ਕਾਂਗਰਸ ਦੇ 22 ਅਤੇ 2 ਮੈਂਬਰ ਵਿਧਾਇਕ ਹਨ। ਆਮ ਆਦਮੀ ਪਾਰਟੀ ਦੇ ਪੱਖ ਵਿੱਚ ਅਚਾਨਕ ਹੀ ਹਵਾ ਮਹਿਸੂਸ ਕੀਤੀ ਜਾਣ ਲੱਗ ਪਈ ਹੈ।

# ਵਿਧਾਨ ਸਭਾ ਵਿੱਚ ਬਾਈਕਾਟ ਕਰਨ ਪਿੱਛੋਂ ਪੰਜਾਬ ਦੀ ਭਾਜਪਾ ਪੰਜਾਬ ਦੇ ਪੱਖ ਵਿੱਚ ਵੀ ਬੋਲ ਪਈ

* ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਹੈ, ਪੰਜਾਬ ਨੂੰ ਮਿਲਣਾ ਚਾਹੀਦੈ : ਭਾਜਪਾ



ਸੰਗਰੂਰ, 7 ਅਪਰੈਲ, (ਪੋਸਟ ਬਿਊਰੋ)- ਅੱਜ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਦੇ ਸਿਆਸੀ ਸਟੈਂਡ ਵਿੱਚ ਅਚਾਨਕ ਇੱਕ ਨਵੀਂ ਤਬਦੀਲੀ ਵੇਖਣ ਨੂੰ ਮਿਲੀ ਹੈ। ਪੰਜਾਬ ਵਿਧਾਨ ਸਭਾ ਵਿੱਚ ਚੰਡੀਗੜ੍ਹ ਦੇ ਮੁੱਦੇ ਉੱਤੇ ਵਿਸ਼ੇਸ਼ ਸੈਸ਼ਨ ਦੌਰਾਨ ਪਾਸੇ ਕੀਤੇ ਗਏ ਮਤੇ ਦੇ ਵਿਰੋਧ ਪਿੱਛੋਂ ਅੱਜ ਪੰਜਾਬ ਦੀ ਭਾਜਪਾ ਨੇ ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਦੱਸ ਕੇ ਇਹ ਕਹਿ ਦਿੱਤਾ ਹੈ ਕਿ ਇਹ ਸ਼ਹਿਰ ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ।

ਵਿਧਾਨ ਸਭਾ ਚੋਣ ਨਤੀਜੇ ਪਿੱਛੋਂ ਹਰ ਜ਼ਿਲ੍ਹੇ ਦਾ ਦੌਰਾ ਕਰ ਰਹੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਸ ਜ਼ਿਲੇ ਦੇ ਪਾਰਟੀ ਦੇ ਆਗੂਆਂ ਤੇ ਵਰਕਰਾਂ ਨਾਲ ਬੈਠਕ ਕੀਤੀ। ਇਸ ਮੌਕੇ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਿਉਂਕਿ ਸਾਡੀ ਪਾਰਟੀ ਦੀ ਪਰੰਪਰਾ ਹੈ ਕਿ ਸਿਰਫ਼ ਚੋਣਾਂ ਦਿਨਾਂ ਵਿੱਚ ਕੰਮ ਨਹੀਂ ਕਰਦੀ, ਪੂਰਾ ਸਮਾਂ ਵਰਕਰਾਂ ਤੇ ਲੋਕਾਂ ਦੇ ਨਾਲ ਰਹਿੰਦੀ ਹੈ, ਇਸ ਲਈ ਮੈਂ ਅੱਜ ਏਥੇ ਆਇਆ ਹੈ।ਇਸ ਪਿੱਛੋਂ ਪ੍ਰੈੱਸ ਕਾਨਫਰੰਸ ਵਿੱਚ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੇ ਏਕੇ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਵਿੱਚ ਸਾਡੀ ਅਹਿਮ ਭੂਮਿਕਾ ਰਹੀ ਹੈ।ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜੇਬਾਰੇ ਉਨ੍ਹਾਂ ਕਿਹਾ ਕਿ ਇਸ ਚੋਣ ਦੌਰਾਨਭਾਜਪਾ ਨੂੰ ਮਿਲੀ ਵੋਟ ਫੀਸਦੀ ਦੱਸਦੀ ਹੈ ਕਿ ਇਸ ਰਾਜ ਵਿੱਚ ਆਉਣ ਵਾਲਾ ਸਮਾਂ ਭਾਜਪਾ ਦਾ ਹੈ।
ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਵਿਅੰਗ ਕਰਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਸਰਕਾਰ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਬੂ ਕਰਨ ਵਿੱਚ ਅਸਫ਼ਲ ਸਾਬਤ ਹੋ ਰਹੀ ਹੈ। ਬੀਤੇ ਦਿਨਾਂ ਵਿੱਚ ਤਿੰਨ ਕਬੱਡੀ ਖਿਡਾਰੀਆਂ ਦਾ ਕਤਲ ਹੋ ਜਾਣਾ ਚਿੰਤਾ ਦਾ ਵਿਸ਼ਾਹੈ, ਪਰ ਆਮ ਆਦਮੀ ਪਾਰਟੀ ਦੇ ਵਿਧਾਇਕ ਖ਼ੁਦ ਦਖ਼ਲ ਦੇ ਕੇ ਟਰੱਕ ਯੂਨੀਅਨਾਂ ਉੱਤੇ ਕਬਜ਼ੇ ਕਰਨ ਜੁੱਟੇ ਹੋਏ ਹਨ, ਟਰੱਕ ਯੂਨੀਅਨਾਂ ਦੇ ਪ੍ਰਧਾਨ ਟਰੱਕ ਆਪ੍ਰੇਟਰਾਂ ਦੀ ਸਹਿਮਤੀ ਨਾਲ ਬਣਨੇ ਚਾਹੀਦੇ ਹਨ, ਸਿਆਸੀ ਦਖ਼ਲ ਨਹੀਂ ਚਾਹੀਦਾ।ਸਾਰੇ ਭਾਰਤ ਤੇ ਪੰਜਾਬ ਵਿੱਚ ਵਧ ਰਹੀਆਂ ਤੇਲ ਦੀਆਂ ਕੀਮਤਾਂ ਬਾਰੇ ਪੁੱਛੇ ਜਾਣ ਤੇ ਉਨ੍ਹਾਂਕਿਹਾ ਕਿ ਰੂਸ-ਯੂਕਰੇਨ ਦੇ ਯੁੱਧ ਕਾਰਨ ਅੰਤਰਰਾਸ਼ਟਰੀ ਪੱਧਰ ਉੱਤੇ ਕੀਮਤਾਂ ਪ੍ਰਭਾਵਤ ਹੋਈਆਂ ਹਨ, ਜਦ ਯੁੱਧ ਦੇ ਹਾਲਾਤ ਠੀਕ ਹੋ ਗਏ ਤਾਂ ਤੇਲ ਦੀਆਂ ਕੀਮਤਾਂ ਵਿੱਚ ਸੁਧਾਰ ਹੋ ਜਾਵੇਗਾ।
ਇਸ ਮੌਕੇ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਵਿੱਚ ਵੀ ਧਰਨੇ ਮੁਜ਼ਾਹਰੇ ਹੋ ਰਹੇ ਹਨ, ਕਿਉਂਕਿ ਪਹਿਲਾਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਨਾਂ ਉੱਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੁੰਮਰਾਹ ਕੀਤਾ ਸੀ ਅਤੇ ਫਿਰ ਉਨ੍ਹਾਂ ਦੀ ਸਾਰ ਨਹੀਂ ਲੈ ਰਹੇ, ਇਸ ਕਰਕੇ ਸਰਕਾਰ ਦੀ ਕਹਿਣੀ ਅਤੇ ਕਥਨੀਦਾ ਫ਼ਰਕ ਉਨ੍ਹਾਂ ਦੇ ਮੂਹਰੇ ਆ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਸ਼ਹਿਰ ਬਾਰੇ ਵਿਧਾਨ ਸਭਾ ਵਿੱਚ ਪਾਸ ਕਰਾਏਮਤੇ ਦੇ ਸਵਾਲ ਦੇ ਜਵਾਬ ਵਿੱਚਭਾਜਪਾ ਪ੍ਰਧਾਨ ਨੇ ਕਿਹਾ ਕਿ ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਹੈ, ਭਾਜਪਾ ਪਹਿਲਾਂਹੀ ਇਸ ਦੇ ਹੱਕ ਵਿੱਚ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਦੇਣਾ ਚਾਹੀਦਾ ਹੈ।ਵਰਨਣ ਯੋਗ ਹੈ ਕਿ ਬੀਤੀ ਇੱਕ ਅਪ੍ਰੈਲ ਨੂੰ ਬੁਲਾਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਚੰਡੀਗੜ੍ਹ ਦੇ ਮੁੱਦੇ ਉੱਤੇ ਸਰਕਾਰ ਨੇ ਇੱਕ ਮਤਾ ਲਿਆਂਦਾ ਸੀ, ਜਿਸ ਦਾ ਹੋਰਸਭ ਪਾਰਟੀਆਂ ਨੇ ਸਮੱਰਥਨ ਕੀਤਾ ਸੀ, ਪਰ ਭਾਜਪਾ ਨੇ ਓਦੋਂ ਇਸ ਦਾ ਬਾਈਕਾਟ ਕੀਤਾ ਸੀ। ਪੰਜਾਬ ਭਾਜਪਾ ਪ੍ਰਧਾਨ ਦਾ ਚੰਡੀਗੜ੍ਹ ਬਾਰੇ ਦਿੱਤਾ ਗਿਆ ਇਹ ਨਵਾਂ ਬਿਆਨ ਸਿਆਸੀ ਤੌਰ ਉੱਤੇ ਕਈ ਮਾਅਨੇ ਰੱਖਦਾ ਹੈ।

# ਲੁਟੇਰਿਆਂ ਨੇ ਨਣਾਨ-ਭਰਜਾਈ ਨੂੰ ਐਕਟਿਵਾ ਤੋਂ ਸੁੱਟ ਕੇ ਕੁੱਟਿਆ ਤੇ ਲੁੱਟਿਆ

ਅਲਾਵਲਪੁਰ, 7 ਅਪ੍ਰੈਲ (ਪੋਸਟ ਬਿਊਰੋ)- ਬਾਈਕ ਸਵਾਰ ਲੁਟੇਰਿਆਂ ਨੇ ਦਿਨ ਦਿਹਾੜੇ ਨਨਾਣ-ਭਰਜਾਈ ਨੂੰ ਲੁੱਟ ਲਿਆ ਤੇ ਜਦੋਂ ਦੋਵਾਂ ਔਰਤਾਂ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੁੱਟ ਕੇ ਦੋਸ਼ੀ ਫਰਾਰ ਹੋ ਗਏ।

ਪੀੜਤ ਔਰਤ ਦਿਸ਼ਾ ਪਤਨੀ ਲਖਬੀਰ ਸਿੰਘ ਪਿੰਡ ਮੁਰਾਦਪੁਰ ਦੀ ਇੱਕ ਬਾਂਹ ਨਹੀਂ ਹੈ। ਉਸ ਦੇ ਮੁਤਾ-ਬਕ ਉਹ ਬੀਤੀ ਸ਼ਾਮ ਐਕਟਿਵਾ ਉੱਤੇ ਨਨਾਣ ਦੇ ਨਾਲ ਅਲਾਵਲਪੁਰ ਵਿੱਚ ਕਿਸੇ ਕੰਮ ਜਾ ਰਹੀ ਸੀ। ਦੌਲੀਕੇ ਟੀ-ਪੁਆਇੰਟ ਨੇੜੇ ਪਹੁੰਚੀ ਤਾਂ ਪਿੱਛੋਂ ਆਏ ਬਾਈਕ ਸਵਾਰ ਦੋ ਲੁਟੇਰਿਆਂ ਨੇ ਐਕਟਿਵਾ ਨੂੰ ਲੱਤ ਮਾਰ ਕੇ ਉਨ੍ਹਾਂ ਨੂੰ ਸੜਕ ਵਿਚਕਾਰ ਸੁੱਟ ਦਿੱਤਾ। ਫਿਰ ਇੱਕ ਲੁਟੇਰੇ ਨੇ ਨਨਾਣ ਉੱਤੇ ਪਿਸਤੌਲ ਤਾਣ ਦਿੱਤੀ ਤੇ ਦੂਸਰੇ ਨੇ ਮੇਰੀ ਗਰਦਨ ਉੱਤੇ ਦਾਤਰ ਰੱਖ ਦਿੱਤਾ ਅਤੇ ਗਲੇ ਵਿੱਚ ਪਾਈ ਸੋਨੇ ਦੀ ਚੇਨ ਤੇ ਪਰਸ ਖੋਹ ਲਿਆ। ਜਦੋਂ ਅੰਗੂਠੀਆਂ ਉਤਾਰਨ ਤੋਂ ਇਨਕਾਰ ਕੀਤਾ ਤਾਂ ਲੁਟੇਰੇ ਬੋਲੇ:'ਉਤਾਰ ਦਿਓ, ਨਹੀਂ ਤਾਂ ਉਂਗਲਾਂ ਕੱਟ ਦਿਆਂਗੇ।' ਵਿਰੋਧ ਕਰਨ ਉੱਤੇ ਲੁਟੇਰਿਆਂ ਨੇ ਉਸ ਦੇ ਪੇਟ ਵਿੱਚ ਲੱਤ ਵੀ ਮਾਰੀ। ਲੁਟੇਰੇ ਕਰੀਬ ਤੀਹ ਹਜ਼ਾਰ ਰੁਪਏ ਦੀ ਸੋਨੇ ਦੀ ਚੇਨ, ਪਰਸ ਵਿੱਚ ਰੱਖੇ ਪੰਜ ਹਜ਼ਾਰ ਰੁਪਏ, ਮੋਬਾਈਲ ਅਤੇ ਦੋ ਪਾਸਪੋਰਟ, ਦੋ ਬੈਂਕ ਦੀਆਂ ਕਾਪੀਆਂ, ਏ ਟੀ ਐਮ ਕਾਰਡ ਅਤੇ ਹੋਰ ਜ਼ਰੂਰੀ ਦਸਤਾਵੇਜ਼ ਲੈ ਕੇ ਫਰਾਰ ਹੋ ਗਏ। ਪੀੜਤਾਂ ਮੁਤਾਬਕ ਬਾਈਕ ਸਵਾਰ ਦੋਵੇਂ ਲੁਟੇਰੇ ਪਿੰਡ ਜਗਰਾਵਾ ਵੱਲੋਂ ਆਏ। ਦੋਵਾਂ ਦੀ ਉਮਰ 35 ਤੋਂ 40 ਸਾਲ ਹੋਵੇਗੀ।

# ਹਰਿਆਣਾ ਦਾ ਪੰਜਾਬ ਵਿਰੁੱਧ ਨਵਾਂ ਪੈਂਤੜਾ, ਭਾਖੜਾ ਨਹਿਰ ਦਾ ਬਦਲ ਤਿਆਰ ਕਰਨ ਦਾ ਮੁੱਦਾ ਕੱਢ ਲਿਆ



ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਅਜੇ ਤੱਕ ਸਤਲੁਜ-ਯਮੁਨਾ ਲਿੰਕ (ਐੱਸ ਵਾਈਐੱਲ) ਨਹਿਰ ਨਾਲ ਪੰਜਾਬ ਤੋਂ ਸਤਲੁਜ ਦਾ ਪਾਣੀ ਲੈਣ ਲਈ ਸੰਘਰਸ਼ ਕਰ ਰਹੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਇਸ ਦੇ ਬਾਅਦ ਭਾਖੜਾ ਮੇਨ ਲਾਈਨ (ਬੀਐੱਮਐੱਲ) ਨਹਿਰ ਵਾਸਤੇ ਵੀ ਪੈਂਤੜਾ ਮੱਲ ਲਿਆ ਹੈ।

ਹਰਿਆਣਾ ਸਰਕਾਰ ਨੇ 60 ਸਾਲ ਪੁਰਾਣੀ ਭਾਖੜਾ ਮੇਨ ਲਾਈਨ (ਬੀਐੱਮਐੱਲ) ਨਹਿਰ ਦਾ ਬਦਲ ਲੱਭਣ ਦੇ ਲਈ ਪੰਜਾਬ ਉੱਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਇਸ ਨਹਿਰ ਦੇ ਟੁੱਟਣ ਦੀ ਹਾਲਤ ਵਿਚ ਹਰਿਆਣਾ ਦੀ ਧਰਤੀ ਨੂੰ ਕਿਸੇ ਹੋਰ ਨਹਿਰ ਰਾਹੀਂ ਪਾਣੀ ਦੀ ਸਪਲਾਈ ਕੀਤੀ ਜਾਂਦੀ ਰਹੇ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਉੱਤੇ ਆਪਣਾ ਹੱਕ ਜਤਾਉਂਦੇ ਹੋਏ ਦੋਵਾਂ ਰਾਜਾਂ ਪੰਜਾਬ ਤੇ ਹਰਿਆਣਾ ਨੇ ਆਪੋ ਆਪਣੀ ਵਿਧਾਨ ਸਭਾ ਵਿੱਚ ਬੀਤੇ ਦਿਨੀਂ ਮਤਾ ਪਾਸ ਕੀਤਾ ਸੀ, ਜਿਸਨਾਲ ਸਿਆ-ਸਤ ਗਰਮਾ ਗਈ ਹੈ। ਇਸ ਦੌਰਾਨ ਅੱਜ ਬੁੱਧਵਾਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਰਿਆਣਾ ਦੇਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਵਿੱਖ ਵਿੱਚ ਜੇ ਕਦੀ ਬੀਐੱਮਐੱਲ ਨਹਿਰ ਟੁੱਟ ਜਾਵੇ ਤਾਂ ਪੰਜਾਬ ਦਾ ਵੱਡਾ ਹਿੱਸਾ ਪਾਣੀ ਵਿੱਚ ਡੁੱਬ ਜਾਵੇਗਾ, ਜਦਕਿ ਹਰਿਆਣਾ ਦਾ ਵੱਡਾ ਹਿੱਸਾ ਸੋਕੇ ਦੀ ਮਾਰ ਹੇਠ ਆ ਜਾਵੇਗਾ। ਇਸ ਲਈ ਭਾਖੜਾ ਮੇਨ ਲਾਈਨ ਦੀ ਇੱਕ ਬਦਲਵੀਂ ਨਹਿਰ ਸਮੇਂ ਸਿਰ ਤਿਆਰ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਜਿੱਥੋਂ ਤੱਕ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦਾ ਸਵਾਲ ਹੈ, ਮੈਂ ਸਾਫ ਕਹਾਂ ਕਿ ਸੁਪਰੀਮ ਕੋਰਟ ਦਾ ਫੈਸਲਾ ਹਰਿਆਣਾ ਦੇ ਹੱਕ ਵਿੱਚਸੀ ਤੇ ਸਿਰਫ਼ ਲਾਗੂ ਹੁਕਮਾਂ ਦੀਉਡੀਕ ਹੈ, ਜਿਸ ਤੋਂ ਪਤਾ ਚੱਲੇਗਾ ਕਿ ਕਿਹੜੀ ਏਜੰਸੀ ਇਸ ਨੂੰ ਬਣਾਏਗੀ।ਉਨ੍ਹਾ ਕਿਹਾ ਕਿ ਪੰਜਾਬ ਨੇ ਸੁਪਰੀਮ ਕੋਰਟ ਵਿੱਚ ਬਹਾਨਾ ਬਣਾਇਆ ਕਿ ਉਸ ਕੋਲ ਵਾਧੂ ਪਾਣੀ ਨਹੀਂ, ਪਰ ਅਸੀਂ ਸਿਰਫ਼ ਆਪਣੇ ਅਨੁਪਾਤ ਅਨੁਸਾਰ ਬਣਦਾ ਪਾਣੀ ਮੰਗਦੇ ਹਾਂ। ਹਰਿਆਣਾ ਨੂੰ ਮੌਜੂਦ ਪਾਣੀ ਵਿੱਚ ਉਸ ਦਾ ਅਨੁਪਾਤਕ ਹਿੱਸਾ ਚਾਹੀਦਾ ਹੈ। ਬੀਐੱਮਐੱਲ ਨੂੰ ਅੱਗੋਂ ਹਾਂਸੀ-ਬੁਟਾਣਾ ਨਹਿਰ ਰਾਹੀਂ ਭਾਖੜਾ ਮੇਨ ਲਾਈਨ ਨਾਲ ਜੋੜਨ ਪਿੱਛੋਂ ਹਰਿਆਣਾ ਦੇ ਜ਼ਿਲਾ ਗੁਰੂਗ੍ਰਾਮ, ਫਰੀਦਾਬਾਦ, ਨਾਰਨੌਲ, ਰੇਵਾੜੀ, ਮੰਡੀ ਅਟੇਲੀ, ਬਾਵਲ, ਝੱਜਰ, ਜਾਟੂਸਾਨਾ, ਮਹਿੰਦਰਗੜ੍ਹ, ਜੀਂਦ ਦੇ ਕਿਸਾਨਾਂ ਲਈ ਪਾਣੀ ਮਿਲੇਗਾ।

ਇਹੀ ਨਹੀਂ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਹਰਿਆਣਾ ਦਾ ਹਿੱਸਾ ਬਹਾਲ ਕਰਨ ਲਈ ਵੀ ਇਸ ਰਾਜ ਦੀ ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਹੈ ਕਿ ਇਸ ਮਕਸਦ ਲਈ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਫੰਡ ਵੀ ਦੇਣ ਲਈ ਤਿਆਰ ਹੈ। ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਵਿੱਚ ਕੇਂਦਰ ਸਰਕਾਰ ਦੀ 92 ਫੀਸਦੀ ਅਤੇ ਪੰਜਾਬ ਅਤੇ ਹਰਿਆਣਾ ਦੀ ਚਾਰ-ਚਾਰ ਫੀਸਦੀ ਹਿੱਸੇਦਾਰੀ ਸੀ। ਇਸ ਯੂਨੀਵਰਸਿਟੀ ਨਾਲ ਪਹਿਲਾਂ ਪੰਚਕੂਲਾ, ਅੰਬਾਲਾ, ਯਮੁਨਾਨਗਰ ਦੇ ਕਾਲਜ ਜੁੜੇ ਹੋਏਸਨ। ਸਾਬਕਾ ਮੁੱਖ ਮੰਤਰੀ ਚੌਧਰੀ ਬੰਸੀਲਾਲ ਨੇ ਫੰਡ ਦੇਣ ਤੋਂ ਇਨਕਾਰ ਕਰਦੇ ਹੋਏ ਹਿੱਸੇਦਾਰੀ ਛੱਡਦਿੱਤੀ ਸੀ। ਪੰਜਾਬ ਯੂਨੀਵਰਸਿਟੀ ਵਿੱਚ 85 ਫੀਸਦੀ ਸੀਟਾਂ ਚੰਡੀਗੜ੍ਹ ਦੇ ਵਿਦਿਆਰਥੀਆਂ ਦੇ ਲਈ ਹੋਣ ਕਾਰਨ ਏਥੇ ਹਰਿਆਣਾ ਦੇ ਵਿਦਿਆਰਥੀ ਬਹੁਤ ਘੱਟ ਦਾਖਲਾ ਲੈਂਦੇ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਜਨਮ ਦਿਨ 'ਤੇ ਵਿਸ਼ੇਸ਼: ਪਹਿਲੀ ਸਿੱਖ ਬੀਬੀ ਬੇਬੇ ਨਾਨਕੀ ਜੀ

ਸਮੂਹ ਸੰਗਤਾਂ ਨੂੰ ਬੇਬੇ ਨਾਨਕੀ ਜੀ ਦੇ ਜਨਮ ਦਿਹਾੜੇ ਦੀਆਂ ਬਹੁਤ ਬਹੁਤ ਵਧਾਈਆਂ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਬੇਬੇ ਨਾਨਕੀ ਦੇ ਸਿਰਲੇਖ ਹੇਠ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਸਿੱਖ ਬੀਬੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਗੁਰਮਤਿ ਨੂੰ ਜਾਣਿਆ। ਬੇਬੇ ਨਾਨਕੀ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਕੇਵਲ ਵੀਰ ਹੀ ਨਹੀਂ, ਫਕੀਰ ਕਰਕੇ ਵੀ ਜਾਣਿਆ।

ਮਹਿਤਾ ਕਲਿਆਨ ਰਾਏ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਇਕ ਬੱਚੀ ਨੇ 1464 ਵਿਚ ਆਪਣੇ ਨਾਨਕੇ ਪਿੰਡ ਚਾਹਿਲ ਪਾਕਿਸਤਾਨ ਵਿਚ ਜਨਮ ਲਿਆ। ਉਹ ਗੁਰੂ ਨਾਨਕ ਦੇਵ ਜੀ ਤੋਂ 5 ਸਾਲ ਵੱਡੇ ਸਨ। ਬੇਬੇ ਜੀ ਦਾ ਜਨਮ ਨਾਨਕੇ ਹੋਣ ਕਰਕੇ ਨਾਨਾ ਰਾਮ ਜੀ, ਨਾਨੀ ਭਿਰਾਈ, ਮਾਸੀ ਲੱਖੋ ਜੀ ਅਤੇ ਮਾਮਾ ਕ੍ਰਿਸ਼ਨਾ ਜੀ ਦੇ ਲਾਡਾਂ-ਪਿਆਰਾਂ ਨਾਲ ਨਵੀਂ ਜਨਮੀ ਬੱਚੀ ਦਾ ਨਾਂਅ ਹੀ ਨਾਨਕਿਆਂ ਦੀ ਪੈ ਗਿਆ।

ਇਹ ਪਿੰਡ ਲਾਹੌਰ ਛਾਉਣੀ ਤੋਂ ਅੱਠ ਮੀਲ ਦੱਖਣ ਪੂਰਬ ਵੱਲ ਹੈ । ਪੰਜ ਸਾਲ ਬਾਅਦ ਰਾਏ ਭੋਏ ਦੀ ਤਲਵੰਡੀ ਵਿਚ 1469 ਈ. ਨੂੰ ਇਸਦਾ ਇਕ ਵੀਰ ਜਨਮਿਆ ਜਿਸ ਦਾ ਨਾਂ ਇਸ ਦੇ ਨਾਲ ਰਲਦਾ ਨਾਨਕ ਰੱਖਿਆ । ਬੇਬੇ ਨਾਨਕੀ ਜੀ ਗੁਰੂ ਨਾਨਕ ਸਾਹਿਬ ਜੀ ਨੂੰ ਬਹੁਤ ਪਿਆਰ ਕਰਦੇ ਤੇ ਖਿਡਾਉਂਦੇ ਕੁਛੜੋ ਨਾ ਲਾਉਂਦੇ । ਮਾਤਾ ਤ੍ਰਿਪਤਾ ਏਨਾਂ ਦੋਵਾਂ ਨੂੰ ਆਪਸ ਵਿਚ ਪਿਆਰ ਕਰਦਿਆਂ ਵੇਖ ਬਹਾਰੇ ਜਾਂਦੇ, ਵਾਰੇ ਜਾਂਦੇ । ਵੀਰ ਨੂੰ ਬਾਹਰ ਸਖੀਆਂ ਪਾਸ ਲਿਜਾ ਖਿਡਾਉਂਦੇ ।

ਕਈ ਵਾਰ ਵੀਰ ਨਾਨਕ ਬਾਹਰ ਘਰ ਦੀਆਂ ਵਸਤੂਆਂ ਦੇ ਆਉਂਦਾ । ਛੋਟੇ ਛੋਟੇ ਬੱਚੇ ਇਕੱਠੇ ਕਰ ਘਰੋਂ ਰੋਟੀਆਂ ਕੱਢ ਕੇ ਲੈ ਜਾਂਦਾ ਤੇ ਬੱਚਿਆਂ ਨੂੰ ਕਤਾਰਾਂ ਵਿਚ ਬਿਠਾ ਕੇ ਰੋਟੀਆਂ ਦੇ ਟੋਟੇ ਕਰ ਕੇ ਵੰਡਦਾ ਤਾਂ ਭੈਣ ਨਾਨਕੀ ਜੀ ਪਿਛੇ ਜਾ ਕੇ ਤਕਦੇ ਬੜੇ ਖੁਸ਼ ਹੁੰਦੇ । ਇਸੇ ਤਰ੍ਹਾਂ ਬਾਲਕ ਗੁਰੂ ਨਾਨਕ ਘਰੋਂ ਭਾਂਡੇ , ਬਸਤਰ ਇਥੋਂ ਤਕ ਕਿ ਇਕ ਵਾਰੀ ਆਪਣੇ ਹੱਥ ਦੀ ਅੰਗੂਠੀ ਵੀ ਬਾਹਰ ਦੇ ਆਇਆ ਮਾਂ ਨੇ ਖਫਾ ਹੋ ਕੇ ਝਿੜਕਣਾ ਤਾਂ ਭੈਣ ਨਾਨਕੀ ਜੀ ਕਹਿਣਾ " ਮਾਤਾ ! ਮੇਰੇ ਵੀਰ ਨੂੰ ਪੁੱਤਰ ਕਰਕੇ ਨਾ ਜਾਣੀ । ਇਹ ਰੱਬ ਰੂਪ ਹੈ । ਇਸੇ ਤਰ੍ਹਾਂ ਭੈਣ ਨਾਨਕੀ ਜੀ ਪਿਤਾ ਕਾਲੂ ਰਾਇ ਨੂੰ ਕਹਿੰਦੇ ਪਿਤਾ ਜੀ ! ਨਾਨਕ ਫਕੀਰ ਦੋਸਤ ਹੈ । ਇਹ ਸੰਸਾਰੀ ਜੀਵ ਨਹੀਂ ਹੈ । ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਸਨ ਜਿਨਾਂ ਇਨ੍ਹਾਂ ਨੂੰ ( ਗੁਰੂ ) ਸਮਝਣ ਤੇ ਇਨ੍ਹਾਂ ਦਾ ਧਰਮ ਧਾਰਿਆ । ਇਹ ਵੀਰ ਗੁਰੂ ਨਾਨਕ ਜੀ ਨੂੰ ਵੀ ਨਹੀਂ ਪੀਰ ਕਰ ਕੇ ਜਾਣਦੀ । ਦੂਜੇ ਰਾਇ ਬੁਲਾਰ ਸੀ ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਨੂੰ ਜਾਣਿਆ ।

ਜਦੋਂ ਗੁਰੂ ਨਾਨਕ ਜੀ ਨੇ ਸਾਧਾਂ ਫਕੀਰਾਂ ਨੂੰ ਸੌਦਾ ਖਰੀਦ ਕੇ ਲਿਆਉਣ ਵਾਲੀ ਰਕਮ ਦਾ ਲੰਗਰ ਪਾਣੀ ਛਕਾਇਆ ਤਾਂ ਪਿਤਾ ਕਾਲੂ ਜੀ ਨੇ ( ਗੁਰੂ ) ਨਾਨਕ ਜੀ ਨੂੰ ਕਰੋਧ ਵਿਚ ਆ ਕੇ ਚਪੇੜ ਮਾਰੀ ਤੇ ਭੈਣ ਨਾਨਕੀ ਜੀ ਦਾ ਹਿਰਦਾ ( ਵੀਰ ਦੀ ਲਾਲ ਗਲ ਵੇਖ ਕੇ ਪਿਘਲ ਗਿਆ । ਵੀਰ ਨੂੰ ਗਲ ਲੈ ਕੇ ਪਿਆਰ ਕੀਤਾ । ਉਧਰੋਂ ਮਾਤਾ ਤ੍ਰਿਪਤਾ ਜੀ ਦੌੜੇ ਆਏ । ਲਾਡਲੇ ਦੀ ਲਾਲ ਗਲ ਆ ਕੇ ਪਲੋਸਣ ਲੱਗੇ । ਮਾਤਾ ਜੀ ਨੂੰ ਕੀ ਪਤਾ ਸੀ ਜਿਸ ਦੀਆਂ ਗਲਾਂ ਪਲੋਸ ਕੇ ਉਸ ਦੀ ਪੀੜ ਹਟਾਉਣ ਲੱਗੀ ਹੈ ਵੱਡੇ ਹੋ ਕੇ ਜਗਤ ਜਲੰਦੇ ਦੀ ਪੀੜ ਹਰਨ ਲਈ ਘਰ ਬਾਰ ਛੱਡ ਉਦਾਸੀਆਂ ਤੇ ਚੱਲ ਪੈਣਾ ਹੈ ।

ਬੇਬੇ ਨਾਨਕੀ ਜੀ ਦਾ ਵਿਆਹ ਜੈ ਰਾਮ ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਨਾਲ ਕਰ ਦਿੱਤਾ । ਇਹ ਛੈਲ , ਛਬੀਲਾ ਹਸਮੁਖ ਨੌਜੁਆਨ ਸੀ । ਇਹ ਨਵਾਬ ਦੌਲਤ ਖਾਂ ਦਾ ਆਮਿਲ ( ਜ਼ਮੀਨ ਮਿਣਨ ) ਵਾਲਾ ਸੀ । ਤੇ ਰਾਇ ਬੁਲਾਰ ਪਾਸ ਅਕਸਰ ਆਉਂਦਾ ਰਹਿੰਦਾ ਸੀ । ਰਾਇ ਬੁਲਾਰ ਨੇ ਵਿਚ ਪੈ ਕੇ ਇਨ੍ਹਾਂ ਦਾ ਰਿਸ਼ਤਾ ਕਰਾ ਦਿੱਤਾ ਸੀ । ਕਾਲੂ ਚੰਦ ਜੀ ਨੇ ਆਪਣੇ ਸੌਹਰੇ ਰਾਮ ਜੀ ਨਾਲ ਸਲਾਹ ਕਰਕੇ ਰਿਸ਼ਤਾ ਪੱਕਾ ਕੀਤਾ । ਵਿਆਹ ਬੜੀ ਧੂਮ ਧਾਮ ਨਾਲ ਕੀਤਾ ਗਿਆ । ਤਿੰਨ ਦਿਨ ਜੰਝ ਰੱਖੀ ਗਈ ਨਵਾਬ ਦੌਲਤ ਖਾਂ ਵੀ ਬਰਾਤ ਵਿਚ ਆਇਆ । ਨਾਨਕਿਆਂ ਮਾਮਾ ਕ੍ਰਿਸ਼ਨ ਚੰਦ ਨੇ ਵੀ ਬੜਾ ਖਰਚ ਕੀਤਾ । ਫਿਰ ਪੰਜ ਸਾਲ ਬਾਦ ਮੁਕਲਾਵਾ ਦਿੱਤਾ ਗਿਆ ।

ਬੇਬੇ ਜੀ ਦਾ ਸਰੀਰ ਸੁਲਤਾਨਪੁਰ ਤੇ ਮਨ ਵੀਰ ( ਗੁਰੂ ) ਨਾਨਕ ਵਿਚ । ਬੇਬੇ ਜੀ ਉਦਾਸ ਹੋ ਜਾਂਦੇ ਤਾਂ ਜਦੋਂ ਇਕ ਵਾਰੀ ( ਗੁਰੂ ) ਨਾਨਕ ਜੀ ਬੇਬੇ ਨਾਨਕੀ ਜੀ ਨੂੰ ਮਿਲਣ ਆਏ । ਤਾਂ ਤੀਜੇ ਦਿਨ ਹੀ ਵਾਪਸ ਤਲਵੰਡੀ ਪਰਤ ਗਏ । ਉਸ ਨੇ ਜੀਜਾ ਜੈ ਰਾਮ ਨੂੰ ਇਕ ਵਾਰੀ ਵੀ ਨਹੀਂ ਕਿਹਾ ਕਿ ਉਸ ਦੀ ਭੈਣ ਨੂੰ ਉਸ ਨਾਲ ਭੇਜੋ । ਬੀਬੀ ਨਾਨਕੀ ਜੀ ਨੇ ਆਪਣੇ ਪਤੀ ਨੂੰ ਕਿਹਾ ਸੀ ਕਿ ਇਨ੍ਹਾਂ ਨੂੰ ਇਕੱਲੇ ਵਾਪਸ ਨਾ ਮੋੜੋ । ਮੇਰਾ ਵੀਰ ਕਲਾਵਾਨ ਹੈ । ਜੇ ਤੁਸੀਂ ਆਗਿਆ ਦੇਵੋ ਤਾਂ ਆਪਣੇ ਉਡੀਕਦਿਆਂ ਮਾਪਿਆਂ ਕੋਲੋਂ ਹੋ ਆਵਾਂ ਅਤੇ ਵੀਰ ਨੂੰ ਏਡੇ ਲੰਮੇ ਪੈਂਡੇ ਵਿਚ ਇਕੱਲਾ ਨਾ ਭੇਜਾਂ । ਸਾਨੂੰ ਦੋਵਾਂ ਭੈਣ ਭਰਾਵਾਂ ਨੂੰ ਸਾਡੀ ਤਲਵੰਡੀ ਉਡੀਕ ਰਹੀ ਹੈ । ਜਦੋਂ ਭੈਣ ਭਰਾ ਘਰ ਪੁੱਜੇ ਤਾਂ ਮਾਂ ਦੀਆਂ ਅੱਖਾਂ ਨੂੰ ਸੁਖ ਤੇ ਕਾਲਜੇ ਠੰਡ ਪੈ ਗਈ । ਜਦੋਂ ਦੀਵਾਨ ਜੈ ਰਾਮ ਤਲਵੰਡੀ ਆਪਣੀ ਪਤਨੀ ਨੂੰ ਲੈਣ ਆਏ ਤਾਂ ਰਾਇ ਬੁਲਾਰ ਨੂੰ ਮਿਲੇ ਤਾਂ ਰਾਇ ਨੇ ਕਿਹਾ " ਤੁਹਾਨੂੰ ਪਤਾ ਹੈ ( ਗੁਰੂ ) ਨਾਨਕ ਦੇਵ ਕਲਾਵਾਨ ਹਨ , ਪਰ ਤੇਰੇ ਧਰਮ ਪਿਤਾ ਦਾ ਸੁਭਾਅ ਕਠੋਰ ਹੈ । ਉਹ ਰੋਜ਼ ਕੋਈ ਨਾ ਕੋਈ ਝਗੜਾ ਆਪਣੇ ਪੁੱਤਰ ਨਾਲ ਛੇੜੀ ਰੱਖਦਾ ਹੈ , ਤੁਸੀਂ ਇਸ ਨੂੰ ਆਪਣੇ ਸਾਥ ਲੈ ਜਾਉ ਤੁਹਾਡਾ ਬੜੇ ਨੇੜੇ ਦਾ ਸਾਕ ਹੈ । ਦੂਜੀ ਮੇਰੀ ਵੀ ਇਹ ਮੰਗ ਹੈ । ਤੀਜਾ ਤੇਰਾ ਪ੍ਰਲੋਕ ਵੀ ਇਸ ਤਰ੍ਹਾਂ ਕਰਨ ਨਾਲ ਸੁਧਰੇਗਾ । " ਜੈ ਰਾਮ ਸੁਣ ਕੇ ਬੜਾ ਖੁਸ਼ ਹੋਇਆ ਤੇ ਕਿਹਾ " ਮੈਂ ਭਾਗਾਂ ਵਾਲਾ ਹੋਵਾਂਗਾ ਜੇ ਉਹ ਮੇਰੇ ਪਾਸ ਚਲੇ ਜਾਵੇ ।

ਜੈ ਰਾਮ ਨੇ ਨਵਾਬ ਦੌਲਤ ਖਾਂ ਨਾਲ ਚੰਗੀ ਬਣਾਈ ਹੋਈ ਸੀ । ਇਸ ਨੇ ਉਸ ਨੂੰ ਕਹਿ ( ਗੁਰੂ ) ਨਾਨਕ ਦੇਵ ਜੀ ਨੂੰ ਉਸ ਦੇ ਮੋਦੀਖਾਨੇ ਵਿਚ ਲਵਾ ਦਿੱਤਾ । ( ਗੁਰੂ ) ਨਾਨਕ ਦੇਵ ਜੀ ਦਾ ਕੰਮ ਸੀ ਲੋਕਾਂ ਵਲੋਂ ( ਜ਼ਮੀਦਾਰਾਂ ਵਲੋਂ ਜ਼ਮੀਨ ਵਾਹੁਣ ਦਾ ਹਿੱਸਾ ਜਿਹੜਾ ਨਵਾਬ ਨੂੰ ਮਿਲਦਾ ਸੀ । ਅਨਾਜ ਦੇ ਰੂਪ ਵਿਚ ਕਣਕ , ਛੋਲੇ , ਮੱਕੀ ਆਦਿ । ਮਾਲੀਆ ਆਇਆ ਅੱਗੋਂ ਲੋਕਾਂ ਨੂੰ ਵੇਚਣਾਂ ਤੇ ਉਸ ਦਾ ਹਿਸਾਬ ਕਿਤਾਬ ਰੱਖਣਾ । ਤੋਲ ਕੇ ਲੈਣਾ ਤੇ ਤੋਲ ਕੇ ਦੇਣਾ । ਇਸ ਵਿਚ ਆਪ ਬੜੇ ਸਫਲ ਹੋਏ ਤਾਂ ਬੇਬੇ ਨਾਨਕੀ ਜੀ ਨੇ ਵੀਰ ਦਾ ਵਿਆਹ ਕਰਨ ਦੀ ਵਿਚਾਰ ਬਣਾਈ । ਜੈ ਰਾਮ ਜਿਵੇਂ ਤਲਵੰਡੀ ਜਾਇਆ ਕਰਦਾ ਸੀ ਇਸੇ ਤਰਾਂ ਪਖੋਕੇ ਰੰਧਾਵਾ ਪਰਗਨਾ ਗੁਰਦਾਸਪੁਰ ਵਿਚ ਮੂਲ ਚੰਦ ਖੱਤਰੀ ਪਾਸ ਵੀ ਜਾਂਦਾ ਸੀ ਜਿਹੜਾ ਕਿ ਇਸ ਪਿੰਡ ਦਾ ਪਟਵਾਰੀ ਸੀ । ਇਸ ਦੀ ਲੜਕੀ ਸੁਲਖਣੀ ਸੀ । ਇਸ ਦਾ ਰਿਸ਼ਤਾ ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਜੀ ਦੀ ਸਲਾਹ ਨਾਲ ਗੁਰੂ ਨਾਨਕ ਦੇਵ ਜੀ ਨੂੰ ਕਰ ਦਿੱਤਾ । ਪੰਜ ਵਿਸਾਖ ੧੫੪੨ ਬਿ . ਨੂੰ ਕੁੜਮਾਈ ਕਰ ਦਿੱਤੀ ਤੇ ੨੪ ਜੇਠ ੧੫੪੪ ਬਿ : ਨੂੰ ਵਿਆਹ ਕਰ ਦਿੱਤਾ । ਤਲਵੰਡੀ ਤੋਂ ਪਹਿਲਾਂ ਸਾਰੇ ਸੁਲਤਾਨਪੁਰ ਪੁੱਜੇ ਫਿਰ ਇਥੋਂ ਸਾਰੀ ਬਰਾਤ ਬੜੀ ਧੂਮਧਾਮ ਨਾਲ ਬਟਾਲੇ ਪੁੱਜੀ । ਕਿਉਂਕਿ ਭਾਈ ਮੂਲ ਚੰਦ ਇਥੇ ਰਹਿੰਦਾ ਸੀ । ਵਿਆਹ ਤੋਂ ਬਾਦ ਬਰਾਤ ਸੁਲਤਾਨਪੁਰ ਪੁੱਜੀ । ਜੰਝ ਵਿਚ ਨਵਾਬ ਦੌਲਤ ਖਾਂ , ਰਾਇ ਬੁਲਾਰ ਵਰਗੇ ਚੌਧਰੀ ਆਏ ਸਨ । ਕੁਝ ਦਿਨ ਮਾਤਾ ਤ੍ਰਿਪਤਾ ਜੀ ਤੇ ਕਾਲੂ ਜੀ ਸੁਲਤਾਨਪੁਰ ਰਹੇ ਫਿਰ ਸਾਰੇ ਸਾਕ ਸੰਬੰਧੀਆਂ ਸਮੇਤ ਵਾਪਸ ਤਲਵੰਡੀ ਚਲੇ ਗਏ ।

ਵਿਆਹ ਤੋਂ ਬਾਦ ਕੁਝ ਚਿਰ ਭੈਣ ਨਾਨਕੀ ਜੀ ਨੇ ਭਰਜਾਈ ਨੂੰ ਆਪਣੇ ਨਾਲ ਰਖਿਆ ਵਿਆਹ ਤੋਂ ਪਹਿਲਾਂ ਹੀ ਭੈਣ ਨਾਨਕੀ ਜੀ ਵੀਰ ਦੀ ਰਿਹਾਇਸ਼ ਲਈ ਇਕ ਖੁਲ੍ਹਾ ਵਿਹੜਾ ਤੇ ਮਕਾਨ ਬਣਵਾ ਦਿੱਤਾ । ਕਿਉਂਕਿ ਭੈਣ ਜੀ ਨੂੰ ਪਤਾ ਸੀ ਕਿ ਇਸ ਦੇ ਸੰਗੀ ਸਾਥੀ ਸੰਤਾਂ ਫਕੀਰਾਂ ਨੇ ਇਨ੍ਹਾਂ ਪਾਸ ਆ ਕੇ ਰਿਹਾ ਕਰਨਾ ਹੈ । ਸੋ ਚੰਗਾ ਖੁਲਾ ਥਾਂ ਬਣਾ ਦਿੱਤਾ ਗਿਆ । ਡਾ . ਮਹਿੰਦਰ ਕੌਰ ਗਿੱਲ ਇਸ ਬਾਰੇ ਇਉਂ ਲਿਖਦੇ ਹਨ ਕੁਝ ਦਿਨਾਂ ਬਾਦ ਸੁਲਖਣੀ ਜੀ ਵੀ ਆ ਗਈ । ਬੀਬੀ ਨਾਨਕੀ ਨੇ ਭਰਾ ਭਰਜਾਈ ਨੂੰ ਵੱਖਰਿਆਂ ਕਰ ਦਿੱਤਾ । ਵੀਰ ਨੂੰ ਘਰ ਦਾ ਸਮਾਨ ਬਣਾਇਆ ਵੇਖ ਭੈਣ ਨਾਨਕੀ ਮਨ ਵਿਚ ਬਲਿਹਾਰੇ ਜਾਂਦੀ ਕਿ ਹੁਣ ਉਸ ਦਾ ਵੀਰ ਗਰਹਿਸਤੀ ਬਣ ਗਿਆ ਹੈ । ਵੀਰ ਦਾ ਘਰ ਆਬਾਦ ਵੇਖ ਕੇ ਹਰ ਵੇਲੇ ਸ਼ੁਕਰ ਸ਼ੁਕਰ ਕਰਦੀ ਰਹਿੰਦੀ ਸੀ ਬੀਬੀ ਨਾਨਕੀ ।

ਇਸ ਤਰਾਂ ਗੁਰੂ ਨਾਨਕ ਦੇਵ ਜੀ ਚੰਗਾ ਗਰਹਿਸਤੀ ਜੀਵਨ ਬਿਤਾਉਂਦੇ ਰਹੇ । ਮੋਦੀਖਾਨੀਓ ਗਰੀਬਾਂ ਨੂੰ ਮੁਫਤ ਅਨਾਜ ਚੁਕਾ ਦੇਣਾ । ਹੁਣ ਦੋ ਬੱਚੇ ਵੀ ਹੋ ਗਏ । ਹੋਰ ਸਾਧਾਂ , ਸੰਤਾਂ ਪੀਰਾਂ ਫਕੀਰਾਂ ਦੀਆਂ ਗੁਰੂ ਜੀ ਦੇ ਵਿਹੜੇ ਰੌਣਕਾਂ ਲੱਗੀਆਂ ਰਹਿੰਦੀਆਂ । ਮਾਤਾ ਸੁਲਖਣੀ ਜੀ ਕੰਮ ਕਰਦੇ ਨਾ ਥਕਦੇ। ਹਰ ਸਮੇਂ ਆਏ ਗਏ ਦੀ ਸੇਵਾ ਵਿਚ ਰੁਝੇ ਰਹਿੰਦੇ । ਘਰ ਘਟ ਧਿਆਨ ਦੇਂਦੇ ਕਈ ਕਈ ਘੰਟੇ ਵੇਈਂ ਦੇ ਕੰਢੇ ਬਾਹਰ ਬੈਠੇ ਰਹਿੰਦੇ । ਇਕ ਵਾਰੀ ਚੰਦੋ ਰਾਣੀ ( ਗੁਰੂ ਜੀ ਦੀ ਸੱਸ ) ਵੀ ਆਈ ਹੋਈ ਸੀ । ਮਾਤਾ ਸੁਲੱਖਣੀ ਜੀ ਨੇ ਆਪਣੀ ਮਾਤਾ ਨੂੰ ਗੁਰੂ ਜੀ ਦੀ ਇਸ ਲਾਪ੍ਰਵਾਹੀ ਬਾਰੇ ਦੱਸਿਆ ਤਾਂ ਚੰਦੋਂ ਰਾਣੀ ਨੇ ਬੀਬੀ ਨਾਨਕੀ ਜੀ ਪਾਸ ਸ਼ਿਕਾਇਤ ਕੀਤੀ ਜਿਸ ਦਾ ਜ਼ਿਕਿਰ ਡਾ : ਮਹਿੰਦਰ ਕੌਰ ਗਿੱਲ " ਗੁਰੂ ਮਹਿਲ ਗਾਥਾ ' ਵਿਚ ਇਵੇਂ ਕਰਦੇ ਹਨ । ਇਕ ਦਿਨ ਬੀਬੀ ਨਾਨਕੀ ਜੀ ਬੈਠੇ ਸਨ ਕਿ ਉਨਾਂ ਦੀ ਭਰਜਾਈ ਸੁਲਖਣੀ ਜੀ ਆਏ ਨਾਲ ਹੀ ਉਸ ਦੀ ਮਾਤਾ ਚੰਦੋ ਰਾਣੀ ਵੀ ਸੀ । ਮਾਵਾਂ ਧੀਆਂ ਆਣ ਲੜਣ ਲੱਗੀਆਂ । ਸੁਲਖਣੀ ਜੀ ਨੇ ਕਿਹਾ ਕਿ ਮੇਰਾ ਪਤੀ ਕਈ ਕਈ ਦਿਨ ਘਰ ਨਹੀਂ ਆਉਂਦਾ । ਜੇ ਕਦੇ ਆ ਵੀ ਜਾਵੇ ਤਾਂ ਮੂੰਹੋਂ ਕਦੇ ਕੁਝ ਨਹੀਂ ਬੋਲਿਆ । ਚੁੱਪ ਕਰਕੇ ਬੈਠਾ ਰਹਿੰਦਾ ਹੈ ਬੇਬੇ ਨਾਨਕੀ ਜੀ ਨੇ ਸਹਿਜੇ ਨਾਲ ਆਖਿਆ । ਮਾਸੀ ਜੀ ! ਤੁਹਾਡੀ ਧੀ ਨੂੰ ਖਾਣ ਪੀਣ ਦੀ ਕਪੜੇ ਲੀੜੇ ਦੀ ਜਾਂ ਕਿਸੇ ਹੋਰ ਚੀਜ਼ ਦੀ ਕੋਈ ਕਮੀ ਤਾਂ ਨਹੀਂ । ਜੇ ਉਹ ਘਰ ਆ ਕੇ ਚੁਪ ਕਰ ਰਹਿੰਦਾ ਹੈ ਤਾਂ ਇਹ ਉਸ ਦੀ ਆਦਤ ਹੈ । ਉਸ ਮੰਦਾ ਤਾਂ ਨਹੀਂ ਬੋਲਦਾ ਦੁਖੀ ਤਾਂ ਨਹੀਂ ਕਰਦਾ , ਲੋੜ ਦੀ ਥੁੜ ਤਾਂ ਨਹੀਂ ਆਉਣ ਦੇਂਦਾ । ਬੇਬੇ ਨਾਨਕੀ ਜੀ ਦੀ ਗੱਲ ਸੁਣ ਦੋਵੇਂ ਮਾਵਾਂ ਧੀਆਂ ਚੁਪ ਹੋ ਗਈਆਂ ਤੇ ਆਪਣੇ ਘਰ ਪਰਤ ਗਈਆਂ । ਇਸੇ ਸ਼ਿਕਾਇਤ ਦਾ ਭਾਈ ਵੀਰ ਸਿੰਘ ਜੀ ਇਉਂ ਲਿਖਦੇ ਹਨ ਇਕ ਵਾਰੀ ਉਨਾਂ ( ਮਾਤਾ ਸੁਲਖਣੀ ਤੇ ਉਨਾਂ ਦੀ ਮਾਂ ਚੰਦੋ ਰਾਣੀ ) ਨੇ ਆ ਬੇਬੇ ਨਾਨਕੀ ਜੀ ਨੂੰ ਉਲਾਂਭਾ ਦਿੱਤਾ ਬੇਬੇ ਜੀ ਨੇ ਦੱਸਿਆ ਕਿ ਭਰਜਾਈ ਜੀ ਨੂੰ ਕਿਸੇ ਗੱਲ ਦੀ ਥੁੜ ਨਹੀਂ ਹੈ । ਮੇਰਾ ਵੀਰ ਨੇ ਸਾਰੇ ਸੁਖਾਂ ਦੇ ਸਮਾਨ ਹਾਜਰ ਕਰ ਦਿੱਤੇ ਹਨ । ਉਨ੍ਹਾਂ ਦਾ ਸੰਤ ਸੁਭਾਅ ਹੈ ਸੰਤ ਮਤੇ ਵਿਚ ਰਹਿੰਦੇ ਹਨ । ਭਾਬੀ ਜੀ ਨੂੰ ਸਮਝਾਉ ਉਹ ਸੰਤ ਜਾਣ ਕੇ ਸ਼ਰਧਾ ਧਾਰ ਕੇ ਸੇਵਾ ਕਰੇ ਹੋਰ ਸੁਖੀ ਹੋ ਜਾਸੀ । ' '

ਜਦੋਂ ਗੁਰੂ ਜੀ ਵੇਈਂ ਵਿਚ ਇਸ਼ਨਾਨ ਕਰਨ ਗਏ ਅਲੋਪ ਹੋ ਗਏ ਤਾਂ ਕਈ ਦਿਨ ਬਾਹਰ ਨਾ ਆਏ ਤਾਂ ਲੋਕਾਂ ਜਾ ਬੀਬੀ ਜੀ ਨੂੰ ਕਿਹਾ ਕਿ ਉਸ ਦਾ ਭਰਾ ਡੁੱਬ ਗਿਆ ਹੈ ਤਾਂ ਉਸ ਨੇ ਕੋਈ ਚਿੰਤਾ ਫਿਕਰ ਨਾ ਪ੍ਰਗਟਾਵਾ ਨਹੀਂ ਕੀਤਾ । ਉਨ੍ਹਾਂ ਨੂੰ ਪੂਰਨ ਵਿਸ਼ਵਾਸ ਤੇ ਸ਼ਰਧਾ ਸੀ ਕਿ ਉਸ ਦਾ ਵੀਰ ਕਦੇ ਡੁੱਬ ਨਹੀਂ ਸਕਦਾ । ਉਸ ਨੇ ਤਗੜੀ ਹੋ ਕੇ ਕਿਹਾ ਕਿ ਉਸ ਦੇ ਭਰਾ ਨੂੰ ਨਦੀਆਂ ਨਾਲੇ ਤੇ ਦਰਿਆ ਡਬੋ ਨਹੀਂ ਸਕਦੇ । ਜਦੋਂ ਸਾਰਿਆਂ ਇਕ ਅਵਾਜ਼ ਵਿਚ ਕਿਹਾ ਕਿ " ਜੋ ਕੁਝ ਮੋਦੀਖਾਨੇ ਵਿਚ ਸੀ ਗਰੀਬ ਗੁਰਬੇ ਨੂੰ ਲੁਟਾ ਦਿੱਤਾ ਗਿਆ ਹੈ । ਇਹ ਸਭ ਕੁਝ ਉਸ ਵਿਚ ਭੈੜੀ ਰੂਹ ਆਉਣ ਕਰਕੇ ਵਾਪਰਿਆ ਹੈ । ਉਹ ਨਾ ਕਿਸੇ ਨਾਲ ਬੋਲਦਾ ਹੈ ਉਹ ਦਿਲ ਛੱਡ ਗਿਆ ਹੈ ਤੇ ਉਸ ਦਾ ਵਿਸ਼ਵਾਸ ਡੋਲ ਗਿਆ ਹੈ । ' ' ਭੈਣ ਨਾਨਕੀ ਜੀ ਉੱਤਰ ਦਿੱਤਾ ਕਿ " ਉਹ ਕਿਹੜੀ ਰੂਹ ਹੈ ਜਿਹੜੀ ਉਸ ਤੇ ਹਾਵੀ ਹੋ ਜਾਵੇ । ਉਹ ਤਾਂ ਮਨੁੱਖਾਂ ਵਿਚੋਂ ਭੈੜੀਆਂ ਰੂਹਾਂ ਨਿਖਾਰਣ ਇਸ ਮਾਤਲੋਕ ਤੇ ਆਇਆ ਹੈ ।

ਤਿੰਨ ਦਿਨ ਬਾਦ ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ' ਚੋਂ ਬਾਹਰ ਆਏ ਤਾਂ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਉਹ ਘਰ ਬਾਰ ਛੱਡ ਕੇ ਤਪਦੇ ਤੇ ਸੜਦੇ ਸੰਸਾਰ ਨੂੰ ਠਾਰਨ ਤੇ ਤਾਰਨ ਘਰੋਂ ਤੁਰਨ ਲੱਗੇ ਤਾਂ ਉਸ ਦੇ ਮਾਪਿਆਂ , ਸੌਹਰਿਆਂ ਮਾਤਾ ਸੁਲਖਣੀ ਆਦਿ ਨੇ ਵਾਰੀ ਵਾਰੀ ਘਰ ਤਿਆਗਣ ਤੋਂ ਵਰਜਿਆ । ਭੈਣ ਨਾਨਕੀ ਜੀ ਨੇ ਆਪਣੇ ਭਤੀਜਿਆਂ ਦੇ ਪਿਆਰ ਦਾ ਵਾਸਤਾ ਪਾ ਕੇ ਘਰ ਬਾਰ ਤੇ ਪ੍ਰਵਾਰ ਛੱਡਣ ਲਈ ਵਰਜਿਆ । ਤਾਂ ਆਪਣੀ ਭੈਣ ਜੀ ਨੂੰ ਉਪਦੇਸ਼ ਦੇਂਦਿਆਂ ਇੰਜ ਫੁਰਮਾਇਆ ਆਦਰ ਯੋਗ ਭੈਣ ਜੀ ! ਤੁਹਾਡਾ ਸੱਚਾ ਤੇ ਸੁੱਚਾ ਪਿਆਰ ਸਾਰਿਆਂ ਦੇ ਪਿਆਰ ਨਾਲੋਂ ਵੱਖਰਾ ਹੈ । ਇਹ ਬਹੁਤ ਉਚ ਕੋਟੀ ਦਾ ਹੈ । ਤੇਰਾ ਚਿਹਰਾ ਸਭ ਕੁਝ ਪ੍ਰਤੀਤ ਦੇ ਰਿਹਾ ਹੈ । ਚਿੰਤਾ ਨਾ ਕਰ ਪ੍ਰਭੂ ਹਰ ਸਮੇਂ ਤੇਰੇ ਅੰਗ ਸੰਗ ਹੋਵੇਗਾ । ਮੈਂ ਵੀ ਤੇਰੇ ਸਾਥ ਹੋਵਾਂਗਾ । ਜਦੋਂ ਵੀ ਮੇਰੇ ਮਿਲਣ ਲਈ ਤੇਰਾ ਪਿਆਰ ਜਾਗਿਆ ਤੇਰੀ ਮਿਲਣ ਦੀ ਇਹ ਤਾਂਘ ਬਿਨ ਬੋਲਿਆ ਮੈਂ ਸੁਣਾਂਗਾ ਤੇ ਝਟ ਤੇਰੇ ਪਾਸ ਹੋਵੇਗਾ । ਪ੍ਰੰਤੂ ਆਪਣੇ ਪਿਆਰ ਭਰੇ ਦਿਲ ਦੀਆਂ ਧੜਕਣਾਂ ਸ਼ਾਂਤ ਕਰਨ ਦੀ ਕੋਸ਼ਿਸ਼ ਕਰ । ਆਪਣੇ ਪ੍ਰਮਾਤਮਾ ਵੱਲ ਧਿਆਨ ਧਰ ਮੈਂ ਤੇਰੇ ਬਾਰੇ ਆਪਣੇ ਫਰਜ਼ ਨੂੰ ਪਛਾਣਦਾ ਹਾਂ । ਪ੍ਰੰਤੂ ਤੇਰੇ ਵਰਗੀਆਂ ਅਣਗਿਣਤ ਭੈਣਾਂ ਦੁਖੀ ਤੇ ਬਿਪਤਾ ਵਿਚ ਤੜਪ ਤੇ ਚਿਲਾ ਰਹੀਆਂ ਹਨ । ਜਿਨਾਂ ਨੂੰ ਆਰਾਮ ਤੇ ਸ਼ਾਂਤੀ ਚਾਹੀਦੀ ਹੈ । ਮੈਂ ਜ਼ਰੂਰ ਜਾਵਾਂਗਾ ( ਪੁਰਾਤਨ ਜਨਮ ਸਾਖੀ ) ਜਦੋਂ ਗੁਰੂ ਜੀ ਤੁਰਨ ਲੱਗੇ ਤਾਂ ਮਰਦਾਨੇ ਦੇ ਵਜਾਉਣ ਲਈ ਰਬਾਬ ਮੁੱਲ ਲੈਣ ਲਈ ਭੈਣ ਨਾਨਕੀ ਜੀ ਪਾਸੋਂ ਇਕ ਰੁਪਿਆ ਮੰਗ ਕੇ ਲਿਆ ਤੇ ਫੁਰਮਾਇਆ ਕਿ " ਰਬਾਬ ਦੀਆਂ ਤੰਦਾਂ ਵੱਜਣ ਨਾਲ ਭੈਣ ਜੀ ਦੀ ਯਾਦ ਆਉਂਦੀ ਰਹੇਗੀ ਕਿ ਇਹ ਭੈਣ ਜੀ ਨੇ ਲੈ ਕੇ ਦਿੱਤੀ ਸੀ ਤੇ ਇਹ ਭੈਣ ਦੇ ਮਿੱਠੇ ਪਿਆਰ ਦੀਆਂ ਤੰਦਾਂ ਹਿਲਦੀਆਂ ਰਹਿਣ । ' ' ਪਹਿਲੀ ਉਦਾਸੀ ਤੋਂ ਬਾਅਦ ਗੁਰੂ ਇਨ੍ਹਾਂ ਪਿਆਰ ਦੀਆਂ ਤੰਦਾ ਦੇ ਖਿਚੇ ਪਹਿਲਾਂ ਸਿੱਧੇ ਸੁਲਤਾਨਪੁਰ ਆਏ ॥ ਪੁਰਾਤਨ ਜਨਮ ਸਾਖੀ ਤੇ ਹੋਰ ਇਤਿਹਾਸਾਂ ਵਿਚ ਆਉਂਦਾ ਹੈ ਕਿ ਜਦੋਂ ਵੀ ਭੈਣ ਨਾਨਕੀ ਜੀ ਨੇ ਵੀਰ ਨੂੰ ਯਾਦ ਕੀਤਾ ਗੁਰੂ ਉਦੋਂ ਤੁਰ ਉਥੇ ਪੁੱਜ ਜਾਂਦੇ । ਉਹ ਭਾਵੇਂ ਕਿੰਨੀ ਵੀ ਦੂਰ ਕਿਉਂ ਨਾ ਹੋਣ । ਫੁਲਕਾ ਪਕਾਉਂਦਿਆਂ ਯਾਦ ਕਰਨ ਵਾਲੀ ਸਾਖੀ ਆਮ ਪ੍ਰਚਲਤ ਹੈ । ਫੁਲਕਾ ਪਕਾਉਂਦਿਆਂ ਫੁਲ ਗਿਆ ਤਾਂ ਭੈਣ ਨੂੰ ਫੁਰਨਾ ਫੁਰਿਆ ਕਿ ਇਹ ਫੁਲਿਆ ਫੁਲਕਾ ਵੀਰ ਦੇ ਛਕਣ ਯੋਗ ਹੈ । ਇਹ ਯਾਦ ਕਰ ਰਹੀ ਸੀ ਕਿ ਬਾਹਰਲਾ ਦਰਵਾਜ਼ਾ ਖੜਕਿਆ । ਭੈਣ ਦੀਆਂ ਅੱਖਾਂ ਚੁੰਧਿਆ ਗਈਆਂ ਵਿਹੜੇ ਵਿਚ ਵੀਰ ਨੂੰ ਵੇਖ । ਉਠ ਪੈਰੀ ਪੈਣ ਲੱਗੀ ਬੀਬੀ ਗੁਰੂ ਨਾਨਕ ਦੇਵ ਜੀ ਨੂੰ ਰੱਬ ਸਮਝਦੀ। ਵੀਰ ਨੇ ਗਲ ਨਾਲ ਲਾ ਲਿਆ । ਪਿਆਰ ਦਿੱਤਾ ਤੇ ਕਿਹਾ " ਬੇਬੇ ਜੀ ਤੂੰ ਵਡੀ ਹੈ । ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ । " ਸ਼ਰਧਾ ਵਿਚ ਗਦ ਹੋਈ ਭੈਣ ਬੋਲੀ । ਵੀਰ ਜੀ ਤੂੰ ਸੱਚ ਕਹਿੰਦਾ ਹੈ । ਪਰ ਜੇ ਮਨੁੱਖ ਹੋਵੇ ਤਾਂ , ਤੂੰ ਤਾਂ ਮੈਨੂੰ ਪ੍ਰਮੇਸ਼ਵਰ ਰੂਪ ਦੀਹਦਾ ਹੈ ।

ਇਸ ਤੋਂ ਪਹਿਲਾਂ ਵੀ ਭੈਣ ਨਾਨਕੀ ਜੀ ਨੇ ਆਪਣੇ ਵੀਰ ਨੂੰ ਪ੍ਰਮੇਸ਼ਵਰ ਕਿਹਾ ਸੀ । ਭੈਣ ਭਰਾ ਦਾ ਏਨਾ ਪਿਆਰ ਹੀ ਸੀ ਕਿ ਇਸ ਨੂੰ ਆਪਣੇ ਪਾਸ ਲੈ ਆਂਦਾ ਸੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਜਾ ਜੀ ਨੂੰ ਕਿਹਾ ਕਿ ਕੁਝ ਕਿਰਤ ਹੋਵੇ ਤਾਂ ਭਲਾ ਕੰਮ ਹੈ । ਜਿਹੜੀ ਮੈਂ ਕਰ ਸਕਾਂ । ' ' ਤਾਂ ਭੈਣ ਜੀ ਵੀਰ ਦੇ ਪਿਆਰ ਵਿਚ ਭਿੱਜੀ ਨੇ ਕਿਹਾ ਸੀ " ਵੀਰ ! ਤੂੰ ਮੈਨੂੰ ਪ੍ਰਮੇਸ਼ਵਰ ਰੂਪ ਹੀ ਦੱਸੀਦਾ ਹੈ। ਜਿਹੋ ਜਿਹਾ ਰੂਖਾ ਸੋ ਅਸੀਂ ਖਾਂਦੇ ਹਾਂ ਖਾਹ ਤੂੰ ਇਨਾਂ ਧੰਧਿਆਂ ਵਿਚ ਨਾ ਪੈ । ਤੂੰ ਇਨ੍ਹਾਂ ਜੰਜਾਲਾਂ ਯੋਗ ਨਹੀਂ ਹੈ । ਗੁਰੂ ਜੀ ਕਿਹਾ " ਬੇਬੇ ਜੀ ! ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਰਤ ਕਰ ਕੇ ਖਾਣ ਨਾਲ ਇਹ ਸਰੀਰ ਪਵਿੱਤਰ ਤੇ ਨਰੋਆ ਰਹਿੰਦਾ ਹੈ । ਜੀਜਾ ਜੈ ਰਾਮ ਵੀ ਗੁਰੂ ਜੀ ਦਾ ਬੜਾ ਆਦਰ ਮਾਨ ਕਰਦੇ ॥ ਦੂਜੀ ਉਦਾਸੀ ਤੋਂ ਬਾਦ ਗੁਰੂ ਜੀ ੧੫੧੮ ਈਸਵੀ ਦੇ ਅਖੀਰ ਭੈਣ ਨਾਨਕੀ ਜੀ ਨੂੰ ਮਿਲਣ ਗਏ। ਵੀਰ ਤੁਰਨ ਲੱਗਾ ਤਾਂ ਰੋਕ ਲਿਆ ਕਿ ਅਜੇ ਨਹੀਂ ਜਾਣਾ ਵੀਰੇ । ਬੇਬੇ ਜੀ ਕੁਝ ਢਿੱਲੇ ਸੀ । ਭਰਾ ਦੇ ਹੱਥਾਂ ਵਿਚ ਭੈਣ ਨੇ ਪਰਾਨ ਤਿਆਗ ਦਿੱਤੇ । ਆਪਣੀ ਹੱਥੀਂ ਭੈਣ ਜੀ ਦੀ ਚਿਖਾ ਤਿਆਰ ਕੀਤੀ ਆਪਣੇ ਹੱਥਾਂ ਨਾਲ ਸਸਕਾਰ ਕੀਤਾ । ਤਿੰਨ ਦਿਨ ਬਾਦ ਜੀਜਾ ਜੈ ਰਾਮ ਜੀ ਵੀ ਰੱਬ ਨੂੰ ਪਿਆਰੇ ਹੋ ਗਏ ਆਪਣੇ ਹੱਥੀਂ ਸਸਕਾਰ ਕੀਤਾ । ਦੋਵਾਂ ਦੀ ਰਾਖ ਵੇਈ ' ਚ ਜਲ ਪ੍ਰਵਾਹ ਕਰ ਦਿੱਤੀ । ਬੇਬੇ ਨਾਨਕੀ ਜੀ ਜਿਥੇ ਰਹਿੰਦੇ ਸਨ ਤਕਰੀਬਨ ੪੩ ਸਾਲ ਏਥੇ ਹੀ ਰਹੇ। ਉਸ ਥਾਂ ਨੂੰ ਗੁਰੂ ਨਾਨਕ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ । ਭੈਣ ਨੇ ਆਪਣੇ ਵੀਰ ਨੂੰ ਖੁਲ੍ਹੇ ਵਿਹੜੇ ਵਾਲਾ ਘਰ ਬਣਾ ਦਿੱਤਾ ਆਪਣੇ ਛੋਟੇ ਘਰ ਵਿਚ ਰਹਿ ਕੇ ਗੁਜ਼ਾਰਾ ਕੀਤਾ । ਅਜੇ ਤੱਕ ਬੱਚੇ ਇਹ ਗੀਤ ਗਾਉਂਦੇ ਸੁਣੇ ਹਨ : ਨਾਨਕ ਦਾ ਘਰ ਕਿਹੜਾ ? ਜਿਸ ਦਾ ਖੁਲਾ ਵਿਹੜਾ । ਏਥੇ ਹੁਣ ਬੀਬੀ ਨਾਨਕੀ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ । ਜਿਥੇ ਉਨ੍ਹਾਂ ਦੇ ਵੇਲੇ ਤੇ ਹੱਥਾਂ ਦਾ ਤੰਦੂਰ ਤੇ ਬਰਤਨ ਸੰਭਾਲ ਕੇ ਰੱਖੇ ਗਏ ਹੋਏ ਹਨ । ਬੀਬੀ ਨਾਨਕੀ ਦਾ ਖੂਹ ਤੇ ਉਸ ਉਪਰ ਰੁਖ ਉਵੇਂ ਹੀ ਉਨਾਂ ਦੀ ਯਾਦ ਦਿਲਾ ਰਹੇ ਹਨ । ਸਾਰਾ ਨਗਰ ਹੀ ਗੁਰਦੁਆਰਿਆਂ ਸਮੇਤ ਮੁੜ ਉਸਾਰਿਆ ਗਿਆ । ਬੇਬੇ ਨਾਨਕੀ ਜੀ ਆਦਰਸ਼ਕ ਭੈਣ ਜੀ ਜਿਹੜੀ ਆਪਣੇ ਵੀਰ ਨੂੰ ਵੀਰ ਵੀ , ਪੀਰ ਵੀ ਸਮਝਦੀ ਸੀ । ਨਾਲ ਹੀ ਜੈ ਰਾਮ ਤੋਂ ਪਿਆਰੀ ਤੇ ਸਤਿਕਾਰੀ ਜਾਂਦੀ । ਜੈ ਰਾਮ ਨੂੰ ਪੂਰਾ ਮਾਣ ਤੇ ਸਤਿਕਾਰ ਦੇਂਦੀ । ਗੁਰੂ ਦੇ ਬੱਚਿਆਂ ਨੂੰ ਬੜਾ ਪਿਆਰ ਕਰਦੀ । ਬਾਬਾ ਸ੍ਰੀ ਚੰਦ ਨੂੰ ਆਪਣੇ ਪਾਸ ਰੱਖਿਆ । ਬੇਬੇ ਜੀ ਦੇ ਕੋਈ ਔਲਾਦ ਨਹੀਂ ਸੀ । ਇਨ੍ਹਾਂ ਦੋਵਾਂ ਜੀਆਂ ਦੇ ਪੂਰਿਆਂ ਹੋਣ ਤੇ ਬਾਬਾ ਸ੍ਰੀ ਚੰਦ ਜੀ ਨੂੰ ਗੁਰੂ ਜੀ ਨਾਲ ਤਲਵੰਡੀ ਲੈ ਆਏ ।

ਅੱਜ ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ, ਪਿੰਡ ਡੇਹਰਾ ਚਾਹਲ, ਲਾਹੌਰ ਵਿਖੇ ਆਪ ਜੀ ਦਾ ਜਨਮ ਦਿਹਾੜਾ ਬੜੇ ਪਿਆਰ 'ਤੇ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਰੱਬੀ ਬਾਣੀ ਦਾ ਕੀਰਤਨ ਅਤੇ ਅਰਦਾਸ ਹੋਈ। ਸੰਗਤਾਂ ਵੱਲੋਂ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲਣ ਦੀ ਸੇਵਾ ਕੀਤੀ ਗਈ। ਗਿਆਨੀ ਜਨਮ ਸਿੰਘ ਨਨਕਾਣਾ ਸਾਹਿਬ ਵਾਲਿਆਂ ਵੱਲੋਂ ਸਮੁੱਚੇ ਖਾਲਸਾ ਪੰਥ ਅਤੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਬੇ ਨਾਨਕੀ ਜੀ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ 'ਤੇ ਭਾਈ ਮਦਨ ਸਿੰਘ ਗ੍ਰੰਥੀ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ, ਚੂੰਨਾ ਮੰਡੀ ਲਾਹੌਰ, ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਨਨਕਾਣਾ ਸਾਹਿਬ, ਭਾਈ ਸ਼ੰਕਰ ਸਿੰਘ, ਗ੍ਰੰਥੀ ਭਾਈ ਬਲਰਾਜ ਸਿੰਘ ਆਦਿ ਹਾਜ਼ਰ ਸਨ।



ਗੁਰਦੁਆਰਾ ਡੇਰਾ ਚਾਹਲ, ਲਾਹੌਰ (ਪਾਕਿਸਤਾਨ) (ਜਨਮ ਅਸਥਾਨ ਬੇਬੇ ਨਾਨਕੀ ਜੀ)

## (8 ਅਪ੍ਰੈਲ ਜਨਮ ਦਿਵਸ) ਨਰਾਇਣ ਦਾਸ ਤੋਂ ਨਾਭਾ ਦਾਸ ਦਾ ਸਫ਼ਰ

-ਰਮੇਸ਼ ਬੱਗਾ ਚੋਹਲਾ

ਮਹਾਨ ਸੰਤ.ਬ੍ਰਹਮ ਗਿਆਨੀ ਅਤੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਵਜੋਂ ਜਾਣੇ ਜਾਂਦੇ ਗੁਰੂ ਨਾਭਾ ਦਾਸ ਜੀ ਦਾ ਜਨਮ 8 ਅਪ੍ਰੈਲ 1537 ਈ. ਨੂੰ ਗੋਦਾਵਰੀ ਨਦੀ ਦੇ ਕੰਢੇ 'ਤੇ ਵੱਸੇ ਪਿੰਡ ਭਦਰਾਚੱਲ ਵਿਖੇ ਹੋਇਆ। ਇਹ ਪਿੰਡ ਤੇਲੰਗਾਨਾ ਸੂਬੇ ਦੇ ਜ਼ਿਲ੍ਹਾ ਖਮਾਮ ਵਿਚ ਪੈਂਦਾ ਹੈ। ਉਨ੍ਹਾਂ ਦੀ ਮਾਤਾ ਦਾ ਨਾਮ ਜਾਨਕੀ ਦੇਵੀ ਅਤੇ ਪਿਤਾ ਦਾ ਨਾਂ ਸ੍ਰੀ ਰਾਮਦਾਸ ਸੀ। ਪਿੰਡ ਵਾਸੀ ਰਾਮਦਾਸ ਜੀ ਨੂੰ ਅਕਸਰ ਰਾਮਦਾਸੂ ਕਹਿ ਹੀ ਬੁਲਾਉਂਦੇ ਸਨ। ਇਸ ਪਰਿਵਾਰ ਦਾ ਸਬੰਧ ਹਿੰਦੋਸਤਾਨ ਦੀ ਮਿਹਨਤਕਸ਼ ਸ਼੍ਰੇਣੀ ਵਜੋਂ ਜਾਣੀ ਜਾਂਦੀ ਮਹਾਸ਼ਾ/ਡੂਮ ਬਰਾਦਰੀ ਨਾਲ ਹੈ।

ਭਾਵੇਂ ਰਾਮਦਾਸ ਜੀ ਦੀ ਰੋਟੀ-ਰੋਜ਼ੀ ਦਾ ਵਸੀਲਾ ਬੈਂਤ ਦੀਆਂ ਟੋਕਰੀਆਂ ਬਣਾ ਕੇ ਵੇਚਣਾ ਸੀ ਪਰ ਉਹ ਕੁੱਝ ਕੁ ਸੰਗੀਤਕ ਸਾਜਾਂ ਨੂੰ ਵਜਾਉਣ ਵਿਚ ਵੀ ਕਾਫ਼ੀ ਮੁਹਾਰਤ ਰੱਖਦੇ ਸਨ। ਪਿੰਡ ਭਦਰਾਚੱਲ ਵਿਚ ਭਗਵਾਨ ਰਾਮ ਚੰਦਰ ਜੀ ਦਾ ਮੰਦਰ ਬਣਿਆ ਹੋਣ ਕਰਕੇ ਰਾਮਦਾਸ ਦੀ ਭਗਵਾਨ ਰਾਮ ਚੰਦਰ ਜੀ ਦੇ ਪ੍ਰਤੀ ਅਥਾਹ ਸ਼ਰਧਾ ਸੀ।

ਰਾਮਦਾਸ ਅਤੇ ਜਾਨਕੀ ਦੇਵੀ ਦੇ ਵਿਆਹ ਨੂੰ ਲੰਮਾ ਸਮਾਂ ਹੋ ਜਾਣ ਦੇ ਬਾਵਜ਼ੂਦ ਵੀ ਉਨ੍ਹਾਂ ਦੇ ਵਿਹੜੇ ਵਿਚ ਕੋਈ (ਔਲਾਦ ਕਰਕੇ) ਰੌਣਕ ਨਹੀਂ ਸੀ ਲੱਗ ਸਕੀ। ਇਸ ਦਾ ਦੋਵਾਂ ਜੀਆਂ ਨੂੰ ਕੁੱਝ ਝੋਰਾ ਵੀ ਲੱਗਾ ਰਹਿੰਦਾ ਸੀ,ਕਿਉਂਕਿ ਪਿੰਡ ਦੇ ਕਈ ਲੋਕ ਅਕਸਰ ਉਨ੍ਹਾਂ ਨੂੰ ਔਂਤਰੇ ਹੋਣ ਦਾ ਮੇਹਣਾ ਵੀ ਮਾਰ ਦਿੰਦੇ ਸਨ। ਪਿੰਡ ਵਾਲਿਆਂ ਦੇ ਮੇਹਣਿਆਂ ਤੋਂ ਤੰਗ ਆ ਕੇ ਦੋਵਾਂ ਜੀਆਂ ਨੇ ਭਗਵਾਨ ਰਾਮ ਚੰਦਰ ਦੇ ਮੰਦਰ ਵਿਚ ਜਾ ਕੇ ਪੁੱਤਰ ਦੇ ਵਰ ਲਈ ਬੇਨਤੀ ਕੀਤੀ। ਰਾਮਦਾਸ ਅਤੇ ਜਾਨਕੀ ਦੇਵੀ ਦੁਆਰਾ ਕੀਤੀ ਗਈ ਇਹ ਬੇਨਤੀ ਪ੍ਰਵਾਨ ਹੋ ਗਈ ਜਿਸ ਦੀ ਬਾਦੌਲਤ ਉਨ੍ਹਾਂ ਦੇ ਗ੍ਰਹਿ ਵਿਖੇ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਨਰਾਇਣਦਾਸ ਰੱਖਿਆ ਗਿਆ। ਮਾਤਾ ਪਿਤਾ ਨੂੰ ਪੁੱਤਰ ਦੇ ਜਨਮ ਦੀ ਖ਼ੁਸ਼ੀ ਤਾਂ ਹੋਈ ਪਰ ਕੁੱਝ ਸਮੇਂ ਬਾਅਦ ਇਹ ਖ਼ੁਸ਼ੀ ਅੱਧੀ ਹੀ ਰਹਿ ਗਈ ਕਿਉਂਕਿ ਜਿਸ ਪੁੱਤਰ ਦਾ ਜਨਮ ਉਨ੍ਹਾਂ ਦੇ ਘਰ ਹੋਇਆ ਸੀ ਉਹ ਦੋਵਾਂ ਨੇਤਰਾਂ ਤੋਂ ਹੀਣਾ ਸੀ। ਨਰਾਇਣਦਾਸ ਦੇ ਨੇਤਰਹੀਣ ਹੋਣ ਕਰਕੇ ਉਸ ਦੀ ਪਾਲਣਾ ਲਈ ਵਧੇਰੇ ਦੇਖਭਾਲ ਅਤੇ ਪਿਆਰ ਦੀ ਲੋੜ ਸੀ ਜਿਸ ਵਿਚ ਉਨ੍ਹਾਂ ਨੇ ਕੋਈ ਕਮੀ ਨਹੀਂ ਆਉਣ ਦਿੱਤੀ। ਕਰਨੀ ਰੱਬ ਦੀ ਨਰਾਇਣਦਾਸ ਦੀ ਦੇਖਭਾਲ ਅਤੇ ਪਿਆਰ ਦਾ ਇਹ ਸਿਲਸਲਾ ਬਹੁਤੀ ਦੇਰ ਨਾ ਚੱਲ ਸਕਿਆ ਕਿਉਂਕਿ ਉਹ ਅਜੇ ਪੰਜ ਕੁ ਸਾਲ ਦਾ ਹੀ ਹੋਇਆ ਸੀ ਕਿ ਮਾਤਾ-ਪਿਤਾ ਦੋਵੇਂ ਹੀ ਅੱਖਾਂ ਮੀਟ ਗਏ। ਮਾਤਾ-ਪਿਤਾ ਦੇ ਇਸ ਤਰ੍ਹਾਂ ਅਚਾਨਕ ਤੁਰ ਜਾਣ 'ਤੇ ਬਾਲਕ ਨਰਾਇਣਦਾਸ ਇਕੱਲਾ ਰਹਿ ਗਿਆ। ਆਪਣੀ ਇਸ ਇਕੱਲਤਾ ਤੋਂ ਘਬਰਾਉਣ ਦੀ ਬਜਾਏ ਉਸ ਨੇ ਇਸ ਨੂੰ ਭਗਵਾਨ ਰਾਮ ਚੰਦਰ ਜੀ ਨੂੰ ਸਮਰਪਿਤ ਕਰ ਦਿੱਤਾ। ਉਹ ਨਿੱਤਨੇਮ ਨਾਲ ਮੰਦਰ ਵਿਚ ਜਾਂਦਾ ਅਤੇ ਆਪਣੇ ਤਨ ਤੇ ਮਨ ਨੂੰ ਪ੍ਰਭੂ-ਭਗਤੀ ਵਿਚ ਰੰਗ ਲੈਂਦਾ। ਮੰਨਿਆ ਜਾਂਦਾ ਹੈ ਕਿ ਉਸ ਦੀ ਇਸ ਭਗਤੀ ਨੇ ਬਚਪਨ ਵਿਚ ਹੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਗੋਦਾਵਰੀ ਦੇ ਕਿਨਾਰੇ 'ਤੇ ਆਪਣੇ ਹਾਣੀਆਂ ਨਾਲ ਖੇਡਣ ਜਾਂਦਾ ਤਾਂ ਉਹ ਨਦੀ ਵਿਚਲੀ ਰੇਤ ਦੇ ਲੱਡੂ ਬਣਾਉਣ ਲੱਗ ਪੈਂਦਾ। ਖੇਡਦਿਆਂ-ਖੇਡਦਿਆਂ ਜਦੋਂ ਉਸ ਦੀ ਬਿਰਤੀ ਭਗਵਾਨ ਨਾਲ ਜੁੜ ਜਾਂਦੀ ਤਾਂ ਇਹ ਲੱਡੂ ਅਸਲੀ ਮਠਿਆਈ ਦਾ ਰੂਪ ਧਾਰਨ ਕਰ ਲੈਂਦੇ।

ਇੱਕ ਦਿਨ ਬਾਲਕ ਨਰਾਇਣ ਦਾਸ ਇੱਕ ਦਰਖ਼ਤ ਦੇ ਹੇਠ ਪ੍ਰਭੂ-ਭਗਤੀ ਵਿਚ ਲੀਨ ਬੈਠਾ ਸੀ ਕਿ ਉਸ ਦੇ ਕੋਲ ਦੀ ਸੰਤ ਅਗਰਦਾਸ ਅਤੇ ਕੀਲਦਾਸ ਜੀ ਲੰਘੇ। ਇਹ ਦੋਵੇਂ ਸੰਤ ਆਪਣੇ ਸਮੇਂ ਦੇ ਪਹੁੰਚੇ ਹੋਏ ਸੰਤ ਸਨ। ਅੰਤਰ ਧਿਆਨ ਹੋਏ ਬਾਲਕ ਨੇੜੇ ਜਾ ਕੇ ਇਨ੍ਹਾਂ ਸੰਤਾਂ ਨੇ ਪੁੱਛਿਆ-

'ਹੇ ਬਾਲਕ! ਤੂੰ ਕੌਣ ਹੈਂ ਅਤੇ ਇੱਥੇ ਕੀ ਕਰ ਰਿਹਾ ਹੈਂ?'

'ਮੈਂ ਪ੍ਰਭੂ ਦੁਆਰਾ ਬਣਾਇਆ ਹੋਇਆ ਪੰਜ ਤੱਤਾਂ ਦਾ ਪੁਤਲਾ ਹਾਂ ਅਤੇ ਉਸ ਦੀ ਯਾਦ ਵਿਚ ਮਗਨ ਹੋਇਆ ਬੈਠਾ ਹਾਂ।' ਬਾਲਕ ਨੇ ਜੁਆਬ ਦਿੱਤਾ।

ਇੱਕ ਛੋਟੇ ਜਿਹੇ ਬਾਲਕ ਕੋਲੋਂ ਬਹੁਤ ਡੂੰਘਾ ਅਤੇ ਰਮਜ਼ ਭਰਿਆ ਜਵਾਬ ਸੁਣ ਕੇ ਦੋਵੇਂ ਸੰਤ ਬਹੁਤ ਹੈਰਾਨ ਹੋਏ। ਇਸ ਹੈਰਾਨੀ ਦੇ ਨਾਲ-ਨਾਲ ਉਨ੍ਹਾਂ ਨੂੰ ਕੁੱਝ ਪ੍ਰਸੰਨਤਾ ਵੀ ਹੋਈ। ਇਸ ਪ੍ਰਸੰਨਤਾ ਵੱਸ ਉਨ੍ਹਾਂ ਨੇ ਨਰਾਇਣ ਦਾਸ ਨੂੰ ਆਪਣੇ ਨਾਲ ਲੈ ਜਾਣ ਦੀ ਇੱਛਾ ਪ੍ਰਗਟ ਕੀਤੀ ਪਰ ਉਸ ਨੇ ਕਿਹਾ ਕਿ ਉਹ ਨੇਤਰਹੀਣ ਹੋਣ ਕਰਕੇ ਕਿਧਰੇ ਜਾ ਨਹੀਂ ਸਕਦਾ। ਉਸ ਦੀ ਇਹ ਗੱਲ ਸੁਣ ਕੇ ਸੰਤ ਕੀਲ ਦਾਸ ਨੇ ਆਪਣੇ ਹੱਥਾਂ ਨਾਲ ਜਲ ਦੇ ਕੁੱਝ ਛਿੱਟੇ ਬਾਲਕ ਨਰਾਇਣ ਦਾਸ ਦੇ ਨੇਤਰਾਂ 'ਤੇ ਮਾਰੇ ਜਿਸ ਨਾਲ ਉਸ ਨੂੰ ਸਾਫ਼ ਦਿਖਾਈ ਦੇਣ ਲੱਗ ਪਿਆ।

ਸੰਤਾਂ ਦੀ ਕਿਰਪਾ ਨਾਲ ਹੁਣ ਨਰਾਇਣ ਦਾਸ ਨੂੰ ਇੱਕ ਨਵੀਂ ਰੋਸ਼ਨੀ ਮਿਲ ਚੁੱਕੀ ਸੀ। ਇਸ ਰੋਸ਼ਨੀ ਸਦਕਾ ਉਹ ਹੁਣ ਉਨ੍ਹਾਂ ਸੰਤਾਂ ਦੇ ਨਾਲ ਹੀ ਹੋ ਤੁਰਿਆ। ਮੰਜ਼ਿਲਾਂ ਨੂੰ ਮਾਰਦੇ ਹੋਏ ਇਹ ਸੰਤ ਉਸ ਨੂੰ ਜੈਪੁਰ (ਰਾਜਸਥਾਨ) ਸ਼ਹਿਰ ਦੇ ਘਲਟਾ ਧਾਮ ਵਿਖੇ ਲੈ ਆਏ।

. ਧਾਮ ਵਿਖੇ ਪਹੁੰਚ ਕੇ ਨਰਾਇਣ ਦਾਸ ਨੇ ਸੰਤ ਅਗਰਦਾਸ ਅੱਗੇ ਬੇਨਤੀ ਕੀਤੀ ਉਸ ਨੂੰ ਧਾਮ ਦੀ ਕੋਈ ਪੱਕੀ ਸੇਵਾ/ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇ। ਉਸ ਦੀ ਸੇਵਾ-ਭਾਵਨਾ ਨੂੰ ਦੇਖਦਿਆਂ ਸੰਤ ਜੀ ਨੇ ਕਿਹਾ ਕਿ ਜਦੋਂ ਮੈਂ ਸਤਿਸੰਗ ਵਿਚ ਆਈ ਸੰਗਤ ਨੂੰ ਉਪਦੇਸ਼ ਕਰਾਂ ਤਾਂ ਤੂੰ ਹੱਥ-ਪੱਖਾ ਝਲਣ ਦੀ ਸੇਵਾ ਕਰਿਆ ਕਰ। ਗੁਰੂ ਦਾ ਹੁਕਮ ਪਾ ਕੇ ਨਰਾਇਣ ਦਾਸ ਨੇ ਇਸ ਸੇਵਾ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ।

. ਇੱਕ ਦਿਨ ਸੰਤ ਅਗਰਦਾਸ ਜੀ ਦਾ ਸਤਿਸੰਗ ਚੱਲ ਰਿਹਾ ਸੀ। ਸੰਤ ਜੀ ਬਚਨ ਭਾਵੇਂ ਕਰ ਰਹੇ ਸਨ ਪਰ ਅੱਜ ਉਨ੍ਹਾਂ ਦੇ ਉਪਦੇਸ਼ ਵਿਚ ਪਹਿਲਾਂ ਵਰਗੀ ਗੱਲ ਨਹੀਂ ਬਣ ਰਹੀ ਸੀ। ਇਸ ਦਾ ਕਾਰਨ ਇਹ ਸੀ ਉਨ੍ਹਾਂ ਦੇ ਇੱਕ ਪਰਮ-ਸੇਵਕ ਦਾ ਵਪਾਰਕ-ਬੇੜਾ ਸਮੁੰਦਰੀ ਤੁਫ਼ਾਨ ਵਿਚ ਘਿਰ ਚੁੱਕਾ ਸੀ ਅਤੇ ਉਹ ਇਸ ਬੇੜੇ ਨੂੰ ਪਾਰ ਲਗਾਉਣ ਲਈ ਸੰਤ ਜੀ ਨੂੰ ਬੇਨਤੀ ਕਰ ਰਿਹਾ ਸੀ। ਸੰਤ ਅਗਰਦਾਸ ਦੀ ਬਿਰਤੀ ਉਸ ਬੇਨਤੀ ਨਾਲ ਜੁੜ ਜਾਣ ਕਾਰਨ ਉਨ੍ਹਾਂ ਦੇ ਉਪਦੇਸ਼ ਉੱਖੜ ਰਹੇ ਸਨ। ਨਰਾਇਣ ਦਾਸ ਨੇ ਆਪਣੇ ਅੰਦਰ ਦੀ ਰੋਸ਼ਨੀ ਨਾਲ ਆਪਣੇ ਗੁਰੂ ਦੀ ਬੇਚੈਨੀ ਨੂੰ ਮਹਿਸੂਸ ਕਰ ਲਿਆ ਅਤੇ ਆਪਣੇ ਪੱਖੇ ਦੀ ਗਤੀ ਨੂੰ ਤੇਜ ਕਰ ਦਿੱਤਾ। ਇਸ ਨਾਲ ਉਸ ਸੇਵਕ ਦਾ ਫਸਿਆ ਹੋਇਆ ਬੇੜਾ ਬੰਨੇ ਲੱਗ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਅਗਰਦਾਸ ਨੂੰ ਆਖ ਦਿੱਤਾ ਕਿ ਉਹ ਆਪਣੇ ਉਪਦੇਸ਼ ਨੂੰ ਜਾਰੀ ਰੱਖਣ ਕਿਉਂਕਿ ਸੇਵਕ ਆਸ/ਅਰਦਾਸ ਪੂਰੀ ਹੋ ਚੁੱਕੀ ਹੈ।

. ਨਰਾਇਣ ਦਾਸ ਦੀ ਇਸ ਉੱਚੀ ਤੇ ਸੁੱਚੀ ਪਹੁੰਚ ਤੋਂ ਪ੍ਰਸੰਨਚਿੱਤ ਹੋ ਕੇ ਗੁਰੂ ਅਗਰਦਾਸ ਨੇ ਉਸ ਦੇ ਹੱਥੋਂ ਹੱਥ-ਪੱਖ ਫੜ੍ਹ ਲਿਆ ਅਤੇ ਬਚਨ ਕੀਤਾ ਕਿ ਹੁਣ ਤੂੰ ਅੰਦਰ ਦੀਆਂ ਜਾਣਨ ਲੱਗ ਗਿਆ ਹੈਂ,ਜੋ ਕਿ ਇੱਕ ਮਹਾਨ ਅਤੇ ਪਵਿੱਤਰ ਆਤਮਾ ਵਾਲਾ ਸੰਤ ਹੀ ਕਰ ਸਕਦਾ ਹੈ। ਅੱਜ ਤੋਂ ਤੇਰਾ ਨਾਮ ਨਰਾਇਣ ਦਾਸ ਤੋਂ ਨਾਭਾ ਦਾਸ ਹੋਇਆ। ਹੁਣ ਤੂੰ ਪੱਖਾ ਫੇਰਨ ਦੀ ਸੇਵਾ ਨਹੀਂ ਕਰਨੀ ਸਗੋਂ ਉਨ੍ਹਾਂ ਸੰਤਾਂ-ਮਹਾਤਮਾਂ ਦਾ ਜੀਵਨ-ਇਤਹਾਸ ਲਿਖਣਾ ਹੈ ਜਿਹੜੇ ਸਤਿਯੁੱਗ ਤੋਂ ਲੈ ਕੇ ਕਲਿਯੁੱਗ ਤੱਕ ਇਸ ਧਰਤੀ ਉਪਰ ਆਉਂਦੇ ਰਹੇ ਹਨ ਅਤੇ ਲੋਕਾਈ ਦੇ ਕਲਿਆਣ ਹਿੱਤ ਕਾਰਜ ਕਰਦੇ ਰਹੇ ਹਨ। ਇਸ ਦਿਨ ਤੋਂ ਬਾਅਦ ਗੋਸਵਾਮੀ ਨਾਭਾ ਦਾਸ ਜੀ ਨੇ ਧਾਰਮਿਕ ਉਪਦੇਸ਼ ਦੇਣ ਦੇ ਨਾਲ-ਨਾਲ ਲੇਖਣੀ ਦੀ ਸੇਵਾ ਵੀ ਸੰਭਾਲ ਲਈ ਅਤੇ ਕਈ ਮਹਾਨ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ 'ਭਗਤਮਾਲਾ' ਨਾਮ ਦਾ ਗ੍ਰੰਥ ਵਰਨਣਯੋਗ ਹੈ।




ਗਲੀ ਨੰ: 8 ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ)
ਮੋਬ:9463132719


# ਜ਼ਰੂਰ ਜਾਣੋ; ਗਿਆਨ ਗੰਗਾ

**॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪੰਜਾਬ ਦੀ ਨਵੀਂ ਸਰਕਾਰ ਇਹ ਸਮਝ ਕੇ ਚੱਲੇ ਕਿ ਯੇ ਜੋ ਪਬਲਿਕ ਹੈ, ਸਬ ਜਾਨਤੀ ਹੈ





ਜਤਿੰਦਰ ਪੰਨੂ

ਇੱਕ ਪੁਰਾਣੀ ਯਾਦ ਦੱਸਣ ਲੱਗਾ ਹਾਂ, ਜਿਸ ਦਾ ਸੰਬੰਧ ਇਸ ਚਰਚਾ ਦੇ ਨਾਲ ਹੈ ਕਿ ਪੰਜਾਬ ਦੀ ਨਵੀਂ ਸਰਕਾਰ ਬਣਨ ਨਾਲ ਸਰਕਾਰੀ ਮਹਿਕਮਿਆਂ ਦੇ ਹਾਲਾਤ ਬਦਲ ਗਏ ਹਨ। ਹਾਲਾਤ ਕਿੰਨੇ ਕੁ ਬਦਲੇ ਤੇ ਬਦਲੇ ਵੀ ਹਨ ਕਿ ਬਦਲੇ ਤੋਂ ਬਿਨਾਂ ਹੀ ਕੁਝ ਲੋਕ ਬਦਲ ਗਏ ਕਹੀ ਜਾਂਦੇ ਹਨ ਅਤੇ ਜੇ ਬਦਲ ਗਏ ਤਾਂ ਕਿਉਂ ਬਦਲੇ, ਉਸ ਪੁਰਾਣੀ ਯਾਦ ਤੋਂ ਗੱਲ ਸਮਝਣੀ ਕੁਝ ਸੌਖੀ ਹੋ ਸਕਦੀ ਹੈ ਅਤੇ ਇਹ ਵੀ ਪਤਾ ਲੱਗ ਸਕਦਾ ਹੈ ਕਿ ਕਸੂਰ ਕਿਸ ਦਾ ਹੈ।

ਮੰਤਰੀ ਮਾਝੇ ਦਾ ਸੀ ਅਤੇ ਬੋਲੀ ਬਹੁਤ ਭੈੜੀ ਬੋਲਦਾ ਹੁੰਦਾ ਸੀ। ਏਦਾਂ ਦੀ ਇੱਕ ਹਰਕਤਕਾਰਨਸਾਨੂੰ ਇੱਕ ਲੇਖ ਵਿੱਚ ਉਸ ਦੀ ਨਿੰਦਾ ਕਰਨੀ ਪਈ। ਜਦੋਂ ਅਗਲੇ ਦਿਨੀਂ ਕਿਸੇ ਸਮਾਜੀ ਸਮਾਗਮ ਵਿੱਚ ਅਚਾਨਕ ਮਿਲੇ ਤਾਂ ਉਸ ਨੇ ਝੱਟ ਕਿਹਾ: 'ਤੂੰ ਮੇਰੇ ਬਾਰੇ ਉਹ ਕਿਉਂ ਲਿਖਿਆ ਸੀ? ਤੈਨੂੰ ਇਹ ਨਹੀਂ ਪਤਾ ਕਿ ਮੈਂ ਕੀ ਹਾਂ?' ਮੈਂ ਹੱਸਦੇ ਹੋਏ ਆਖਿਆ ਕਿ 'ਤੁਸੀਂ ਕੌਣ ਹੈਂ, ਮੈਂ ਜਾਣਦਾ ਹਾਂ ਤੇ ਮੈਂ ਕੌਣ ਹਾਂ, ਇਹ ਤੁਸੀਂ ਜਾਣਦੇ ਨਹੀਂ।' ਉਹ ਕਹਿਣ ਲੱਗਾ: 'ਕੀ ਹੈਂ ਤੂੰ, ਅਖਬਾਰ ਦਾ ਪੱਤਰਕਾਰ ਬਣ ਗਿਆ ਤਾਂ ਖੁਦਾ ਨਹੀਂ ਬਣ ਗਿਆ, ਮੈਂ ਮੰਤਰੀ ਹਾਂ।' ਮੈਂ ਫਿਰ ਹਾਸੇ ਵਿੱਚ ਕਿਹਾ: 'ਨਹੀਂ, ਤੁਸੀਂ ਕੱਚੇ ਥੜ੍ਹੇ ਉੱਤੇ ਖੜੇ ਹੋ, ਮੈਂ ਪੱਕੀ ਬੁਰਜੀ ਉੱਤੇ ਖੜਾ ਹਾਂ। ਅਗਲੀ ਚੋਣ ਵਿੱਚ ਹਾਰ ਗਏ ਤਾਂ ਤੁਹਾਡਾ ਥੜ੍ਹਾ ਢਹਿ ਜਾਵੇਗਾ ਤੇ ਤੁਹਾਨੂੰ ਕਿਸੇ ਨੇ ਪੁੱਛਣਾ ਨਹੀਂ, ਮੈਂ ਓਦੋਂ ਵੀ ਪੱਤਰਕਾਰ ਹੋਵਾਂਗਾ, ਇਸ ਤੋਂ ਅੱਗੇ ਜਾਣ ਦੀ ਮੇਰੀ ਕੋਈ ਇੱਛਾ ਨਹੀਂ ਅਤੇ ਏਨੀ ਕੁ ਥਾਂ ਮੇਰੇ ਜੋਗੀ ਮੀਡੀਏ ਦੀ ਕਿਸੇ ਨਾ ਕਿਸੇ ਨੁੱਕਰ ਵਿੱਚ ਬਣੀ ਰਹੇਗੀ।' ਅਗਲੀ ਚੋਣ ਵਿੱਚ ਉਹ ਹਾਰ ਗਿਆ ਤੇ ਫਿਰ ਇੱਕ ਦਿਨ ਸਾਡੇ ਦਫਤਰ ਆ ਗਿਆ। ਮੈਂ ਉੱਠ ਕੇ ਹੱਥ ਮਿਲ-ਾਇਆ ਤੇ ਨਾਲ ਉਚੇਚਾ ਕਿਹਾ: 'ਸਾਬਕਾ ਮੰਤਰੀ ਜੀ, ਤੁਹਾਨੂੰ ਜੀ ਆਇਆਂ'। ਉਹ 'ਸਾਬਕਾ' ਦੀ ਛੇੜ ਸੁਣਕੇ ਚੁੱਪ ਰਿਹਾ ਅਤੇ ਇਹ ਦੱਸਣ ਲੱਗ ਪਿਆ ਕਿ ਨਵੀਂ ਸਰਕਾਰ ਨੇ ਉਸ ਉੱਤੇ ਕੇਸ ਬਣਾ ਦਿੱਤਾ ਹੈ, ਉਹ ਆਪਣਾ ਪੱਖ ਰੱਖਣਾ ਚਾਹੁੰਦਾ ਹੈ। ਮੈਂ ਕਿਹਾ ਕਿ ਇਹ ਕੰਮ ਤਾਂ ਕਿਸੇ ਪੱਤਰਕਾਰ ਨੂੰ ਪ੍ਰੈੱਸ ਨੋਟ ਦੇ ਕੇ ਕਰਵਾ ਲੈਣਾ ਸੀ। ਉਸ ਨੇ ਹੌਲੀ ਜਿਹੀ ਆਖਿਆ, 'ਮੈਂ ਤਾਂ ਇੱਕ ਪ੍ਰੈੱਸ ਕਾਨਫਰੰਸ ਕਰ ਲਈ, ਮੇਰੀ ਕਿਸੇ ਨੇ ਖਬਰ ਨਹੀਂ ਲਾਈ।' ਮੈਂ ਹੱਸ ਕੇ ਕਿਹਾ: 'ਉਨ੍ਹਾਂ ਨੂੰ ਪਤਾ ਲੱਗ ਗਿਆ ਹੋਣਾ ਕਿ ਤੁਸੀਂ ਅੱਜਕੱਲ੍ਹ ਸਾਬਕਾ ਹੋ ਗਏ ਹੋ, ਪਰ ਤੁਹਾਡੀ ਥਾਂ ਨਵੇਂ ਮੰਤਰੀਆਂ ਨੂੰ ਇਹ ਕੌਣ ਦੱਸੇਗਾ ਕਿ ਭਲਕ ਨੂੰ ਉਨ੍ਹਾਂ ਨਾਲ ਵੀ ਇਹੋ ਹੋਣਾ ਹੈ?'

ਜਿਹੜੀ ਗੱਲ ਅਸੀਂ ਏਥੇ ਲਿਖੀ ਹੈ, ਇਸ ਦਾ ਆਧਾਰ ਇਹ ਖਬਰ ਹੈ ਕਿ ਭਾਰਤ ਦੇ ਚੀਫ ਜਸਟਿਸ ਨੇ ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਅਫਸਰਾਂ ਨੂੰ ਚੋਭ ਲਾਈ ਹੈ। ਜਸਟਿਸ ਰਾਮੰਨਾ ਨੇ ਕਿਹਾ ਹੈ ਕਿ ਸਰਕਾਰਾਂਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹੋਣ ਕਾਰਨ ਵਕਤੀ ਹੁੰਦੀਆਂ ਹਨ, ਤੁਸੀਂ ਸਥਾਈ ਨੌਕਰੀ ਵਾਲੇ ਹੋ, ਸਰਕਾਰ ਬਦਲਣ ਨਾਲ ਬਦਲ ਨਾ ਜਾਇਆ ਕਰੋ, ਨਿਯਮ-ਕਾਨੂੰਨ ਮੁਤਾਬਕ ਚੱਲਿਆ ਕਰੋ। ਇਹ ਗੱਲ ਵੱਡਾ ਸੱਚ ਹੈ ਕਿ ਸਰਕਾਰ ਬਦਲਣ ਨਾਲ ਭਾਰਤ ਦੀਆਂ ਕੇਂਦਰੀ ਏਜੰਸੀਆਂ ਵਾਲੇ ਵੀ ਅਤੇ ਰਾਜ ਦੀਆਂ ਏਜੰਸੀਆਂ ਦੇ ਅਫਸਰ ਵੀ ਨਵੇਂ ਹਾਕਮ ਦੇ ਮੂੰਹ ਵੱਲ ਝਾਕਣ ਲੱਗਦੇ ਹਨ ਤੇ ਨਿਯਮਾਂ ਨੂੰ ਨਵੇਂ ਹਾਕਮਾਂ ਖਾਤਰ ਉਲੰਘਣ ਲਈ ਤਿਆਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਝ ਹੁੰਦੀ ਹੈ ਕਿ ਨੌਕਰੀ ਜਾਂ ਅਫਸਰੀ ਦੇਸ਼ ਦੇ ਸੰਵਿਧਾਨ ਮੁਤਾਬਕ ਕਰਨੀ ਚਾਹੀਦੀ ਹੈ, ਪਰ ਸਿਆਸੀ ਆਗੂਆਂ ਨੇ ਏਦਾਂ ਦੀ ਦਹਿਸ਼ਤ ਪਾ ਰੱਖੀ ਹੈ ਕਿ ਜਿਸ ਕਿਸੇ ਨੇ ਮੌਕੇ ਦੇ ਮਾਲਕ ਸਿਆਸੀ ਆਗੂ ਦੀ ਅੱਖ ਦੇ ਇਸ਼ਾਰੇ ਮੁਤਾ-ਬਕ ਕੰਮ ਨਾ ਕੀਤਾ, ਅਗਲੇ ਦਿਨ ਉਸ ਨੂੰ ਬਿਸਤਰਾ ਚੁਕਾ ਕੇ ਦੂਸਰੀ ਥਾਂ ਤੋਰਿਆ ਜਾ ਸਕਦਾ ਹੈ। ਉਨ੍ਹਾ ਦੇ ਵੀ ਪਰਵਾਰ ਹਨ। ਅੱਜ ਪਠਾਨਕੋਟ ਲੱਗੇ ਜਿਸ ਅਫਸਰ ਨੂੰ ਬੱਚਿਆਂ ਦੇ ਇਮਤਿਹਾਨ ਨੇੜੇ ਅੱਧੀ ਰਾਤ ਉਠਾ ਕੇ ਸਵੇਰੇ ਰਾਜ ਦੇ ਦੂਸਰੇ ਪਾਸੇ ਮਾਨਸਾ ਨੂੰ ਜਾਣ ਦਾ ਹੁਕਮ ਦੇ ਦਿੱਤਾ ਜਾਵੇ, ਪਰਵਾਰ ਛੱਡ ਕੇ ਖੜੇ ਪੈਰ ਜਾਣਾ ਔਖਾ ਹੋਵੇ, ਅਗਲੇ ਦਿਨ ਉਹ ਕਿਸੇ ਮੰਤਰੀ ਨੂੰ ਮਿਲਣ ਅਤੇ ਪਹੁੰਚਬਣਾਉਣ ਰੁੱਝ ਜਾਂਦਾ ਹੈ। ਹਰਿਆਣੇ ਵਿੱਚ ਅਸ਼ੋਕ ਖੇਮਕਾ ਨਾਂਅ ਦੇ ਅਫਸਰ ਦੀ ਜਿੰਨੇ ਸਾਲ ਸਰਵਿਸ ਹੈ, ਉਸ ਦੇ ਨੌਕਰੀ ਦੇ ਸਾਲਾਂ ਨਾਲੋਂ ਵੱਧ ਥਾਂਈਂ ਉਸ ਦੀ ਬਦਲੀ ਕੀਤੀ ਜਾ ਚੁੱਕੀ ਹੈ ਤੇ ਬਿਸਤਰਾ ਉਹ ਰੋਜ਼ ਰਾਤ ਬੰਨ੍ਹ ਕੇ ਸੌਂਦਾ ਹੈ ਕਿ ਭਲਕੇ ਨਵੀਂ ਥਾਂ ਜਾਣਾ ਪੈ ਸਕਦਾ ਹੈ, ਪਰ ਸਾਰੇ ਅਫਸਰ ਏਦਾਂ ਦੇ ਨਹੀਂ ਹੋ ਸਕਦੇ।

ਕਿਉਂਕਿ ਸਾਰੇ ਅਫਸਰ ਏਦਾਂ ਦੇ ਨਹੀਂ ਹੁੰਦੇ, ਇਸ ਲਈ ਜਦੋਂ ਕਦੇ ਸਰਕਾਰ ਬਦਲਦੀ ਹੈ, ਅਫਸਰਾਂ ਦੀ ਪਹਿਲੀ ਕੋਸ਼ਿਸ਼ ਇਹ ਸ਼ੁਰੂ ਹੋ ਜਾਂਦੀ ਹੈ ਕਿ ਕਿਸੇ ਮੰਤਰੀ ਤੱਕ ਪਹੁੰਚ ਕਰ ਕੇ ਪੱਕੀ ਧਿਰ ਲੱਭੀ ਜਾਵੇ ਤਾਂ ਕਿ ਇਸ ਸਰਕਾਰ ਦੇ ਰਾਜ ਦੌਰਾਨ ਉਸ ਦੀ ਓਟ ਨਾਲ ਦਿਨ ਕੱਟੇ ਜਾ ਸਕਣ। ਇਹੋ ਦੌੜ ਹਰ ਵਾਰ ਸਰਕਾਰਾਂ ਲਈ ਮਨ-ਆਈਆਂ ਕਰਨ ਦਾ ਸਬੱਬ ਪੈਦਾ ਕਰਦੀ ਹੈ ਅਤੇ ਇਹੀ ਦੌੜ ਇਸ ਵਕਤ ਪੰਜਾਬ ਦੀ ਨਵੀਂ ਸਰਕਾਰ ਦੇ ਮੰਤਰੀਆਂ ਦੇ ਦੁਆਲੇ ਲੱਗੀ ਦਿੱਸਣ ਲੱਗ ਪਈ ਹੈ। ਕੱਲ੍ਹ ਦੇ ਸਿਰੇ ਦੇ ਭ੍ਰਿਸ਼ਟ ਅਫਸਰ ਜਾ ਕੇ ਉਨ੍ਹਾਂ ਦੇ ਗੋਡੇ ਘੁੱਟ ਕੇ ਕਹੀ ਜਾਂਦੇ ਹਨ ਕਿ ਪਿਛਲੀ ਸਰਕਾਰ ਦੇ ਭ੍ਰਿਸ਼ਟਾਚਾਰ ਤੋਂ ਅਸੀਂ ਬੜੇ ਅੱਕੇ ਪਏ ਸਾਂ ਅਤੇ ਨਵੀਂ ਸਰਕਾਰ ਉਡੀਕਦੇ ਸਾਂ, ਸ਼ੁਕਰ ਹੈ ਤੁਹਾਡੀ ਸਰਕਾਰ ਬਣੀ ਹੈ, ਜਿੱਥੇ ਮਰਜ਼ੀ ਲੁਆ ਦਿਓ, ਮੈਂ ਅਗਲੇ ਪੰਜੇ ਸਾਲ ਤੁਹਾਡੇ ਤੋਂ ਬਿਨਾਂ ਕਿਸੇ ਕੋਲ ਨਹੀਂ ਜਾਣਾ। ਏਹੀ ਗੱਲ ਉਹ ਕਈ ਹੋਰ ਅੱਡਿਆਂ ਉੱਤੇ ਜਾ ਕੇ ਵੀ ਨਵੇਂ ਮੰਤਰੀਆਂ ਨੂੰ ਕਹਿ ਕੇ ਆਏ ਹੋ ਸਕਦੇ ਹਨ, ਪਰ ਹਰ ਨਵੇਂ ਆਗੂ ਕੋਲ ਜਾ ਕੇ ਏਦਾਂ ਦਾ ਰਟਨ-ਮੰਤਰੀ ਪੜ੍ਹੀ ਜਾਂਦੇ ਤੇ ਨਾਲ 'ਖਿਆਲ ਰੱਖਣ ਬਦਲੇ ਖਿਆਲ ਰੱਖਣ' ਦਾ ਸੰਕੇਤ ਕਰੀ ਜਾ ਰਹੇ ਹਨ। ਨਵੀਂ ਆਈ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਲੋਕਾਂ ਲਈ ਇੱਕ ਨੰਬਰ ਜਾਰੀ ਕਰ ਕੇ ਕਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਇਸ ਨੰਬਰ ਉੱਤੇ ਕਰਿਆ ਕਰਨ, ਲੋਕ ਕਰਨ ਵੀ ਲੱਗ ਪਏ ਤੇ ਉਨ੍ਹਾਂ ਬਾਰੇ ਕਾਰਵਾਈ ਦੇ ਚਰਚੇ ਵੀ ਹੋਣ ਲੱਗ ਪਏ ਹਨ, ਪਰ ਜਿਹੜੇ ਸੰਕੇਤ ਭ੍ਰਿਸ਼ਟਾਚਾਰੀ ਅਫਸਰਾਂ ਵੱਲੋਂ ਨਵੇਂ ਮੰਤਰੀਆਂ ਦੇ ਘਰ ਜਾ ਕੇ ਕੀਤੇ ਜਾਣ ਲੱਗ ਪਏ ਹਨ, ਬੁੱਕਲ ਵਿੱਚ ਰੋੜੀ ਭੰਨਣ ਵਰਗੇ ਉਨ੍ਹਾਂ ਸੰਕੇਤਾਂ ਬਾਰੇ ਮੁੱਖ ਮੰਤਰੀ ਨੂੰ ਕੌਣ ਦੱਸੇਗਾ! ਇਹ ਗੱਲ ਕਿਸੇ ਇੱਕ ਜਾਂ ਦੋ ਆਗੂਆਂ ਬਾਰੇ ਨਹੀਂ, ਕਈ ਨਵੇਂ ਮੰਤਰੀਆਂ ਬਾਰੇ ਸੁਣੀ ਜਾ ਰਹੀ ਹੈ, ਸੱਚ-ਝੂਠ ਦਾ ਪਤਾ ਨਹੀਂ।

ਅਜੇ ਇਸ ਸਰਕਾਰ ਬਣੀ ਨੂੰ ਮਹੀਨਾ ਨਹੀਂ ਹੋਇਆ, ਕੁਝ ਕਦਮ ਮੁੱਖ ਮੰਤਰੀ ਪੱਧਰ ਉੱਤੇ ਚੁੱਕਣ ਨਾਲ ਪੰਜਾਬ ਦੇ ਲੋਕਾਂ ਵਿੱਚ ਭੱਲ ਬਣੀ ਹੋ ਸਕਦੀ ਹੈ, ਪਰ ਜਿੰਨੇ ਦਾਅਵੇ ਕੀਤੇ ਜਾ ਰਹੇ ਸਨ, ਉਨ੍ਹਾਂ ਬਾਰੇ ਤਾਂ ਲੋਕਾਂ ਨੂੰ ਬਹੁਤਾ ਅਮਲ ਹੁੰਦਾ ਦਿੱਸਦਾ ਨਹੀਂ। ਜਿਹੜਾ ਓਪਰਾ ਜਿਹਾ ਡਰ ਤਹਿਸੀਲਾਂ ਅਤੇ ਹੋਰ ਦਫਤਰਾਂ ਵਿੱਚ ਵੇਖਿਆ ਗਿਆ ਹੈ, ਇਸ ਤਰ੍ਹਾਂ ਦਾ ਡਰ ਤਾਂ ਵੀਹ ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰੀ ਮੁੱਖ ਮੰਤਰੀ ਬਣਿਆ ਸੀ, ਉਸ ਦੀ ਆਮਦਨਾਲ ਵੀ ਪਿਆ ਸੀ ਤੇ ਛੇ ਕੁ ਮਹੀਨੇ ਬਣਿਆ ਰਹਿਣ ਮਗਰੋਂ ਖਤਮ ਹੋ ਗਿਆ ਸੀ। ਉਲਟਾ ਸਾਰੇ ਦਫਤਰਾਂ ਦੇ ਮੁਲਾਜ਼ਮਾਂ ਨੇ ਰੇਟ ਵਧਾ ਲਏ ਸਨ ਤੇ ਕਾਰਨ ਇਹ ਦੱਸਦੇ ਸਨ ਕਿ ਇਸ ਨਾਲ 'ਰਿਸਕ ਫੈਕਟਰ' ਜੁੜ ਗਿਆ ਹੋਣ ਕਰ ਕੇ ਪਹਿਲੇ ਰੇਟਾਂ ਨਾਲ ਸਰਦਾ ਨਹੀਂ। ਕਾਰਵਾਈ ਅਜੇ ਤੱਕ ਕਿੰਨੀ ਕੀਤੀ ਗਈ ਹੈ, ਕੋਈ ਥਾਣੇਦਾਰ ਫੜ ਲਿਆ ਤੇ ਤਹਿਸੀਲ ਵਿੱਚ ਕੋਈ ਕਲਰਕ ਬੀਬੀ ਗ੍ਰਿਫਤਾਰ ਕਰ ਲਈ, ਕਿਸੇ ਵੱਡੇ ਅਫਸਰ ਨੂੰ ਜਾਂ ਉਸ ਦੇ ਕਿਸੇ ਦਲਾਲ ਨੂੰ ਹੱਥ ਪਾਉਣ ਦੀ ਕੋਈ ਖਬਰ ਪੜ੍ਹਨ ਨੂੰ ਨਹੀਂ ਮਿਲੀ। ਛੋਟੇ-ਮੋਟੇ ਕਰਮਚਾਰੀ ਜਦੋਂ ਏਦਾਂ ਦਾ ਭ੍ਰਿਸ਼ਟਾਚਾਰ ਕਰਦੇ ਹਨ ਤਾਂ ਆਪਣੇ ਵਾਸਤੇ ਨਹੀਂ, ਬਹੁਤੀ ਵਾਰੀ ਆਪਣੇ ਤੋਂ ਉੱਪਰ ਵਾਲੇ ਵੱਡੇ ਅਫਸਰ ਵੱਲੋਂ ਕਰਨ ਲਈ ਲਾਏ ਹੁੰਦੇ ਹਨ ਤਾਂ ਕਿ ਉਹ ਖੁਦ ਸੱਚਾ ਹੋਣ ਦਾ ਭਰਮ ਪਾ ਕੇ ਅਫਸਰੀ ਵੀ ਕਰਦਾ ਰਹੇ ਅਤੇ ਕਮਾਈ ਵੀ ਚੱਲਦੀ ਰਹੇ। ਨਵੀਂ ਸਰਕਾਰ ਵਿੱਚ ਆਏ ਬਹੁਤੇ ਵਜ਼ੀਰ ਆਮ ਲੋਕਾਂ ਵਿੱਚੋਂ ਆਏ ਹਨ, ਇਸ ਲਈ ਉਹ ਖੁਦ ਏਦਾਂ ਦੇ ਵਿਹਾਰ ਬਾਰੇ ਜਾਣਦੇ ਹੋਣਗੇ, ਫਿਰ ਵੀ ਜਦੋਂ ਪਹਿਲਾਂ ਵਾਂਗ ਛੋਟੇ ਪੂੰਗ ਫੜੇ ਜਾ ਰਹੇ ਹਨ ਤੇ ਵੱਡੇ ਕਿਸੇ ਮਗਰਮੱਛ ਨੂੰ ਹੱਥ ਨਹੀਂ ਪਾਇਆ ਜਾ ਰਿਹਾ ਤਾਂ ਭ੍ਰਿਸ਼ਟਾਚਾਰ ਰੋਕਣ ਦਾ ਭਰਮ ਵੀ ਕਿੰਨਾ ਕੁ ਚਿਰ ਰੱਖਿਆ ਜਾ ਸਕੇਗਾ! ਅਮਲਾਂ ਦੀ ਉਡੀਕ ਆਮ ਲੋਕ ਬਹੁਤਾ ਚਿਰ ਨਹੀਂ ਕਰਿਆ ਕਰਦੇ।

ਨਵਾਂ ਮੁੱਖ ਮੰਤਰੀ ਜੇ ਸਚਮੁੱਚ ਲੋਕਾਂ ਵਿੱਚ ਆਪਣੀ ਸਰਕਾਰ ਦਾ ਭ੍ਰਿਸ਼ਟਾਚਾਰ ਰੋਕਣ ਦਾ ਅਕਸ ਕਾਇਮ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਆਪਣੇ ਮੰਤਰੀਆਂ ਨੂੰ ਕਹਿਣਾ ਪਵੇਗਾ ਕਿ ਆਪਣੇ ਇਸ ਅਹੁਦੇ ਨੂੰ ਸਥਾਈ ਨਾ ਸਮਝੋ।ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਅੱਜ ਕੁਰਸੀ ਤੁਹਾਡੇ ਹੇਠ ਹੈ, ਭਲਕ ਨੂੰ ਲੋਕ ਇਸ ਕੁਰਸੀ ਤੋਂ ਉਠਾ ਸਕਦੇ ਹਨ, ਆਪਣੇ ਅਕਸ ਬਾਰੇ ਸੁਚੇਤ ਰਹੋ ਤੇ ਅਫਸਰਾਂ ਨਾਲ ਅੰਦਰ ਵੜ-ਵੜ ਕੇ ਕੰਨਾਂ ਵਿੱਚ ਇੱਕ ਦੂਸਰੇ ਦਾ 'ਖਿਆਲ ਰੱਖਣ' ਦੀਆਂ ਜਿਹੜੀਆਂ ਗੱਲਾਂ ਉਹ ਸੁਣਦੇ ਤੇ ਅੱਗੋਂ ਹੁੰਗਾਰਾ ਭਰਦੇ ਸੁਣੇ ਜਾਣ ਲੱਗ ਪਏ ਹਨ, ਉਹ ਲੋਕਾਂ ਤੋਂ ਗੁੱਝੀਆਂ ਨਹੀਂ ਰਹਿੰਦੀਆਂ ਹੁੰਦੀਆਂ। ਇਹ ਚਰਚਾ ਅੱਗੇ ਵਧੀ ਤਾਂ ਸੱਥਾਂ ਵਿੱਚ ਜਾਵੇਗੀ ਅਤੇ ਫਿਰ ਲੋਕ ਇਹ ਕਹਿਣ ਲੱਗ ਪੈਣਗੇ, ਆਮ ਆਦਮੀ ਪਾਰਟੀ ਦੇ ਫਲਾਣੇ ਮੰਤਰੀ ਨਾਲ ਕੰਮ ਹੈ ਤਾਂ ਫਲਾਣੇ ਅਫਸਰ ਦੀ ਜੇਬ ਗਰਮ ਕਰ ਆਇਓ, ਬਾਕੀ ਕੰਮ ਉਹ ਆਪੇ ਕਰਵਾ ਲਿਆਵੇਗਾ। ਅਜੇ ਗੱਲਾਂ ਦਾ ਮੁੱਢ ਬੱਝਾ ਹੈ, ਨਵੀਂ ਸਰਕਾਰ ਦੇ ਮੰਤਰੀਆਂ ਨੂੰ ਇਸ ਕੁਰਸੀ ਦੇ ਵਕਤੀ ਹੋਣ ਦਾ ਚੇਤਾ ਨਾ ਰਿਹਾ ਅਤੇ ਕੰਨਾਂ ਵਿੱਚ ਪੈਂਦੀ ਸਿੱਕਿਆਂ ਦੀ ਛਣਕਾਰ ਨਾਲ ਏਦਾਂ ਬੀਨ ਉੱਤੇ ਨੱਚਦੇ ਸੱਪ ਵਾਂਗ ਝੂਮਣ ਲੱਗ ਪਏ ਤਾਂ ਕੁਰਸੀ ਪੰਜ ਸਾਲ ਨਿਭੇਗੀ, ਇਸ ਦੀ ਗਾਰੰਟੀ ਨਹੀਂ ਹੁੰਦੀ। ਭ੍ਰਿਸ਼ਟਾਚਾਰ ਦੇ ਵਿਰੋਧ ਦੀਆਂ ਗੱਲਾਂ ਕਰਨ ਪਿੱਛੋਂ ਭ੍ਰਿਸ਼ਟਾਚਾਰ ਕਰਦੇ ਹੋਏ ਆਗੂਆਂ ਨੂੰ ਮੰਤਰੀ ਹੁੰਦਿਆਂ ਵੀ ਫੜੇ ਜਾਂਦੇ ਅਸੀਂ ਕਈ ਵਾਰੀ ਵੇਖਿਆ ਹੈ ਅਤੇ ਮਹਾਰਾਸ਼ਟਰ ਦੀ ਅਜੋਕੀ ਸਰਕਾਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਦੇ ਫੜੇ ਜਾਣ ਦਾ ਕਿੱਸਾ ਵੀ ਤਾਜ਼ਾ ਹੈ। ਉਸ ਦੀ ਹਾਲੇ ਜ਼ਮਾਨਤ ਨਹੀਂ ਹੋ ਰਹੀ ਅਤੇ ਉਸ ਰਾਜ ਦੀ ਸਰਕਾਰ ਵੱਲੋਂ ਉਸ ਦੇ ਪੱਖ ਵਿੱਚ ਦਿੱਤੀ ਗਈ ਦੁਹਾਈ ਲੋਕ ਮੰਨਣ ਲਈ ਤਿਆਰ ਨਹੀਂ। ਯੇ ਜੋ ਪਬਲਿਕ ਹੈ, ਸਬ ਜਾਨਤੀ ਹੈ ਅਤੇ ਇਹ ਤਖਤੇ ਪਲਟਣ ਦੀ ਤਾਕਤ ਰੱਖਦੀ ਹੈ।

# 'ਸਭ ਕਾ ਵਿਕਾਸ' ਖੇਡੀ ਜਾ ਰਹੀ ਹੈ ਖੇਡ





ਗੁਰਮੀਤ ਸਿੰਘ ਪਲਾਹੀ
9815802070

ਕੁਝ ਦਹਾਕੇ ਪਹਿਲਾਂ ਦੇਸ਼ ਵਿੱਚ ਗਰੀਬੀ ਹਟਾਓ ਦਾ ਨਾਹਰਾ ਗੂੰਜਦਾ ਸੀ। ਇਹ ਨਾਹਰਾ ਹੁਣ ਦੇਸ਼ ਦੀ ਫਿਜ਼ਾ ਵਿੱਚ ਕਿਧਰੇ ਨਹੀਂ ਹੈ, ਪਰ ਦੇਸ਼ ਦੀ ਵੱਡੀ ਗਿਣਤੀ ਲੋਕ ਸਰਕਾਰੀ ਅੰਨ ਉਤੇ ਨਿਰਭਰ ਕਰ ਦਿੱਤੇ ਹਨ। ਅੱਜ ਗਰੀਬੀ ਹਟਾਓ ਦਾ ਨਾਹਰਾ, 'ਅੰਨ ਵੰਡੋ ਅਤੇ ਰਾਜ ਕਰੋ' ਤੱਕ ਸਿਮਟਕੇ ਰਹਿ ਗਿਆ ਹੈ। ਸਰਕਾਰੀ ਨੀਤੀਆਂ ਅਤੇ ਅਸਫ਼ਲਤਾਵਾਂ ਦੇ ਕਾਰਨ "ਸਭ ਦਾ ਵਿਕਾਸ", ਸਮੂਹਿਕ ਵਿਕਾਸ ਦਾ ਸਪਨਾ, ਹਕੀਕਤ ਬਨਣ ਤੋਂ ਪਹਿਲਾਂ ਹੀ ਢੇਅ-ਢੇਰੀ ਹੋ ਰਿਹਾ ਹੈ।

ਵਿਕਾਸ ਕਿਸੇ ਵੀ ਲੋਕਤੰਤਰੀ ਵਿਵਸਥਾ ਦੀ ਪਹਿਲੀ ਲੋੜ ਹੈ। ਇਸਦੇ ਬਿਨ੍ਹਾਂ ਨਾਗਰਿਕ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਸੰਭਵ ਨਹੀਂ ਹੈ। ਇਸ ਬਿਨ੍ਹਾਂ ਨਾ ਤਾਂ ਲੋਕਤੰਤਰ ਮਜ਼ਬੂਤ ਬਣਦਾ ਹੈ ਅਤੇ ਨਾ ਹੀ ਸਮਾਜ ਬਿਹਤਰੀ ਵੱਲ ਅੱਗੇ ਵਧਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ-21 ਦੇ ਤਹਿਤ ਆਜ਼ਾਦੀ ਅਤੇ ਚੰਗੇਰਾ ਜੀਵਨ ਜੀਊਣ ਦੀ ਆਜ਼ਾਦੀ ਹਰ ਨਾਗਰਿਕ ਨੂੰ ਹੈ, ਪਰ ਇਹ ਚੰਗੇਰਾ ਜੀਵਨ ਮੁਢਲੀਆਂ ਸੁਵਿਧਾਵਾਂ ਬਿਨ੍ਹਾਂ ਕੀ ਸੰਭਵ ਹੈ? ਅੱਜ ਵੀ ਗਰੀਬੀ ਦੇਸ਼ ਵਿੱਚ ਵੱਡੀ ਸਮੱਸਿਆ ਹੈ। ਪਰ ਸਰਕਾਰਾਂ ਗਰੀਬਾਂ ਨੂੰ ਕੁਝ ਕਿਲੋ ਅਨਾਜ਼ ਉਪਲੱਬਧ ਕਰਵਾਕੇ ਆਪਣਾ ਫ਼ਰਜ਼ ਪੂਰਾ ਹੋ ਗਿਆ ਸਮਝਦੀਆਂ ਹਨ। 5 ਕਿਲੋ ਪ੍ਰਤੀ ਜੀਅ ਅਨਾਜ ਦੇਕੇ ਗਰੀਬਾਂ ਨੂੰ "ਕਰੋੜਾਂ ਦਾ ਅਨਾਜ" ਦੇ ਅੰਕੜੇ ਪ੍ਰਕਾਸ਼ਤ ਕਰਦੀਆਂ ਹਨ ਅਤੇ ਵਾਹ-ਵਾਹ ਖੱਟਦੀਆਂ ਹਨ। ਕੀ ਇਹੋ ਹੈ ਗਰੀਬੀ ਹਟਾਓ ਯੋਜਨਾ।

ਦੇਸ਼ ਦਾ ਇੱਕ ਤਬਕਾ ਅਮੀਰੀ 'ਚ ਜੀਅ ਰਿਹਾ ਹੈ। ਤਾਂ ਦੂਸਰੇ ਵੱਡੇ ਤਬਕੇ ਨੂੰ ਸਰਕਾਰੀ ਅਨਾਜ਼ ਨਾਲ ਪੇਟ ਪਾਲਣਾ ਪੈ ਰਿਹਾ ਹੈ। ਨਾ ਉਸ ਕੋਲ ਢੰਗ ਦਾ ਕਪੱੜਾ ਹੈ, ਨਾ ਮਕਾਨ। ਸਿੱਖਿਆ, ਸਿਹਤ ਸਹੂਲਤਾਂ ਦੀ ਤਾਂ ਗੱਲ ਹੀ ਛੱਡੋ। ਹਾਲਾਂਕਿ ਅਮੀਰੀ-ਗਰੀਬੀ ਦੀ ਇਹ ਖੇਡ ਅੱਜ ਦੀ ਨਹੀਂ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਰਕਾਰਾਂ ਦਾ ਫ਼ਰਜ਼ ਸਿਰਫ਼ ਇੰਨਾ ਹੀ ਹੈ ਕਿ "ਦੋ ਮੁੱਠੀ ਅਨਾਜ਼" ਆਪਣੇ ਨਾਗਰਿਕ ਨੂੰ ਮੁਹੱਈਆ ਕਰਵਾਕੇ ਦੇਸ਼ ਦਾ "ਵਿਕਾਸ ਹੋ ਗਿਆ" ਸਮਝੇ। ਅਸਲ ਵਿੱਚ ਸਥਿਤੀ ਇਹੋ ਹੈ, ਗਰੀਬ ਨੂੰ ਜੀਊਂਦੇ ਰਹਿਣ ਲਈ ਅਨਾਜ਼ ਉਪਲੱਬਧ ਕਰਾਉਣ ਨੂੰ ਹੀ ਦੇਸ਼ ਦੀ ਸਰਕਾਰ ਦੇਸ਼ ਦਾ ਵਿਕਾਸ ਸਮਝ ਬੈਠੀ ਹੈ। ਨਾਗਰਿਕਾਂ ਦੀਆਂ ਬਾਕੀ ਬੁਨਿਆਦੀ ਲੋੜਾਂ ਤੋਂ ਸਰਕਾਰਾਂ ਦੜ ਵੱਟੀ ਬੈਠੀਆਂ ਰਹੀਆਂ। ਆਜ਼ਾਦੀ ਦੇ 75 ਸਾਲਾਂ ਵਿੱਚ ਦੇਸ਼ ਦੇ ਨਾਗਰਿਕਾਂ ਨੇ ਗਰੀਬੀ ਦਾ ਸੰਤਾਪ ਭੋਗਿਆ ਹੈ।

ਵੇਖਣ ਵਾਲੀ ਗੱਲ ਤਾਂ ਇਹ ਸੀ ਕਿ ਦੇਸ਼ ਵਿੱਚ ਬਾਲ ਕੁਪੋਸ਼ਨ ਤਾਂ ਨਹੀਂ ਹੈ? ਲੈਂਗਿਕ ਨਾ ਬਰਾਬਰੀ ਤਾਂ ਨਹੀਂ ਹੈ? ਕੀ ਸਾਫ਼ ਪਾਣੀ ਸਭ ਨੂੰ ਮਿਲਦਾ ਹੈ? ਕੀ ਵਾਤਾਵਰਨ ਸਾਫ਼-ਸੁਥਰਾ ਹੈ। ਦੇਸ਼ ਦੇ ਵਿਕਾਸ ਵਿੱਚ ਇਹ ਵੱਡੀਆਂ ਅੜਚਣਾ ਹਨ। ਕਹਿਣ ਨੂੰ ਤਾਂ ਸਰਕਾਰ ਸਭ ਕਾ ਵਿਕਾਸ ਦੀ ਗੱਲ ਕਰਦੀ ਹੈ, ਪਰ ਸਭ ਲਈ ਸਮਾਨਤਾ ਕਿਥੇ ਹੈ? ਸਭ ਲਈ ਬੁਨਿਆਦੀ ਢਾਂਚਾ ਕਿਥੇ ਹੈ? ਸਭ ਲਈ ਸਿੱਖਿਆ ਦਾ ਨਾਹਰਾ ਤਾਂ ਹੈ ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਹੈ? ਇੱਕ ਤਬਕੇ ਲਈ ਮਾਡਰਨ ਮਾਡਲ ਸਕੂਲ ਹਨ, ਦੂਜੇ ਤਬਕੇ ਲਈ "ਫੱਟੀ ਬਸਤੇ ਵਾਲੇ ਬਿਨ੍ਹਾਂ ਬੁਨਿਆਦੀ ਸਹੂਲਤਾਂ ਵਾਲੇ ਸਕੂਲ। ਟੀਚਰਾਂ ਦੀ ਇਹਨਾ ਸਕੂਲਾਂ 'ਚ ਕਮੀ ਹੈ। ਕੋਵਿਡ-19 ਨੇ ਤਾਂ ਸਕੂਲੀ ਅਤੇ ਉੱਚ ਸਿੱਖਿਆ ਦਾ ਲੱਕ ਹੀ ਤੋੜ ਦਿੱਤਾ ਹੈ।

ਭਾਵੇਂ ਦੇਸ਼ ਦੇ ਨੇਤਾ ਇਸ ਗੱਲ ਉਤੇ ਟਾਹਰਾਂ ਮਾਰਨ ਕਿ ਦੇਸ਼ ਤਰੱਕੀ ਕਰ ਰਿਹਾ ਹੈ, ਭਾਰਤੀ ਲੋਕਤੰਤਰ ਇੱਕਵੀਂ ਸਦੀ ਦੇ ਸੁਪਨਿਆਂ 'ਚ ਕਦਮ ਵਧਾ ਰਿਹਾ ਹੈ। ਪਰ ਕੁਝ ਗੱਲਾਂ ਇਹੋ ਜਿਹੀਆਂ ਹਨ ਕਿ ਜਿਨ੍ਹਾਂ ਦੇ ਜਵਾਬ ਲੱਭਣੇ ਪੈਣਗੇ ਤੇ ਵੇਖਣਾ ਪਵੇਗਾ ਕਿ ਭਾਰਤ ਨੇ ਕੀ ਅਸਲ ਵਿਕਾਸ ਕੀਤਾ ਹੈ? ਕੁਝ ਦਿਨ ਪਹਿਲਾਂ ਹੀ ਇਹ ਰਿਪੋਰਟ ਛਾਪੀ ਹੈ ਕਿ ਭਾਰਤੀਆਂ ਦੇ ਸਾਹਾਂ 'ਚ ਪ੍ਰਦੂਸ਼ਣ ਦਾ ਜ਼ਹਿਰ ਘੁਲ ਰਿਹਾ ਹੈ। ਕੀ ਇਹ ਸਾਹਾਂ 'ਚ ਘੁਲ ਰਿਹਾ ਜ਼ਹਿਰ ਸਾਡੇ ਜੀਵਨ ਨੂੰ ਪ੍ਰਭਾਵਤ ਨਹੀਂ ਕਰ ਰਿਹਾ? ਜੇਕਰ ਇਹ ਪ੍ਰਦੂਸ਼ਨ ਸਾਡੇ ਜੀਵਨ ਦਾ ਅੰਤ ਕਰਨ ਲਈ ਪੈਰ ਪਸਾਰ ਰਿਹਾ ਹੈ ਤਾਂ ਫਿਰ ਸਾਡੇ ਅਜ਼ਾਦ ਜੀਵਨ ਦੀ ਕਲਪਨਾ ਕਿਥੇ ਹੈ, ਜੋ ਸੰਵਿਧਾਨ ਅਨੁਸਾਰ ਸਾਨੂੰ ਮਿਲੀ ਹੋਈ ਹੈ। ਕਿਥੇ ਹੈ ਦੇਸ਼ ਦਾ ਵਿਕਾਸ ? ਕਿਥੇ ਹਨ ਸ਼ੁੱਧ ਵਾਤਾਵਰਨ ਦੇ ਵਾਇਦੇ ਅਤੇ ਦਾਈਏ? ਉਂਜ ਦੇਸ਼ ਵਿੱਚ ਇਕੱਲੀ ਗਰੀਬੀ ਨੇ ਨਹੀਂ, ਬੇਰੁਜ਼ਗਾਰੀ ਨੇ ਵੀ ਪੈਰ ਪਸਾਰੇ ਹੋਏ ਹਨ। ਜਿਸਨੇ ਦੇਸ਼ ਦਾ ਲੱਕ ਤੋੜਿਆ ਹੈ। ਦੇਸ਼ ਦਾ ਵਿਕਾਸ ਨਹੀਂ ਵਿਨਾਸ਼ ਕੀਤਾ ਹੈ।

ਦੇਸ਼ ਨੇ ਸਾਲ 2030 ਤੱਕ ਗਰੀਬੀ, ਬੇਰੁਜ਼ਗਾਰੀ, ਸ਼ੁੱਧ ਵਾਤਾਵਰਨ, ਸਿੱਖਿਆ, ਸਿਹਤ ਆਦਿ ਮੁੱਦਿਆਂ ਨੂੰ ਲੈਕੇ ਦੇਸ਼ ਦੇ ਵਿਕਾਸ ਦਾ ਟੀਚਾ ਮਿੱਥਿਆ ਹੋਇਆ ਹੈ। ਪਰ ਸਵਾਲ ਇਹ ਹੈ ਕਿ ਇਹ ਟੀਚੇ ਪੂਰੇ ਕਿਵੇਂ ਹੋਣਗੇ, ਕਿਉਂਕਿ ਦੇਸ਼ ਤਾਂ ਸਮੂਹਿਕ ਵਿਕਾਸ ਦੇ ਅਤੇ ਜ਼ਮੀਨੀ ਪੱਧਰ ਦੇ ਵਿਕਾਸ ਤੋਂ ਨਿੱਤਪ੍ਰਤੀ ਦੇਸ਼ ਪਿੱਛੇ ਹੁੰਦਾ ਜਾ ਰਿਹਾ ਹੈ।ਮੋਦੀ ਕਾਲ ਵਿੱਚ ਸਭ ਕਾ ਸਾਥ ਸਭ ਕਾ ਵਿਕਾਸ ਦੇ ਨਾਲ ਸ਼ਾਈਨਿੰਗ ਇੰਡੀਆ, 2 ਕਰੋੜ ਨੌਕਰੀਆਂ ਹਰ ਸਾਲ ਨੌਜਵਾਨਾਂ ਲਈ, ਮੇਕ ਇਨ ਇੰਡੀਆ, ਸਕਿਲਿੰਗ ਇੰਡੀਆ, ਸਟੈਂਡ ਅੱਪ ਇੰਡੀਆ ਚਲਾਈਆਂ ਗਈਆਂ। ਖੇਤੀ ਖੇਤਰ 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਚਾ ਮਿਥਿਆ ਗਿਆ। ਪਰ ਇਹ ਵਿਕਾਸ ਨੂੰ ਤੇਜ ਕਰਨ ਵਾਲੀਆਂ ਸਕੀਮਾਂ ਕੁਝ ਵੀ ਸਾਰਥਿਕ ਨਹੀਂ ਕਰ ਸਕੀਆਂ।

ਇੱਕ ਰਿਪੋਰਟ ਮੁਤਾਬਿਕ ਭਾਰਤ ਜ਼ਮੀਨੀ ਵਿਕਾਸ ਦੇ ਟੀਚੇ ਹਾਸਲ ਕਰਨ ਦੇ ਮਾਮਲੇ ਤੇ ਸਾਰੇ ਦੱਖਣੀ ਏਸ਼ੀਆਂ ਮੁਲਕਾਂ ਤੋਂ ਪਿੱਛੇ ਹੈ। ਇਸ ਸੂਚੀ ਵਿੱਚ ਭੁਟਾਨ 75ਵੇਂ, ਸ਼੍ਰੀ ਲੰਕਾ 87ਵੇਂ, ਨੇਪਾਲ 96ਵੇਂ ਅਤੇ ਬੰਗਲਾ ਦੇਸ਼ 109ਵੇਂ ਥਾਂ ਹੈ। ਜਦਕਿ ਭਾਰਤ ਵਿਕਾਸ ਦੀ ਬਿਹਤਰ ਤਸਵੀਰ ਵਿਖਾਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ, ਜਦਕਿ ਇਸਦਾ ਸੌ ਵਿਚੋਂ 66 ਵੀਂ ਥਾਂ ਹੈ। ਤਦ ਫਿਰ ਇਹ ਕਿਵੇਂ ਸੰਭਵ ਹੋਵੇਗਾ ਕਿ ਜ਼ਮੀਨੀ ਵਿਕਾਸ ਦਾ ਟੀਚਾ 2030 ਤੱਕ ਹਾਸਲ ਕਰਨ ਲਈ ਭਾਰਤ ਗਰੀਬੀ, ਭੁੱਖਮਰੀ, ਕੁਪੋਸ਼ਣ, ਲੈਂਗਿਕ -ਨਾ ਬਰਾਬਰੀ , ਸਿਹਤ, ਸਿੱਖਿਆ ਪ੍ਰਸ਼ਾਸ਼ਨਿਕ ਵਿਵਸਥਾ ਅਤੇ ਸਮਾਜਿਕ ਨਿਆ ਨੂੰ ਬਿਹਤਰ ਬਣਾਇਆ ਜਾਵੇ? ਦੇਸ਼ ਵਿੱਚ ਰਾਜਾਂ ਅਤੇ ਕੇਂਦਰ ਸਰਕਾਰ ਦੇ ਆਪਸੀ ਸਬੰਧ ਚੰਗੇ ਨਹੀਂ ਹਨ। ਕੇਂਦਰ, ਸੂਬਿਆਂ ਦੀ ਸੰਘੀ ਘੁੱਟ ਰਿਹਾ ਹੈ ਅਤੇ ਉਹਨਾ ਸੂਬਿਆਂ ਦੇ ਵਿਕਾਸ ਕਾਰਜਾਂ 'ਚ ਸਹਿਯੋਗ ਨਹੀਂ ਦੇ ਰਿਹਾ, ਜਿਥੇ ਵਿਰੋਧੀ ਸਰਕਾਰਾਂ ਹਨ।ਪੰਜਾਬ ਇਸਦੀ ਸਭ ਤੋਂ ਵੱਡੀ ਉਦਾਹਰਨ ਹੈ। ਉਹ ਸੂਬਾ ਪੰਜਾਬ ਜਿਹੜਾ ਹਰ ਪੱਖੋਂ ਦੇਸ਼ ਦਾ ਮੋਹਰੀ ਸੂਬਾ ਸੀ, ਉਹ ਕੇਂਦਰ ਵਲੋਂ ਮਤਰੇਏ ਸਲੂਕ ਕਾਰਨ ਬਰਬਾਦੀ ਦੇ ਕੰਢੇ ਹੈ। ਸਿਰਫ਼ ਇਸ ਕਰਕੇ ਕਿ ਇਥੇ ਸਦਾ ਹੀ ਕੇਂਦਰ ਸਰਕਾਰ ਦੇ ਉਲਟ ਸਰਕਾਰਾਂ ਰਹੀਆਂ ਹਨ।ਸਿੱਟੇ ਵਜੋਂ ਇਸ ਸੂਬੇ ਨੂੰ ਆਰਥਿਕ ਪੱਖੋਂ ਪ੍ਰੇਸ਼ਾਨ ਕੀਤਾ ਗਿਆ ਤੇ ਇਸਦੇ ਕੁਦਰਤੀ ਵਸੀਲੇ ਲੁੱਟੇ ਗਏ।

ਭਾਰਤ ਦੀ ਵਾਤਾਵਰਨ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੂੰ ਸਮੂਹਿਕ ਵਿਕਾਸ ਦੀ ਪ੍ਰਾਪਤੀ ਲਈ ਭੁੱਖ, ਅੱਛੀ ਸਿਹਤ, ਖੁਸ਼ਹਾਲੀ ਅਤੇ ਲੈਂਗਿਕ ਸਮਾਨਤਾ ਮੁੱਖ ਚਣੌਤੀਆਂ ਹਨ। ਪਰ ਚਿੰਤਾ ਦੀ ਗੱਲ ਹੈ ਕਿ ਨੇੜ ਭਵਿੱਖ 'ਚ ਸਰਕਾਰਾਂ ਵਲੋਂ ਇਹਨਾ ਸਬੰਧੀ ਲੋੜੀਂਦੇ ਯਤਨ ਨਹੀਂ ਹੋ ਰਹੇ।

ਵਿਸ਼ਵ ਪੱਧਰੀ ਪ੍ਰੋਗਰਾਮ "ਸਸਟੇਨੇਵਲ ਡਿਵੈਲਪਮੈਂਟ ਗੋਲਜ਼" ਦਾ ਉਦੇਸ਼ ਵਿਸ਼ਵ ਵਿਚੋਂ ਗਰੀਬੀ ਦੇ ਸਾਰੇ ਰੂਪਾਂ ਨੂੰ ਖ਼ਤਮ ਕਰਨਾ ਅਤੇ ਸਮਾਜ ਵਿੱਚ ਸਮਾਜਿਕ ਨਿਆਂ ਅਤੇ ਸਮਾਨਤਾ ਸਥਾਪਿਤ ਕਰਨਾ ਹੈ। ਭਾਰਤ ਸਰਕਾਰ ਇਸ ਗੱਲ ਉਤੇ ਆਪਣੀ ਪਿੱਠ ਥਪਥਪਾ ਰਹੀ ਹੈ ਕਿ ਉਸਨੇ ਇੱਕ ਵੱਡੇ ਤਬਕੇ ਨੂੰ ਚਾਵਲ ਅਤੇ ਕਣਕ ਉਪਲੱਬਧ ਕਰਵਾ ਦਿੱਤੇ ਹਨ ਪਰ ਸਵਾਲ ਹੈ ਕਿ ਕੀ ਕੁਝ ਕਿਲੋ ਅਨਾਜ਼ ਦੇਣ ਨਾਲ ਸਥਾਈ ਗਰੀਬੀ ਦੂਰ ਹੋ ਸਕਦੀ ਹੈ? ਕੀ ਨਾਗਰਿਕ ਨੂੰ ਸਕੂਨ ਭਰੀ ਜ਼ਿੰਦਗੀ ਮਿਲ ਸਕਦੀ ਹੈ?

ਸਮੂਹਿਕ ਅਤੇ ਸੱਤਹੀ ਵਿਕਾਸ ਦਾ ਟੀਚਾ, ਗਰੀਬੀ ਦੂਰ ਕਰਨਾ, ਭੁੱਖਮਰੀ ਦਾ ਅੰਤ, ਖਾਣ ਵਾਲੀਆਂ ਚੀਜ਼ਾਂ ਦੀ ਸੁਰੱਖਿਆ, ਬੇਹਤਰ ਪੋਸ਼ਣ, ਟਿਕਾਊ ਖੇਤੀ, ਸਭ ਲਈ ਬਰਾਬਰ ਦੀ ਗੁਣਾਤਮਕ ਸਿੱਖਿਆ, ਸਾਫ਼ ਪਾਣੀ, ਟਿਕਾਊ ਊਰਜਾ, ਮਾਨਵੀ ਕੰਮਕਾਜੀ ਮਾਹੌਲ ਨਾਲ, ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ਹਿਰਾਂ ਅਤੇ ਪਿੰਡਾਂ ਦਾ ਇਕੋ ਜਿਹਾ ਵਿਕਾਸ ਅਤੇ ਇਸ ਵਿਕਾਸ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਅਤਿਅੰਤ ਲੋੜੀਂਦੀ ਹੈ। ਸਭ ਨੂੰ ਇਨਸਾਫ ਮਿਲੇ। ਸਮਾਜਿਕ ਖੁਸ਼ਹਾਲੀ ਹੋਵੇ। ਵਿਸ਼ਵ ਅਜੰਡੇ ਦਾ ਮੂਲ ਮੰਤਵ ਵੀ "ਕੋਈ ਪਿੱਛੇ ਨਾ ਛੁੱਟੇ" ਹੈ। ਪਰ ਮੌਜੂਦਾ ਸਰਕਾਰ ਦੀ ਨੀਤੀ ਅਤੇ ਨੀਅਤ ਸਾਫ਼ ਨਹੀਂ ਹੈ। ਮੌਜੂਦਾ ਸਰਕਾਰ ਇੱਕਪਾਸੜ ਨੀਤੀ ਦੇ ਤਹਿਤ ਕੁਰਸੀ ਪ੍ਰਾਪਤੀ ਲਈ ਨਿਰੰਤਰ ਗਤੀਸ਼ੀਲ ਹੈ। ਨਿੱਤ ਨਵੇਂ ਨਾਹਰੇ ਸਿਰਜ ਰਹੀ ਹੈ, "ਸਭ ਕਾ ਸਾਥ, ਸਭ ਕਾ ਵਿਕਾਸ ਆਦਿ ਆਦਿ। ਪਰ ਅਸਲੋਂ ਮੌਜੂਦਾ ਸਰਕਾਰੀ ਸਕੀਮਾਂ ਸਿਰੇ ਚਾੜ੍ਹਨ ਦੇ ਯਤਨ "ਊਠ ਦੇ ਮੂੰਹ ਜ਼ੀਰਾ" ਦੇਣ ਵਾਲੀ ਕਹਾਵਤ ਨੂੰ ਸਿੱਧ ਕਰਨ ਵਾਲੇ ਹਨ। ਇਹ ਹਕੀਕਤ ਸਰਕਾਰ ਦੇ ਸਮਝਣ ਵਾਲੀ ਹੈ ਕਿ ਸਮੁੱਚੇ ਸਮਾਜ ਨੂੰ ਨਾਲ ਲੈਕੇ ਕੀਤੇ ਸਮੂਹਿਕ ਯਤਨਾਂ ਬਿਨ੍ਹਾਂ ਸਮੁੱਚੇ, ਸਤਹੀ ਵਿਕਾਸ ਦੀ ਕਲਪਨਾ ਕਰਨਾ ਸ਼ੇਖਚਿਲੀ ਦੇ ਸੁਪਨੇ ਪਾਲਣ ਵਾਂਗਰ ਹੈ।

## ਉਹ ਆਪਣੇ

-ਸੁਮਨ ਓਬਰਾਏ

ਉਨ੍ਹਾਂ ਨੂੰ ਕੈਂਸਰ ਹੋ ਗਿਆ ਤੇ ਆਈ ਸੀ ਯੂ ਵਿੱਚ ਦਾਖਲ ਸਨ। ਅਚਾਨਕ ਮਿਲਣ ਆਏ ਦੋ ਮੁੰਡਿਆਂ ਨੂੰ ਵੇਖ ਕੇ ਉਹ ਹੈਰਾਨ ਸਨ, ਕਿਉਂਕਿ ਉਹ ਉਨ੍ਹਾਂ ਨੂੰ ਪਛਾਣ ਨਹੀਂ ਸਕੇ ਸਨ।ਉਨ੍ਹਾਂ ਨੂੰ ਚੁੱਪ ਅਤੇ ਹੈਰਾਨ ਵੇਖ ਕੇ ਦੋਵੇਂ ਮੁੰਡੇ ਕੁਝ ਘਬਰਾ ਜਿਹੇ ਗਏ। ਕੁਝ ਪਲ ਦੋਵਾਂ ਪਾਸਿਉਂ ਖਾਮੋਸ਼ੀ ਰਹੀ। ਖਾਮੋਸ਼ੀ ਤੋੜਦਿਆਂ ਉਨ੍ਹਾਂ ਵਿੱਚੋਂ ਇੱਕ ਜਣਾ ਬੋਲਿਆ, ''ਚਾਚਾ ਜੀ, ਮੈਂ ਸੁਧੀਰ। ਤੁਹਾਡੇ ਵੱਡੇ ਭਰਾ ਦਾ ਮੁੰਡਾ ਅਤੇ ਇਹ ਛੋਟੇ ਚਾਚਾ ਜੀ ਮੁੰਡਾ, ਪੁਨੀਤ। ਤੁਹਾਡੀ ਬਿਮਾਰੀ ਬਾਰੇ ਸੁਣ ਕੇ ਸਾਨੂੰ ਬੜੀ ਚਿੰਤਾ ਹੋਈ।''

ਏਧਰ-ਓਧਰ ਦੀਆਂ ਕੁਝ ਗੱਲਾਂ ਪਿੱਛੋਂ ਪੁਨੀਤ ਬੋਲਿਆ, ''ਚਾਚਾਜੀ, ਅਸੀਂ ਤਾਂ ਤੁਹਾਨੂੰ ਇਹੋ ਸਲਾਹ ਦਿਆਂਗੇ ਕਿ ਤੁਹਾਨੂੰ ਆਪਣੀ ਵਸੀਅਤ ਬਣਾ ਲੈਣੀ ਚਾਹੀਦੀ ਹੈ। ਤੁਸੀਂ ਤਾਂ ਵਿਆਹ ਕੀਤਾ ਨਹੀਂ। ਤੁਹਾਡਾ ਪਰਵਾਰ ਤਾਂ ਹੈ ਨਹੀਂ। ਤੁਸੀਂ ਹਮੇਸ਼ਾ ਚੰਗੇ ਅਹੁਦੇ ਉੱਤੇ ਰਹੇ। ਪੈਸੇ ਦੀ ਕੋਈ ਕਮੀ ਨਹੀਂ ਤੁਹਾਨੂੰ। ਪਿੱਛੋਂ ਬਹੁਤ ਲੋਕ ਖੜ੍ਹੇ ਹੋ ਜਾਣਗੇ, ਕੀ ਲਾਭ ਕੋਰਟ-ਕਚਹਿਰੀ ਦੇ ਚੱਕਰ ਲੱਗਣਗੇ, ਤੁਹਾਡਾ ਪਰਵਾਰ ਤਾਂ ਤੁਹਾਡੇ ਦੋਵੇਂ ਭਰਾ ਹੀ ਹਨ ਨਾ।''

ਉਹ ਚੁੱਪਚਾਪ ਸੁਣਦੇ ਰਹੇ। ਫਿਰ ਕਿਹਾ, ''ਬੇਟਾ, ਮੇਰੀ ਪਤਨੀ ਦੀ ਮੌਤ ਪਿੱਛੋਂ ਜਦੋਂ ਮੈਂ ਕਿਹਾ ਕਿ ਦੂਜਾ ਵਿਆਹ ਨਹੀਂ ਕਰਨਾ ਚਾਹੁੰਦਾ ਤਾਂ ਭਰਾਵਾਂ ਨੇ ਕਹਿ ਦਿੱਤਾ ਕਿ ਮੈਂ ਆਪਣੀ ਜ਼ਿੰਮੇਵਾਰੀ ਆਪੇ ਚੁੱਕਾਂ। ਅਜਿਹਾ ਕਹਿ ਕੇ ਉਨ੍ਹਾਂ ਨੇ ਮੈਨੂੰ ਘਰੋਂ ਅੱਡ ਹੀ ਨਹੀਂ ਕੀਤਾ, ਮੇਰੇ ਨਾਲੋਂ ਨਾਤਾ ਵੀ ਤੋੜ ਲਿਆ। ਦੋ ਸਾਲ ਇਕੱਲੇ ਰਹਿਣ ਪਿੱਛੋਂ ਮੈਂ ਦੋ ਅਨਾਥ ਬੱਚਿਆਂ ਨੂੰ ਗੋਦ ਲੈ ਲਿਆ, ਇੱਕ ਬੇਟਾ, ਇੱਕ ਬੇਟੀ। ਉਨ੍ਹਾਂ ਨੂੰ ਪੜ੍ਹਾਇਆ ਲਿਖਾਇਆ, ਉਨ੍ਹਾਂ ਦੇ ਵਿਆਹ ਕੀਤੇ। ਉਹੀ ਮੇਰਾ ਪਰਵਾਰ ਹਨ। ਇਸੇ ਸ਼ਹਿਰ ਵਿੱਚ ਹਨ। ਉਹ ਹੀ ਮੇਰੀ ਦੇਖਭਾਲ ਵੀ ਕਰ ਰਹੇ ਹਨ। ਮੈਂ ਵਸੀਅਤ ਕਰ ਚੁੱਕਾ ਹਾਂ। ਦੋਵਾਂ ਵਿੱਚ ਪੈਸਾ ਵੰਡ ਚੁੱਕਾ ਹਾਂ।'' ਬੋਲਦਿਆਂ ਬੋਲਦਿਆਂ ਉਨ੍ਹਾਂ ਨੂੰ ਥਕਾਵਟ ਮਹਿਸੂਸ ਹੋਈ। ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ। ਕੁਝ ਪਲਾਂ ਪਿੱਛੋਂ ਜਦੋਂ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ, ਤਾਂ ਵੇਖਿਆ, ਦੋਵੇਂ ਜਾ ਚੁੱਕੇ ਸਨ।

## ਹਲਕਾ-ਫੁਲਕਾ

ਪਤਨੀ,''ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਕਈ ਸਾਲਾਂ ਤੋਂ ਮੈਂ ਕਰਵਾ ਚੌਥ ਦਾ ਵਰਤ ਨਹੀਂ ਰੱਖ ਰਹੀ, ਫਿਰ ਵੀ ਤੁਸੀਂ ਪੂਰੀ ਤਰ੍ਹਾਂ ਸਿਹਤਮੰਦ ਕਿਵੇਂ ਹੋ, ਤੁਹਾਨੂੰ ਤਾਂ ਕਦੀ ਜ਼ੁਕਾਮ ਤੱਕ ਨਹੀਂ ਹੋਇਆ।"

ਪਤੀ, ''ਮੈਂ ਬਹੁਤ ਨਿਯਮਾਂ ਤੇ ਸੰਜਮ ਵਿੱਚ ਰਹਿੰਦਾ ਹਾਂ ਨਾ, ਇਸ ਲਈ।"

ਪਤਨੀ,''ਮੈਨੂੰ ਬੇਵਕੂਫ ਸਮਝਿਆ ਹੋਇਆ ਹੈ, ਸੱਚ-ਸੱਚ ਦੱਸੋ ਕੌਣ ਹੈ ਉਹ, ਜਿਹੜੀ ਤੁਹਾਡੇ ਲਈ ਕਰਵਾ ਚੌਥ ਦਾ ਵਰਤ ਰੱਖਦੀ ਹੈ?"

********

ਇੱਕ ਆਦਮੀ (ਦੂਸਰੇ ਨੂੰ),''ਯਾਰ! ਇਹ ਖ਼ੁਸ਼ੀਆਂ ਕੀ ਹੁੰਦੀਆਂ ਹਨ..?"

ਦੂਸਰਾ,''ਪਤਾ ਨਹੀਂ ਭਰਾਵਾਂ, ਮੇਰਾ ਤਾਂ ਛੋਟੀ ਉਮਰ ਵਿੱਚ ਹੀ ਵਿਆਹ ਹੋ ਗਿਆ ਸੀ।"

*******

ਟੀਚਰ, ''ਜੇ ਕੋਈ ਸਕੂਲ ਦੇ ਸਾਹਮਣੇ ਬੰਬ ਰੱਖ ਜਾਏ ਤਾਂ ਤੁਸੀਂ ਕੀ ਕਰੋਗੇ?''

ਹਨੀ, ''ਮੈਡਮ ਜੀ, ਅਸੀਂ 1-2 ਘੰਟੇ ਦੇਖਾਂਗੇ, ਜੇ ਕੋਈ ਲੈ ਜਾਂਦਾ ਹੈ ਤਾਂ ਠੀਕ ਹੈ, ਨਹੀਂ ਤਾਂ ਸਟਾਫ ਰੂਮ ਵਿੱਚ ਰੱਖ ਦਿਆਂਗੇ।''



# ਖ਼ਬਰਾਂ ਪੰਜਾਬ ਦੀਆਂ



### ਬਹਿਬਲ ਕਲਾਂ ਗੋਲੀ ਕਾਂਡ

## ਪੀੜਤ ਪਰਿਵਾਰਾਂ ਤੇ ਸਿੱਖ ਜਥੇਬੰਦੀਆਂ ਵੱਲੋਂ ਨੈਸ਼ਨਲ ਹਾਈਵੇ ਜਾਮ



ਫਰੀਦਕੋਟ, 7 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਦਿਨੀਂ ਸਾਲ 2015 ਵਿੱਚ ਵਾਪਰੇ ਬੇਅਦਬੀ ਮਾਮਲਿਆਂ ਦਾ ਇਨਸਾਫ ਲੈਣ ਲਈ ਬਹਿਬਲ ਵਿਖੇ ਪੱਕੇ ਮੋਰਚੇ ਉੱਤੇ ਬੈਠੇ ਪੀੜਤ ਪਰਵਾਰਾਂ ਤੇ ਸਿੱਖ ਜਥੇਬੰਦੀਆਂ ਨੇ ਕੱਲ੍ਹ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਨਾਮਜ਼ਦ ਦੋਸ਼ੀਆਂ ਖਿਲਾਫ ਜਲਦੀ ਕਾਰਵਾਈ ਦੀ ਮੰਗ ਲਈ ਨੈਸ਼ਨਲ ਹਾਈਵੇ ਜਾਮ ਕਰ ਦਿੱਤਾ। ਧਰਨੇ ਵਿੱਚ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਸਾਬਕਾ ਕਾਂਗਰਸੀ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹੋਏ ਅਤੇ ਇਹ ਧਰਨਾ ਦੇਰ ਸ਼ਾਮ ਚੱਲਦਾ ਰਿਹਾ, ਜਿਸ ਦੇ ਬਾਅਦ ਸਮਝੌਤੇ ਪਿੱਛੋਂ ਚੁੱਕ ਲਿਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਸਾਲ 2015 ਵਿੱਚ ਪੁਲਸ ਦੀ ਗੋਲੀ ਨਾਲ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨ ਕਿਸ਼ਨ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਦੱਸਿਆ ਕਿ ਬੇਅਦਬੀ ਅਤੇ ਗੋਲੀਕਾਂਡ ਕੇਸਾਂ ਦੀ ਜਾਂਚ ਲਈ ਪਿਛਲੇ ਸਾਲ 16 ਦਸੰਬਰ 2021 ਤੋਂ ਉਨ੍ਹਾਂ ਬਹਿਬਲ ਵਿਖੇ ਪੱਕਾ ਮੋਰਚਾ ਲਾ ਰੱਕਿਆ ਹੈ, ਛੇ ਅਪ੍ਰੈਲ ਨੂੰ ਅਣਮਿੱਥੇ ਸਮੇਂ ਲਈ ਨੈਸ਼ਨਲ ਹਾਈਵੇ-54 ਦੀ ਆਵਾਜਾਈ ਜਾਮ ਕਰਨ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਦੋਸ਼ੀ ਸਾਹਮਣੇ ਹੋਣ ਦੇ ਬਾਵਜੂਦ ਨਾ ਪਹਿਲੀਆਂ ਸਰਕਾਰਾਂ ਨੇ ਕੋਈ ਕਾਰਵਾਈ ਕੀਤੀ ਤੇ ਨਾ ਅਜੋਕੀ ਸਰਕਾਰ ਕੁਝ ਕਰਦੀ ਹੈ। ਅਸੀਂ ਉਸ ਵਕਤ ਤਕ ਇਹ ਧਰਨਾ ਦੇਂਦੇ ਰਹਾਂਗੇ, ਜਦ ਤਕ ਪੀੜਤ ਪਰਵਾਰਾਂ ਨੂੰ ਇਨਸਾਫ ਨਹੀਂ ਮਿਲ ਜਾਂਦਾ।

### ਜ਼ਿਲ੍ਹਾ ਚਾਈਲਡ ਹੈਲਪਲਾਈਨ ਨੇ ਨਾਬਾਲਗ ਦਾ ਵਿਆਹ ਰੁਕਵਾਇਆ

ਗੁਰਦਾਸਪੁਰ, 7 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਦੇ ਇੱਕ ਪਿੰਡ ਵਿੱਚ ਚਾਈਲਡ ਹੈਲਪਲਾਈਨ ਦੇ ਨੰਬਰ 1098 ਉੱਤੇ ਆਈ ਕਾਲ ਦੇ ਬਾਅਦ ਇੱਕ ਨਾਬਾਲਗ ਲੜਕੀ ਦਾ ਵਿਆਹ ਰੁਕਵਾਇਆ ਗਿਆ ਹੈ। ਚਾਈਲਡ ਹੈਲਪਲਾਈਨ ਦੇ ਪ੍ਰੋਜੈਕਟ ਡਾਇਰੈਕਟਰ ਨੇ ਦੱਸਿਆ ਕਿ ਉਨ੍ਹਾਂ ਨੂੰ ਹੈਲਪਲਾਈਨ ਨੰਬਰ ਉੱਤੇ ਦਿੱਲੀ ਤੋਂ ਕਾਲ ਆਈ ਸੀ ਕਿ ਥਾਣਾ ਕਾਦੀਆਂ ਹੇਠਲੇ ਇੱਕ ਪਿੰਡ ਵਿੱਚ ਇੱਕ ਨਾਬਾਲਗ ਲੜਕੀ ਦਾ ਵਿਆਹ ਕੀਤਾ ਜਾ ਰਿਹਾ ਹੈ। ਇਸ ਦੀ ਜਾਂਚ ਲਈਟੀਮ ਨੇ ਥਾਣਾ ਕਾਦੀਆਂ ਪੁਲਸ ਦੇ ਸਹਿਯੋਗ ਨਾਲ ਲੜਕੀ ਦੇ ਘਰ ਦਾ ਦੌਰਾ ਕੀਤਾ ਅਤੇ ਜਨਮ ਸਰਟੀਫਿਕੇਟ ਦੇਖਿਆ। ਇਸ ਵਿੱਚ ਉਸ ਲੜਕੀ ਦੀ ਉਮਰ 17 ਸਾਲ ਦੋ ਮਹੀਨੇ ਬਣਦੀ ਸੀ, ਜਿਹੜੀ ਚਾਈਲਡ ਮੈਰਿਜ ਐਕਟ ਦੇ ਵਿਰੁੱਧ ਸੀ। ਇਹ ਬੱਚੀ 12ਵੀਂ ਪਾਸ ਕਰ ਚੁੱਕੀ ਹੈ। ਸੰਬੰਧਤ ਪਰਵਾਰ ਦਾ ਕਹਿਣਾ ਸੀ ਕਿ ਇਸ ਵਿੱਚ ਉਨ੍ਹਾਂ ਦੀ ਕੋਈ ਗਲਤੀ ਨਹੀਂ, ਜੋ ਲੜਕਾ ਸਾਡੀ ਵੱਡੀ ਬੇਟੀ ਨੂੰ ਦੇਖਣ ਆਇਆ ਸੀ, ਉਸ ਨੂੰ ਛੋਟੀ ਪਸੰਦ ਆ ਗਈ। ਸਭ ਕੁਝ ਹੋ ਚੁੱਕਾ ਸੀ ਤੇ ਬੱਸ ਬਾਰਾਤ ਆਉਣੀ ਬਾਕੀ ਸੀ। ਇਸ ਦੇ ਬਾਅਦ ਉਕਤ ਪਰਵਾਰ ਵਿਆਹ ਨਾ ਕਰਨਾ ਮੰਨ ਗਿਆ।

ਟੀਮ ਮੈਂਬਰਾਂ ਨੇ ਦੱਸਿਆ ਕਿ ਘਰ ਵਿੱਚ ਹਲਵਾਈ ਲੱਗੇ ਹੋਏ ਸਨ। ਵਿਆਹ ਵਾਲੀ ਲੜਕੀ ਪਾਰਲਰ ਗਈ ਹੋਈ ਸੀ। ਲੜਕੀ ਦੇ ਮਾਤਾ-ਪਿਤਾ ਨਾਲ ਗੱਲ ਕੀਤੀ ਪਹਿਲਾਂ ਉਨ੍ਹਾਂ ਨੂੰ ਕੁਝ ਸਮਝ ਵਿੱਚ ਨਹੀਂ ਆਇਆ ਅਤੇ ਬਾਅਦ ਵਿੱਚ ਹੌਲੀ-ਹੌਲੀ ਜਦ ਲੋਕ ਇਕੱਠੇ ਹੋਣ ਲੱਗੇ ਤਾਂ ਉਨ੍ਹਾਂ ਵਿੱਚੋਂ ਕੁਝ ਲੋਕ ਟੀਮ ਨਾਲ ਝਗੜਾ ਕਰਨ ਲੱਗੇ। ਉਕਤ ਲੋਕਾਂ ਨੇ ਰਿਸ਼ਵਤ ਦੇਣ ਦੀ ਵੀ ਕੋਸ਼ਿਸ਼ ਕੀਤੀ, ਪਰ ਟੀਮ ਨੇ ਕਾਰਵਾਈ ਬੰਦ ਨਹੀਂ ਸੀ ਕੀਤੀ।

## ਯੂਨੀਵਰਸਿਟੀ ਸਾਹਮਣੇ ਗੋਲੀਆਂ ਮਾਰ ਕੇ ਨੌਜਵਾਨ ਦੀ ਹੱਤਿਆ



ਪਟਿਆਲਾ, 7 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਅੱਠ ਘੰਟਿਆਂ ਦੌਰਾਨ ਦੋ ਵੱਖ-ਵੱਖ ਘਟਨਾਵਾਂ ਵਿੱਚ ਦੋ ਨੌਜਵਾਨਾਂ ਦਾ ਕਤਲ ਹੋ ਗਿਆ ਹੈ, ਜਿਸ ਨਾਲ ਸ਼ਹਿਰ ਵਿੱਚ ਡਰ ਦਾ ਮਾਹੌਲ ਹੈ।

ਇਨ੍ਹਾਂ ਵਿੱਚੋਂ ਇੱਕ ਘਟਨਾ ਰਾਤ ਸਾਢੇ 10 ਕੁ ਵਜੇ ਪੰਜਾਬੀ ਯੂਨੀਵਰਸਿਟੀ ਸਾਹਮਣੇ ਮਾਰਕੀਟ ਵਿੱਚ ਵਾਪਰੀ। ਨੇੜਲੇ ਪਿੰਡ ਦੌਣਕਲਾਂ ਦੇ ਧਰਮਿੰਦਰ ਸਿੰਘ ਭਿੰਦਾ (35) ਪੁੱਤਰ ਧਨੰਤਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਉਹ ਆਪਣੇ ਪਿੰਡ ਕਬੱਡੀ ਟੂਰਨਾਮੈਂਟ ਕਰਵਾਉਂਦਾ ਹੁੰਦਾ ਸੀ। ਪੁਲਸ ਨੂੰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਨੂੰ ਦੋਸਤ ਜਸ਼ਨਦੀਪ ਸਿੰਘ ਨੂੰ ਕੁਝ ਨੌਜਵਾਨਾਂ ਨੇ ਘੇਰ ਲਿਆ ਸੀ, ਜਿਸ ਦਾ ਪਤਾ ਲੱਗਣ ਉੱਤੇ ਉਹ ਉਸ ਦੀ ਮਦਦ ਲਈ ਯੂਨੀਵਰਸਿਟੀ ਸਾਹਮਣੇ ਮਾਰਕੀਟ ਵਿੱਚ ਪੁੱਜਾ ਸੀ। ਜਸ਼ਨਦੀਪ ਨੇ ਦਰਜ ਕਰਵਾਈ ਰਿਪੋਰਟ ਵਿੱਚ ਦੱਸਿਆ ਕਿ ਭਿੰਦੇ ਨੇ ਜਦੋਂ ਹਮਲਾਵਰਾਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹ ਪਿਸਤੌਲ ਕੱਢ ਕੇ ਗੋਲੀਆਂ ਚਲਾਉਣ ਲੱਗ ਪਏ। ਆਪਣੇ ਬਚਾਅ ਲਈ ਭੱਜੇ ਜਾਂਦੇ ਭਿੰਦੇ ਦੀ ਪਿੱਠ ਉੱਤੇ ਗੋਲੀ ਲੱਗੀ। ਫਿਰ ਹਮਲਾਵਰ ਫਰਾਰ ਹੋ ਗਏ ਅਤੇ ਭਿੰਦੇ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਥਾਣਾ ਅਰਬਨ ਅਸਟੇਟ ਵਿੱਚ ਹਰਵੀਰ ਸਿੰਘ ਪੁੱਤਰ ਦਲਜੀਤ ਸਿੰਘ ਅਤੇ ਤੇਜਿੰਦਰ ਸਿੰਘ ਫੌਜੀ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਦੌਣਕਲਾਂ ਸਮੇਤ ਬੋਨੀ ਅਤੇ ਹਰਮਨ ਵਾਸੀ ਸਾਹਿਬ ਨਗਰ ਥੇੜ੍ਹੀ ਖਿਲਾਫ ਧਾਰਾ 302 ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਕਤਲ ਦੀ ਮੁੱਖ ਵਜ੍ਹਾ ਪੁਰਾਣੀ ਰੰਜਿਸ਼ ਦੱਸੀ ਜਾ ਰਹੀਹੈ।

ਕਤਲ ਦੀ ਦੂਜੀ ਘਟਨਾ ਛੇ ਅਪ੍ਰੈਲ ਨੂੰ ਸਵੇਰੇ ਛੇ ਕੁ ਵਜੇ ਇੱਥੇ ਮਾਲ ਰੋਡ ਉੱਤੇ ਵਾਪਰੀ। ਦਰਸ਼ਨ ਨਗਰ ਵਾਸੀ ਪ੍ਰਿਤਪਾਲ ਸਿੰਘ ਪੁੱਤਰ ਕਰਮਜੀਤ ਸਿੰਘ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਗਿਆ।

## ਕੇਂਦਰ ਸਰਕਾਰ ਨੇ ਕੋਲਾ ਸੰਕਟ ਵਿਚ ਪੰਜਾਬ ਦੀ ਮੱਦਦ ਦਾ ਹੁੰਗਾਰਾ ਭਰਿਆ



ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਝੋਨੇ ਦੇ ਸੀਜ਼ਨ ਲਈ ਵਾਧੂ ਕੋਲਾ ਅਤੇ ਬਿਜਲੀ ਦੇਣ ਲਈ ਪੰਜਾਬ ਸਰਕਾਰ ਨੂੰ ਹੁੰਗਾਰਾ ਭਰਿਆ ਹੈ ਜਿਸ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਗਲੇ ਮਹੀਨਿਆਂ ਵਿੱਚ ਸੰਭਾਵੀ ਬਿਜਲੀ ਸੰਕਟ ਤੋਂ ਬਚਣ ਦੀ ਆਸ ਬੱਝ ਸਕਦੀ ਹੈ।

ਵਰਨਣ ਯੋਗ ਹੈ ਕਿ ਕੇਂਦਰ ਦੇ ਬਿਜਲੀ ਮੰਤਰਾਲੇ ਨੇ ਪਹਿਲਾਂ ਪੰਜਾਬ ਨੂੰ ਵਾਧੂ ਕੋਲਾ ਅਤੇ ਬਿਜਲੀ ਦੇਣ ਬਾਰੇ ਪਾਸਾ ਵੱਟ ਲਿਆ ਸੀ। ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕੱਲ੍ਹ ਕੇਂਦਰੀ ਬਿਜਲੀ ਮੰਤਰੀ ਆਰ ਕੇ ਸਿੰਘ ਅਤੇ ਕੋਲਾ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਦਿੱਲੀ ਵਿੱਚ ਮੀਟਿੰਗਾਂ ਕਰ ਕੇ ਪੰਜਾਬ ਦਾ ਪੱਖ ਰੱਖਿਆ। ਪਾਵਰਕਾਮ ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਨੇ ਇਸ ਮੀਟਿੰਗ ਦੇ ਦੌਰਾਨ ਤਕਨੀਕੀ ਨੁਕਤੇ ਰੱਖੇ। ਕੇਂਦਰੀ ਬਿਜਲੀ ਮੰਤਰੀ ਨੇ ਇਸ ਮੀਟਿੰਗ ਦੌਰਾਨ ਪੰਜਾਬ ਲਈ ਜੂਨ ਤੋਂ ਸਤੰਬਰ ਤਕ ਕੇਂਦਰੀ ਪੂਲ ਵਿੱਚੋਂ 1500 ਮੈਗਾਵਾਟ ਬਿਜਲੀ ਰੋਜ਼ ਦੇਣ ਦੀ ਗੱਲ ਕਹੀ। ਇਸੇ ਤਰ੍ਹਾਂ 10 ਜੂਨ ਤੋਂ ਪਹਿਲਾਂ ਪੰਜਾਬ ਨੂੰ ਕੋਲੇ ਦੇ ਰੋਜ਼ 19-20 ਰੈਕ ਦੇਣ ਦੀ ਮੰਗ ਕੀਤੀ ਗਈ। ਸਤੰਬਰ ਤਕ ਪੰਜਾਹ ਲੱਖ ਮੀਟ੍ਰਿਕ ਟਨ ਕੋਲੇ ਦਾ ਵਾਧੂ ਸਟਾਕ ਵੀ ਮੰਗਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਵਜ਼ੀਰਾਂ ਦਾ ਰੁਖ਼ ਕੱਲ੍ਹ ਪੰਜਾਬ ਵੱਲ ਕੁਝ ਨਰਮ ਦਿਖਾਈ ਦਿੱਤਾ ਹੈ। ਪਹਿਲਾਂ ਕੇਂਦਰੀ ਬਿਜਲੀ ਮੰਤਰਾਲੇ ਨੇ ਢੁੱਕਵਾਂ ਕੋਲਾ ਅਤੇ ਕੇਂਦਰੀ ਪੂਲ ਵਿੱਚੋਂ ਬਿਜਲੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪੰਜਾਬਵਿੱਚ ਕੋਲਾ ਸੰਕਟ ਅਜੇ ਮੁੱਕਿਆ ਨਹੀਂ ਸੀ ਕਿ ਰੇਲਵੇ ਦਾ ਰੈਕ ਸੰਕਟ ਖੜ੍ਹਾ ਹੋ ਗਿਆ ਹੈ। ਵਿਦੇਸ਼ੀ ਕੋਲੇ ਦੇ ਭਾਅ ਏਨੇ ਚੜ੍ਹ ਗਏ ਹਨ ਕਿ ਪਾਵਰਕਾਮ ਨੂੰ ਬਿਜਲੀ ਮਹਿੰਗੀ ਪੈਂਦੀ ਹੈ। ਝੋਨੇ ਦੇ ਅਗਲੇਸੀਜ਼ਨ ਲਈ ਪੰਜਾਬ ਪਾਵਰਕਾਮ ਨੇ ਕੋਲਾ ਭੰਡਾਰ ਕਰਨ ਲਈ ਕੇਂਦਰ ਤਕ ਪਹੁੰਚ ਕੀਤੀ ਹੈ। ਪਾਵਰਕਾਮ ਨੂੰ ਡਰ ਹੈ ਕਿ ਆਉਂਦੇ ਦਿਨਾਂ ਵਿੱਚ ਰੇਲ ਗੱਡੀਆਂ ਦੀ ਵੀ ਕਿੱਲਤ ਆ ਸਕਦੀ ਹੈ। ਭਾਰਤੀ ਰੇਲਵੇ ਕੋਲ ਸਿਰਫ 380 ਰੈਕ ਹਨ ਅਤੇ ਉਸ ਨੇ ਬੀਤੇ ਪੰਜ ਸਾਲਾਂ ਤੋਂ ਨਵੇਂ ਰੈਕ ਨਹੀਂ ਖਰੀਦੇ। ਦੱਖਣੀ ਰਾਜਾਂ ਵਿੱਚੋਂ ਪੰਜਾਬ ਦੇ ਥਰਮਲ ਪਲਾਂਟਾਂ ਤਕ ਕੋਲਾ ਪੁੱਜਣ ਵਿੱਚ ਕਰੀਬ ਤਿੰਨ ਦਿਨ ਲਗਦੇ ਹਨ। ਕੇਂਦਰ ਦੀ ਨੀਤੀ ਮੁਤਾਬਕ ਕੋਲਾ ਖਾਣਾਂ ਤੋਂ ਨਜ਼ਦੀਕ ਪੈਂਦੇ ਰਾਜਾਂ ਨੂੰ ਵੱਧ ਰੈਕ ਦਿੱਤੇ ਜਾ ਰਹੇ ਹਨ।

ਕੋਲਾ ਖਾਣਾਂ ਵਿੱਚੋਂ ਮਾਨਸੂਨ ਤੋਂ ਪਹਿਲਾਂ ਕੋਲਾ ਕੱਢਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਮਾਹਰਾਂ ਦੇ ਮੁਤਾਬਕ ਇਸ ਵੇਲੇ ਦੇਸੀ ਕੋਲਾ ਤਾਂ ਹੈ, ਪਰ ਉਸ ਅਨੁਪਾਤ ਵਿੱਚ ਰੈਕ ਨਹੀਂ ਹਨ। ਪੰਜਾਬ ਦੇ ਜਨਤਕ ਖੇਤਰ ਦੇ ਥਰਮਲ ਪਲਾਂਟ ਤਾਂ ਚੱਲ ਰਹੇ ਹਨ, ਪਰ ਤਲਵੰਡੀ ਸਾਬੋ ਥਰਮਲ ਪਲਾਂਟ ਕੋਲ ਕੋਲੇ ਦਾ ਸਟਾਕ ਘੱਟ ਹੈ। ਸੂਬੇ ਵਿੱਚ ਇਸ ਵੇਲੇ ਬਿਜਲੀ ਦੀ ਮੰਗ 6500 ਤੋਂ ਸੱਤ ਹਜ਼ਾਰ ਮੈਗਾਵਾਟ ਹੈ ਕਿਉਂਕਿ ਵਾਢੀ ਕਰ ਕੇ ਖੇਤੀ ਸੈਕਟਰ ਵਿੱਚ ਬਿਜਲੀ ਦੀ ਮੰਗ ਘੱਟ ਹੈ।

## ਮਜੀਠੀਆ ਦੀ ਅਦਾਲਤੀ ਹਿਰਾਸਤ ’ਚ ਵਾਧਾ



ਐਸ ਏ ਐਸ ਨਗਰ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਬਹੁ-ਚਰਚਿਤ ਡਰੱਗਜ਼ ਕੇਸ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕੇਸ ਦੀ ਸੁਣਵਾਈ ਮੁਹਾਲੀ ਦੇ ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਵਿੱਚ ਹੋਈ ਤਾਂ ਅਦਾਲਤ ਨੇ 14 ਦਿਨਾਂ ਲਈ ਮਜੀਠੀਆ ਦੇ ਜੁਡੀਸ਼ਲ ਰਿਮਾਂਡ ਵਿੱਚ ਵਾਧਾ ਕਰਦਿਆਂ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਪੇਸ਼ ਹੋਣ ਲਈ ਕਿਹਾ ਹੈ। ਮਜੀਠੀਆ ਨੇ ਵੀਡੀਓ ਕਾਨਫ਼ਰੰਸ ਰਾਹੀਂ ਪੇਸ਼ੀ ਭੁਗਤੀ।

ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਆਲ ਇਜ਼ ਨਾਟ ਵੈਲ, ਵਾਰ-ਵਾਰ ਇੱਕ ਤੋਂ ਦੂਜੀ ਥਾਂ ਵੱਲ ਤਬਦੀਲ ਕੀਤਾ ਜਾਂਦਾ ਹੈ। ਮਜੀਠੀਆ ਦੇ ਵਕੀਲਾਂ ਨੇ ਕੋਰਟਨੂੰ ਅਰਜ਼ੀ ਦਿੱਤੀ ਕਿ ਪਟਿਆਲਾ ਜੇਲ੍ਹ ਵਿੱਚ ਬਿਰਕਮ ਮਜੀਠੀਆ ਦੀ ਜਾਨ ਨੂੰ ਖ਼ਤਰਾ ਹੈ ਅਤੇ ਉਹ ਖ਼ਾਲਿਸਤਾਨੀ ਖਾੜਕੂਆ ਦੇ ਨਿਸ਼ਾਨੇ ਉੱਤੇ ਹਨ। ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਮਜੀਠੀਆ ਨੂੰ ਗੈਂਗਸਟਰਾਂ ਤੋਂ ਵੀ ਧਮਕੀਆਂ ਮਿਲੀਆ ਹਨ। ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਬੀਤੀ ਰਾਤ ਡੀ ਆਈ ਜੀ ਜੇਲ੍ਹਾਂ ਵੱਲੋਂ ਮਜੀਠੀਆ ਨੂੰ ਫਾਂਸੀ ਚੱਕੀ ਵਿੱਚ ਭੇਜਣ ਦੀ ਕੋਸ਼ਿਸ਼ ਕੀਤੀ ਗਈ, ਜਿੱਥੇ ਮੌਤ ਦੀ ਸਜ਼ਾ ਪ੍ਰਾਪਤ ਕੈਦੀਆਂ ਨੂੰ ਰੱਖਿਆ ਜਾਂਦਾ ਹੈ।ਜਿਸ ਪਿੱਛੋਂ ਮਜੀਠੀਆ ਨੂੰ ਜ਼ੋਰਾ ਚੱਕੀ ਵਿੱਚ ਤਬਦੀਲ ਕਰ ਦਿੱਤਾ ਗਿਆ ਜੋ ਫਾਂਸੀ ਚੱਕੀ ਦੇ ਬਿਲਕੁਲ ਨਾਲ ਹੈ। ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਜਿਸ ਬੈਰਕ ਵਿੱਚ ਮਜੀਠੀਆ ਨੂੰ ਰੱਖਿਆ ਗਿਆ ਹੈ ਉਥੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਇਸ ਲਈ ਉਨ੍ਹਾਂ ਨੂੰ ਪਹਿਲਾਂ ਵਾਲੀ ਬੈਰਕ ਵਿੱਚ ਵਾਪਸ ਭੇਜਿਆ ਜਾਵੇ।

## ਕਾਂਗਰਸੀ ਆਗੂਆਂ ਨੇ ਆਪਣੇ ਹੀ ਨੇਤਾਵਾਂ ਵਿਰੁੱਧ ਮੋਰਚਾ ਖੋਲ੍ਹਿਆ

ਅੰਮ੍ਰਿਤਸਰ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਦਲਿਤ ਭਾਈਚਾਰੇ ਉਪਰ ਦਿੱਤੇ ਗਏ ਬਿਆਨ ਤੋਂ ਬਾਅਦ ਕਾਂਗਰਸੀ ਲੀਡਰ ਇੱਕ ਦੂਸਰੇ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ।

ਕਾਂਗਰਸ ਦੇ ਸਾਬਕਾ ਮੰਤਰੀ ਡਾਕਟਰ ਰਾਜ ਕੁਮਾਰ ਵੇਰਕਾ ਨੇ ਸੁਨੀਲ ਜਾਖੜ ਨੂੰ ਬਾਬਾ ਭੀਮ ਰਾਓ ਅੰਬੇਡਕਰ ਸਾਹਿਬ ਦੀ ਕੌਮ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਇਹੀ ਨਹੀਂ ਉਨ੍ਹਾਂ ਹਾਈ ਕਮਾਂਡ ਤੋਂ ਵੀ ਮੰਗਕੀਤੀ ਹੈ ਕਿ ਸੁਨੀਲ ਜਾਖੜ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਅਸਲ ਵਿੱਚ ਸੁਨੀਲ ਜਾਖੜ ਨੇ ਇੱਕ ਨਿੱਜੀ ਚੈਨਲ ਨੂੰ ਇੰਟਰਵਿਊ ਵਿੱਚ ਦਲਿਤ ਭਾਈਚਾਰੇ ਵਿਰੁੱਧ ਬੋਲਦੇ ਕਿਹਾ ਸੀ ਕਿ ਕਾਂਗਰਸ ਨੇ ਉਨ੍ਹਾਂ ਨੂੰ ਹੇਠੋਂ ਉਠਾ ਕੇ ਸਿਰ ਉੱਤੇ ਬੈਠਾ ਦਿੱਤਾ। ਉਨ੍ਹਾਂ ਦਾ ਇਸ਼ਾਰਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲ ਸੀ। ਜਾਖੜ ਦੇ ਇਸ ਸ਼ਬਦਾਂ ਤੋਂ ਬਾਅਦ ਕਾਂਗਰਸ ਦੇ ਲੀਡਰ ਇੱਕ ਦੂਸਰੇ ਵਿਰੁੱਧ ਖੁੱਲ੍ਹ ਕੇ ਬਿਆਨਬਾਜ਼ੀ ਕਰ ਰਹੇ ਹਨ। ਡਾਕਟਰ ਰਾਜੁਕਮਾਰ ਵੇਰਕਾ ਨੇ ਸੁਨੀਲ ਜਾਖੜ ਦੇ ਬਿਆਨਨੂੰ ਛੋਟੀ ਮਾਨਸਿਕਤਾ ਦੱਸ ਕੇ ਕਿਹਾ ਕਿ ਜਾਖੜ ਦੀ ਇਨਸਾਨੀਅਤ ਮਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਾਖੜ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ, ਜਿਸ ਵਿੱਚ ਉਹ ਸਫਲ ਨਹੀਂ ਹੋਏ ਤਾਂ ਮਾਨਸਿਕ ਸੰਤੁਲਨ ਗੁਆ ਬੈਠੇ ਹਨ। ਡਾਕਟਰ ਵੇਰਕਾ ਨੇ ਕਿਹਾ ਕਿ ਜਾਖੜ ਦੁਆਰਾ ਬੋਲੇ ਗਏ ਦਲਿਤ ਭਾਈਚਾਰੇ ਵਿਰੁੱਧ ਅਪਸ਼ਬਦ ਬਰਦਾਸ਼ਤ ਨਹੀਂ ਕੀਤੇ ਜਾਣਗੇ।

## ਅਕਾਲੀ ਦਲ ਸੰਯੁਕਤ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਉਤੇ ਸਵਾਲ ਚੁੱਕੇ



ਸੰਗਰੂਰ, 7 ਅਪ੍ਰੈਲ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਧਰਮ ਪ੍ਰਚਾਰ ਕਮੇਟੀ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਦੇ ਮਾੜੇ ਪ੍ਰਬੰਧਾਂ ਖਿਲਾਫ ਪੰਥਕ ਲਹਿਰ ਉਸਾਰਨ ਲਈ ਪੰਜਾਬ ਭਰ ਵਿੱਚ ਮੀਟਿੰਗਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਢਿੱਲੀ ਪੈਰਵੀ ਉੱਤੇਵੀ ਸਵਾਲ ਖੜ੍ਹੇ ਕੀਤੇ ਹਨ।

ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਘਰ ਹੋਈ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਮਿੱਠੂ ਸਿੰਘ ਕਾਹਨੇਕੇ, ਹਰਦੇਵ ਸਿੰਘ, ਮਲਕੀਤ ਸਿੰਘ ਚੰਗਾਲ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਾਮਪਾਲ ਸਿੰਘ ਬਹਿਣੀਵਾਲ ਤੇ ਮਨਜੀਤ ਸਿੰਘ ਬੱਪੀਆਣਾ ਨੇ ਕਿਹਾ ਕਿ ਗੁੰਮ-ਸ਼ੁਦਾ ਪਾਵਨ ਸਰੂਪਾਂ ਦੇ ਕੇਸ ਵਿੱਚ ਹਾਈ ਕੋਰਟ ਨੇ ਸਬੂਤਾਂ ਦੀ ਘਾਟ ਕਾਰਨ ਸ਼੍ਰੋਮਣੀ ਕਮੇਟੀ ਦੇ ਤਿੰਨ ਮੁਲਾਜ਼ਮਾਂ ਨੂੰ ਬਰੀ ਕਰ ਕੇ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ ਅਤੇ ਇਹ ਐਸ ਜੀ ਪੀ ਸੀ ਦੇ ਪ੍ਰਬੰਧਾਂ ਉੱਤੇ ਧੱਬਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਦਾਲਤੀ ਕੇਸਾਂ ਦੀ ਪੈਰਵੀ ਉੱਤੇ ਕਰੋੜਾਂ ਰੁਪਏ ਖਰਚ ਕਰਦੀ ਹੈ। ਸ਼੍ਰੋਮਣੀ ਕਮੇਟੀ ਦੇ 33 ਵਿੱਚੋਂ 31 ਕਾਲਜ ਅਤੇ 52 ਵਿੱਚੋਂ 44 ਸਕੂਲ ਘਾਟੇ ਵਿੱਚ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ 13 ਅਪ੍ਰੈਲ ਨੂੰ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨਾਲ ਸਬੰਧਤ ਐਸ ਜੀ ਪੀ ਸੀ ਮੈਂਬਰ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਯਾਦ ਪੱਤਰ ਸੌਂਪਣਗੇ।

## ਨਾਜਾਇਜ਼ ਕਾਲੋਨੀਆਂ ਦੀਆਂ ਰਜਿਸਟਰੀਆਂ ਉੱਤੇ ਹਾਈ ਕੋਰਟ ਵੱਲੋਂ ਰੋਕ

ਲੁਧਿਆਣਾ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੇ ਅੰਦਰ ਅੰਨ੍ਹੇਵਾਹ ਤੇ ਸਾਰੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਕੱਟੀਆਂ ਗਈਆਂ ਨਾਜਾਇਜ਼ ਕਾਲੋਨੀਆਂ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖਦੇ ਹੋਏ ਅਜਿਹੀਆਂ ਕਾਲੋਨੀਆਂ ਦੇ ਪਲਾਟਾਂ ਦੀਆਂ ਰਜਿਸਟਰੀਆਂ ਉੱਤੇ ਅਗਲੇ ਹੁਕਮਾਂ ਤਕ ਰੋਕ ਲਾਦਿੱਤੀ ਹੈ।ਇਸ ਨਾਲ ਰੀਅਲ ਅਸਟੇਟ ਕਾਰੋਬਾਰ ਨੂੰ ਧੱਕਾ ਲੱਗ ਸਕਦਾ ਹੈ।

ਵਰਨਣ ਯੋਗ ਹੈ ਕਿ ਸੂਬੇ ਵਿੱਚ ਸਿਆਸੀ ਦਖ਼ਲ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਪਿਛਲੇ ਕੁਝ ਸਾਲਾਂ ਦੇ ਅੰਦਰ ਹਜ਼ਾਰਾਂ ਨਾਜਾਇਜ਼ ਕਾਲੋਨੀਆਂ ਕੱਟੀਆਂ ਗਈਆਂ ਹਨ। ਕਾਲੋਨਾਈਜ਼ਰਾਂ ਨੇ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਨਾ ਸਿਰਫ਼ ਸਰਕਾਰ ਦੇ ਰੈਵੇਨਿਊ ਨੂੰ ਕਰੋੜਾਂ ਦਾ ਚੂਨਾ ਲਾਇਆ, ਸਗੋਂ ਮਾਸਟਰ ਪਲਾਨ ਦੀ ਖੁੱਲ੍ਹ ਕੇ ਉਲੰਘਣਾ ਕੀਤੀ ਹੈ। ਇਸ ਦੌਰਾਨ ਪਿਛਲੀ ਸਰਕਾਰ ਨੇ ਅਦਾਲਤੀ ਕਾਰਵਾਈ ਦੌਰਾਨ ਇਸ ਦਾ ਭਰੋਸਾ ਦਿੱਤਾ ਸੀ ਕਿ ਸੂਬੇ ਵਿੱਚ ਨਾਜਾਇਜ਼ ਕਾਲੋਨੀਆਂ ਦੇ ਪਲਾਟਾਂ ਦੀਆਂ ਰਜਿਸਟੀਆਂ ਉੱਤੇ ਰੋਕ ਲਾ ਦਿੱਤੀ ਹੈ। ਇਸ ਤੋਂ ਬਾਅਦ ਸਰਕਾਰ ਨੇ ਸਬੰਧਤ ਵਿਭਾਗ ਤੋਂ ਐਨ ਓ ਸੀ ਲੈਣ ਪਿਛੋਂ ਰਜਿਸਟਰੀ ਕਰਨ ਦਾ ਨਿਯਮ ਲਾਗੂ ਕੀਤਾ ਸੀ।ਕੱਲ੍ਹ ਮੁੜ ਪਟੀਸ਼ਨਦੀ ਸੁਣਵਾਈ ਰੱਖੀ ਗਈ ਸੀ, ਜਿਸ ਵਿੱਚ ਸਰਕਾਰ ਵੱਲੋਂ ਭੇਜੇ ਅਧਿਕਾਰੀਆਂ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਜਵਾਬ ਦਾਇਰ ਕਰਨ ਲਈ ਅਜੇ ਸਮਾਂ ਦਿੱਤਾ ਜਾਵੇ, ਜਿਸ ਉੱਤੇ ਅਦਾਲਤ ਨੇ ਸਰਕਾਰ ਨੂੰ ਸਮਾਂ ਦਿੰਦੇ ਹੋਏ 11 ਅਪ੍ਰੈਲ ਤਕ ਅਜਿਹੀਆਂ ਰਜਿਸਟਰੀਆਂ ਦੀ ਰਜਿਸਟ੍ਰੇਸ਼ਨ ਉੱਤੇ ਰੋਕ ਲਗਾਉਣ ਦੇ ਹੁਕਮ ਦਿੱਤੇ ਹਨ।

## ਚੋਣਾਂ ਦੌਰਾਨ ਪੰਜਾਬ ਵਿੱਚ ਵਿਧਾਇਕਾਂ ਉਤੇ 8 ਪਰਚੇ ਦਰਜ ਹੋਏ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਵਿਰੁੱਧ ਦਰਜ ਕੇਸਾਂ ਦੀ ਸਥਿਤੀ ਜਾਨਣ ਅਤੇ ਇਨ੍ਹਾਂ ਦੇ ਛੇਤੀ ਨਿਪਟਾਰੇ ਦੇ ਉਦੇਸ਼ ਬਾਰੇ ਸੁਪਰੀਮ ਕੋਰਟ ਵੱਲੋਂ ਆਪੇ ਲਏ ਨੋਟਿਸ ਉੱਤੇ ਵੱਖ-ਵੱਖ ਹਾਈ ਕੋਰਟਾਂ ਵਿੱਚ ਚੱਲ ਰਹੇ ਲੋਕਹਿਤ ਮਾਮਲਿਆਂ ਦੀ ਸੁਣਵਾਈ ਲਈ ਪੰਜਾ-ਬਅਤੇ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਲੋਕ ਪ੍ਰਤੀਨਿਧੀਆਂ ਬਾਰੇ ਕੱਲ੍ਹ ਸੁਣਵਾਈ ਹੋਈ।

ਇਸ ਦੌਰਾਨ ਪੰਜਾਬ ਦੀ ਰਿਪੋਰਟ ਤੋਂ ਪਤਾ ਲੱਗਾ ਕਿ ਚੋਣਾਂ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਪਾਰਟੀਆਂ ਦੇ ਅੱਠ ਵਿਧਾਇਕਾਂ ਵਿਰੁੱਧ ਕੁਦਰਤੀ ਆਫ਼ਤ ਪ੍ਰਬੰਧ ਐਕਟ ਹੇਠ ਕੇਸ ਦਰਜ ਹੋਏ ਸਨ ਅਤੇ ਇਨ੍ਹਾਂ ਦੀ ਜਾਂਚ ਜਾਰੀ ਹੈ। ਪੰਜਾਬ ਸਰਕਾਰ ਦੇ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਆਈ ਜੀ ਗੁਰਿੰ-ਦਰ ਸਿੰਘ ਢਿੱਲੋਂ ਨੇ ਰਿਪੋਰਟ ਦਿੱਤੀ ਹੈ। ਉਨ੍ਹਾਂ ਵੱਲੋਂ ਸੌਂਪੀ ਸੂਚੀ ਮੁਤਾਬਕ ਉਪਰੋਕਤ ਦੋ ਤੋਂ ਬਿਨਾ ਸਿਮਰਜੀਤ ਸਿੰਘ ਬੈਂਸ, ਫ਼ਤਿਹਜੰਗ ਬਾਜਵਾ, ਸੁੱਚਾ ਸਿੰਘ ਛੋਟੇਪੁਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਵਿਰਸਾ ਸਿੰਘ ਵਲਟੋਹਾ ਅਤੇ ਸੁਖਪਾਲ ਸਿੰਘ ਭੁੱਲਰ ਵਿਰੁੱਧ ਵੀ ਮਾਮਲੇ ਦਰਜ ਕੀਤੇ ਗਏ ਸਨ।

## ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਮਿਸ ਏਕਤਾ ਉੱਪਲ ਵੱਲੋਂ ਭਗਤ ਪੂਰਨ ਸਿੰਘ ਗੂੰਗੇ ਅਤੇ ਬੋਲੇ ਬੱਚਿਆਂ ਦੇ ਸਕੂਲ ਦਾ ਦੌਰਾ

ਫਿਰੋਜ਼ਪੁਰ 7 ਅਪ੍ਰੈਲ (ਗਿਆਨ ਸਿੰਘ ) ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਅਥਾਰਟੀ ਫਿਰੋਜ਼ਪੁਰ ਮਿਸ ਏਕਤਾ ਉੱਪਲ ਵੱਲੋਂ ਭਗਤ ਪੂਰਨ ਸਿੰਘ ਗੂੰਗੇ ਅਤੇ ਬੋਲੇ ਬੱਚਿਆਂ ਦੇ ਸਕੂਲ ਦਾ ਦੌਰਾ ਕੀਤਾ ਗਿਆ । ਇਸ ਮੌਕੇ ਉਨ੍ਹਾਂ ਨੇ ਸਕੂਲ ਦੇ ਬੱਚਿਆਂ ਨਾਲ ਵਿਸ਼ੇਸ਼ ਪ੍ਰੋਗਰਾਮ ਰੱਖਿਆ ਜਿਸ ਵਿੱਚ ਉਨ੍ਹਾਂ ਨੇ ਬੱਚਿਆਂ ਨਾਲ ਉਨ੍ਹਾਂ ਦੇ ਇਸ਼ਾਰਿਆਂ ਦੀ ਭਾਸ਼ਾ ਵਿੱਚ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ । ਇਸ ਮੌਕੇ ਸਕੂਲ ਦੇ ਹੈਡ ਟੀਚਰ ਮਿਸ ਹਰਵਿੰਦਰ ਕੌਰ ਨੇ ਜੱਜ ਸਾਹਿਬ ਦੀ ਬੱਚਿਆਂ ਨਾਲ ਵਾਰਤਾਲਾਪ ਵਿੱਚ ਸਹਾਇਤਾ ਕੀਤੀ । ਇਸ ਦੇ ਨਾਲ ਹੀ ਜੱਜ ਸਾਹਿਬ ਵੱਲੋਂ ਬੱਚਿਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ । ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਤਹਿਸੀਲਦਾਰ ਸ਼੍ਰੀ ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਟਾਫ ਵਿੱਚ ਕਾਨੂੰਗੋ ਅਤੇ ਪਟਵਾਰੀ ਸਾਹਿਬਾਨ ਅਤੇ ਈਐਂਨਟੀ ਡਾਕਟਰ ਮਿਸ ਸ਼ਿਵਾਨੀ ਸ਼ਰਮਾ ਤੇ ਡੀਸੀਸੀਪੀਓ ਮਿਸ ਰਾਜ ਕਿਰਨ ਹਾਜ਼ਰ ਸਨ ।





ਇਸ ਮੌਕੇ ਇਸ ਪਿੰਡ ਦੇ ਇੱਕਤਰ ਹੋਏ ਲੋਕਾਂ ਨੂੰ ਕੋਵਿਡ-19 ਦੌਰਾਨ ਹੋਈਆਂ ਮੌਤਾਂ ਨੂੰ ਮਿਲਣ ਵਾਲੇ ਮੁਆਵਜੇ ਅਤੇ ਇਸ ਮੁਆਵਜੇ ਸਬੰਧੀ ਭਰੇ ਜਾਣ ਵਾਲੇ ਪ੍ਰੋਫਾਰਮੇ ਬਾਰੇ ਵੀ ਦੱਸਿਆ ਗਿਆ। ਇਸ ਸੈਮੀਨਾਰ ਦੇ ਸਬੰਧ ਵਿੱਚ ਜੱਜ ਸਾਹਿਬ ਨੇ ਸਕੂਲ ਪ੍ਰਸ਼ਾਸਨ ਨੂੰ ਇਨ੍ਹਾਂ ਸਪੈਸ਼ਲ ਵਿਦਿਆਰਥੀਆਂ ਲਈ ਜਾਂ ਇਸ ਬਿਲਡਿੰਗ ਦੇ ਮੁਤਾਬਿਕ ਕੋਈ ਵੀ ਦਿੱਕਤ ਪੇਸ਼ ਆਉਣ ਤੇ ਦਫ਼ਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵਿਖੇ ਸੰਪਰਕ ਕਰਨ ਲਈ ਕਿਹਾ । ਇਸ ਮੌਕੇ ਜੱਜ ਸਾਹਿਬ ਆਪ ਆਪਣੇ ਘਰ ਤੋਂ ਇਨ੍ਹਾਂ ਵਿਦਿਆਰਥੀਆਂ ਲਈ ਛੋਲੇ ਪੂੜੀਆਂ ਦਾ ਲੰਗਰ ਤਿਆਰ ਕਰ ਕੇ ਲਿਆਏ ਅਤੇ ਆਪ ਇਨ੍ਹਾਂ ਵਿਦਿਆਰਥੀਆਂ ਨੂੰ ਵਰਤਾਇਆ । ਇਸ ਤੋਂ ਬਾਅਦ ਈ ਐੱਨ ਟੀ ਡਾਕਟਰ ਮੈਡਮ ਸ਼ਿਵਾਨੀ ਸ਼ਰਮਾ ਜੀ ਨੇ ਬੱਚਿਆ ਦਾ ਚੈੱਕਅੱਪ ਵੀ ਕੀਤਾ । ਇਸ ਦੇ ਨਾਲ ਨਾਲ ਤਹਿਸੀਲਦਾਰ ਸਾਹਿਬ ਨੇ ਇਸ ਮੌਕੇ ਇਸ ਸਕੂਲ ਦੀ ਬਿਲਡਿੰਗ ਇਸ ਦੇ ਰਸਤੇ ਦਾ ਅਤੇ ਇਸ ਸਕੂਲ ਦੇ ਨਜ਼ਦੀਕ ਬੱਸ ਸਟਾਪ ਬਨਾਉਣ ਦਾ ਜਾਇਜ਼ਾ ਵੀ ਲਿਆ । ਇਸ ਮੌਕੇ ਮੈਡਮ ਰਾਜ ਕਿਰਨ ਡੀ ਸੀ ਸੀ ਪੀ ਓ ਜੀ ਨੇ ਇਸ ਸਕੂਲ ਦੇ ਪ੍ਰਬੰਧਣ ਵਿੱਚ ਕੋਈ ਕਮੀ ਨਾ ਰੱਖਣ ਦਾ ਵਾਅਦਾ ਕੀਤਾ ਅਤੇ ਇਨ੍ਹਾਂ ਡਿਸਏਬਲ ਬੱਚਿਆਂ ਦੀ ਪੈਨਸ਼ਨ ਲਗਵਾਉਣ ਦਾ ਵੀ ਭਰੋਸਾ ਦਿੱਤਾ । ਇਸ ਤੋਂ ਇਲਾਵਾ ਜੱਜ ਸਾਹਿਬ ਨੇ ਹਾਜ਼ਰ ਲੋਕਾਂ ਨੂੰ ਜੱਜ ਸਾਹਿਬ ਨੇ ਮਿਤੀ 14 ਮਈ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਦੱਸਿਆ । ਅੰਤ ਵਿੱਚ ਸਕੂਲ ਸਟਾਫ ਮੁਖੀ ਮਿਸ ਹਰਵਿੰਦਰ ਕੌਰ ਨੇ ਆਪਣੇ ਪੂਰੇ ਸਟਾਫ ਸਮੇਤ ਆਏ ਹੋਏ ਅਫ਼ਸਰ ਸਾਹਿਬਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਟਰੱਕ ਯੂਨੀਅਨਾਂ ਹਵਾ ਵਿੱਚ, ਪਰ ਧਰਤੀ ’ਤੇ ਕਬਜ਼ਿਆਂ ਲਈ ਮਾਰੋ-ਮਾਰੀ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਜਦੋਂ ਤੋਂ ਸੱਤਾ ਵਿੱਚ ਤਬਦੀਲੀ ਹੋਈ ਹੈ, ਉਦੋਂ ਤੋਂ ਹੀ ਵੱਖ-ਵੱਖ ਟਰੱਕ ਯੂਨੀਅਨਾਂ ਉੱਤੇ ਕਬਜ਼ਿਆਂ ਲਈ ਖ਼ੂਨ-ਖਰਾਬਾ ਚੱਲਣ ਲੱਗਾ ਹੈ।

ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਟਰੱਕ ਯੂਨੀਅਨਾਂ 2017 ਵਿੱਚ ਪੰਜਾਬ ਕਿਸਾਨ ਕਮਿਸ਼ਨ ਤੇ ਇੰਡਸਟਰੀ ਦੀ ਸਿਫਾਰਸ਼ ਉੱਤੇ ਭੰਗ ਕਰ ਦਿੱਤੀਆਂ ਗਈਆਂ ਸਨ। ਪੂਰੇ ਦੇਸ਼ ਵਿੱਚ ਟਰੱਕ ਆਪਰੇਟਰ ਆਪਣੇ ਤੌਰ ਉੱਤੇਕੰਮ ਚਲਾ ਰਹੇ ਸਨ, ਪਰ ਜਦੋਂ ਵਿਧਾਨ ਸਭਾ ਚੋਣਾਂ ਨੇੜੇ ਆਈਆਂ, ਟਰੱਕ ਯੂਨੀਅਨਾਂ ਵਿੱਚ ਅਹੁਦੇਦਾਰ ਰਹੇ ਲੋਕਾਂ ਨੇ ਯੂਨੀਅਨਾਂ ਨੂੰ ਬਹਾਲ ਕਰਨ ਦੀ ਮੰਗ ਕਰ ਦਿੱਤੀ। ਉਨ੍ਹਾਂ ਨੇ ਉਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਘਿਰਾਓ ਵੀ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਬਾਅਦ ਯੂਨੀਅਨਾਂ ਬਹਾਲ ਕਰਨ ਦਾ ਭਰੋਸਾ ਦਿੱਤਾ ਸੀ। ਇਸ ਤੋਂ ਪਹਿਲਾਂ ਕਿਉਹ ਅਮਲ ਕਰਦੇ, ਕਾਂਗਰਸੀ ਵਿਧਾਇਕਾਂ ਨੇ ਬਗਾਵਤ ਕਰ ਦਿੱਤੀ ਅਤੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ, ਜਿਨ੍ਹਾਂ ਨੇ ਜਾਂਦੇ-ਜਾਂਦੇ ਟਰੱਕ ਯੂਨੀਅਨਾਂ ਨੂੰ ਬਹਾਲ ਕਰਨ ਦਾ ਹੁਕਮ ਕਰ ਦਿੱਤਾ, ਪਰ ਟਰਾਂਸਪੋਰਟ ਵਿਭਾਗ ਨੇ ਇਸ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਅੱਜਕੱਲ੍ਹ ਜਦੋਂ ਟਰੱਕ ਯੂਨੀਅਨਾਂ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਏ ਹਨ ਤਾਂ ਟਰਾਂਸਪੋਰਟ ਵਿਭਾਗ ਨੇ ਸਾਰੇ ਮੰਤਰੀਆਂ ਨੂੰ ਪੱਤਰ ਜਾਰੀ ਕਰ ਕੇ ਕਿਹਾ ਹੈ ਕਿ ਟਰੱਕ ਯੂਨੀਅਨਾਂ ਬਹਾਲ ਨਹੀਂ ਹੋਈਆਂ।

ਸਾਲ 2017 ਵਿੱਚ ਇਨ੍ਹਾਂ ਟਰੱਕ ਯੂਨੀਅਨਾਂ ਨੂੰ ਭੰਗ ਕਰਨ ਦੀ ਸਿਫਾਰਸ਼ ਪੰਜਾਬ ਕਿਸਾਨ ਕਮਿਸ਼ਨ ਦੇ ਚੇਅਰਮੈਨ ਅਜੈਵੀਰ ਜਾਖੜ ਨੇ ਕੀਤੀ ਸੀ। ਉਨ੍ਹਾਂ ਕਿਹਾ ਕਿ ਟਰੱਕ ਯੂਨੀਅਨਾਂ ਪੰਜਾਬ ਵਿੱਚ ਗੈਰ ਕਾਨੂੰਨੀ ਹਨ ਅਤੇ ਰੇਤ ਮਾਫੀਆ ਤੋਂ ਵੀ ਵੱਧ ਖਤਰਨਾਕ ਹਨ। ਇਹ ਮਨਮਾਨੇ ਢੰਗ ਨਾਲ ਇੰਡਸਟਰੀ ਅਤੇ ਬਰਾਮਦਕਾਰਾਂ ਤੋਂ ਸਾਮਾਨ ਢੋਣ ਦੇ ਪੈਸੇ ਵਸੂਲ ਕਰਦੇ ਹਨ। ਇਸ ਲਈ ਇਨ੍ਹਾਂ ਉੱਤੇ ਪਾਬੰਦੀ ਲਗਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਵਰਨਣ ਯੋਗ ਹੈ ਕਿ ਪਟਿਆਲਾ ਵਿੱਚ ਪਿਛਲੇ 10 ਦਿਨਾਂ ਦੌਰਾਨ ਟਰੱਕ ਯੂਨੀਅਨਾਂ ਉੱਤੇ ਕਬਜ਼ੇ ਕਣੂ ਕੁੱਟਮਾਰ ਦੀਆਂ ਦੋ ਘਟਨਾਵਾਂ ਹੋਈਆਂ ਹਨ ਅਤੇ ਸਮਾਣਾ ਟਰੱਕ ਯੂਨੀਅਨ ਦੀ ਪ੍ਰਧਾਨਗੀਬਾਰੇ ਕੁਝ ਲੋਕਾਂ ਨੇ ਇੱਕ ਟਰਾਂਸਪੋਰਟਰ ਉੱਤੇ ਹਮਲਾ ਕੀਤਾ ਸੀ। ਇਸੇ ਤਰ੍ਹਾਂ ਅਬੋਹਰ ਦੀ ਟਰੱਕ ਯੂਨੀਅਨ ਦੀ ਪ੍ਰਧਾਨਗੀ ਬਾਰੇ ਆਮ ਆਦਮੀ ਪਾਰਟੀ ਦੇ ਦੋ ਧੜੇ ਪਰਸੋਂ ਟਰੱਕ ਯੂਨੀਅਨ ਵਿੱਚ ਭਿੜ ਗਏ, ਇਸ ਵਿੱਚ ਚਾਰ ਜਣੇ ਜ਼ਖਮੀ ਹੋ ਗਏ। ਜੈਤੋਟਰੱਕ ਯੂਨੀਅਨ ਉੱਤੇ ਆਮ ਆਦਮੀ ਪਾਰਟੀ ਵੱਲੋਂ 31 ਮਾਰਚ ਨੂੰ ਕਬਜ਼ਾ ਕੀਤਾ ਗਿਆ ਸੀ। ਇਸ ਝਗੜੇ ਦੌਰਾਨ ਵੀ ਤਿੰਨ ਜਣੇ ਜ਼ਖਮੀ ਹੋਏ ਸਨ।



# ਰਾਜਾਂ ਵਿੱਚ ਸਾਈਨ ਬੋਰਡਾਂ ਉੱਤੇ ਸਭ ਤੋਂ ਉਤੇ ਮਾਂ ਬੋਲੀ ਲਿਖੀ ਜਾਵੇ: ਨਾਇਡੂ



ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਜਿਸ ਰਾਜ ਦੀ ਭਾਸ਼ਾ ਹਿੰਦੀ ਨਹੀਂ ਹੈ, ਉਥੇ ਸਰਕਾਰੀ ਬੋਰਡਾਂ ਉਤੇ ਹਿੰਦੀ ਤੇ ਅੰਗਰੇਜ਼ੀ ਵਿੱਚ ਜਾਣਕਾਰੀ ਲਿਖੀ ਹੁੰਦੀ ਹੈ। ਅਜਿਹੇ ਵਿੱਚ ਉਸ ਸੂਬੇ ਦੇ ਲੋਕ ਹਿੰਦੀ ਜਾਂ ਅੰਗਰੇਜ਼ੀ ਪੜ੍ਹਨ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਦੇ ਹਨ। ਲੋਕਾਂ ਨੂੰ ਆਪਣੇ ਖੇਤਰ ਵਿੱਚ ਸਾਈਨ ਬੋਰਡ ਤੋਂ ਸਹੀ ਜਾਣਕਾਰੀ ਮਿਲੇ, ਇਹ ਮਾਮਲਾ ਕੱਲ੍ਹ ਰਾਜ ਸਭਾ ਵਿੱਚ ਸਿਫਰ ਕਾਲ ਦੌਰਾਨ ਚੁੱਕਿਆ ਗਿਆ।

ਇਸ ਉੱਤੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਕਿਹਾ ਕਿ ਦੇਸ਼ ਦੇ ਹਰ ਸੂਬੇ ਵਿੱਚ ਸਾਰੇ ਸਰਕਾਰੀ ਸਾਈਨ ਬੋਰਡ ਖੇਤਰੀ ਭਾਸ਼ਾਵਾਂ ਵਿੱਚ ਲਿਖੇ ਜਾਣ।ਪੱਛਮੀ ਬੰਗਾਲ ਤੋਂ ਤ੍ਰਿਣਮੂਲ ਕਾਂਗਰਸਦੇ ਪਾਰਲੀਮੈਂਟ ਮੈਂਬਰ ਸੁਖੇਂਦੂ ਸ਼ੇਖਰ ਰਾਏ ਨੇ ਕਿਹਾ ਕਿ ਸਰਕਾਰੀ ਸਾਈਨ ਬੋਰਡਾਂ ਉੱਤੇ ਸਿਰਫ਼ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿੱਚ ਹੀ ਜਾਣਕਾਰੀ ਹੁੰਦੀ ਹੈ, ਜੋ ਸਥਾਨਕ ਨਾਗਰਿਕਾਂ ਨੂੰ ਸਮਝ ਨਹੀਂ ਆਉਂਦੀ। ਬੰਗਾਲ ਵਿੱਚ ਆਮ ਲੋਕ ਬਾਂਗਲਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਨਾਲ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ, ਪਰ ਮਾਤ ਭਾਸ਼ਾ ਵਿੱਚ ਜੇ ਸਾਈਨ ਬੋਰਡ ਹੋਣਗੇ ਤਾਂ ਲੋਕਾਂ ਨੂੰ ਸਮਝਣ ਵਿੱਚ ਆਸਾਨੀ ਹੋਵੇਗੀ। ਉਨ੍ਹਾਂ ਨੇ ਮੈਟਰੋ ਟ੍ਰੇਨ ਦਾ ਵੀ ਜ਼ਿਕਰ ਕੀਤਾ, ਜਿੱਥੇ ਬੋਰਡ ਉੱਤੇ ਸਿਰਫ਼ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਜਾਣਕਾਰੀ ਲਿਖੀ ਹੁੰਦੀ ਹੈ। ਇਸ ਮਾਮਲੇ ਦੀ ਗੰਭੀਰਤਾ ਦੇਖਦੇ ਹੋਏ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਕਿਹਾ ਕਿ ਇਹ ਮੁੱਦਾ ਸੁਖੇਂਦੂ ਸ਼ੇਖਰ ਰਾਏ ਦਾ ਨਹੀਂ, ਪੂਰੇ ਦੇਸ਼ ਦਾ ਹੈ। ਹਰ ਸੂਬੇ ਦੇ ਸਾਰੇ ਸਰਕਾਰੀ ਸਾਈਨ ਬੋਰਡਾਂ (ਰਾਜ ਅਤੇ ਕੇਂਦਰੀ) ਉੱਤੇ ਪਹਿਲਾਂ ਮਾਂ ਬੋਲੀ ਜਾਂ ਰਾਜ ਦੀ ਭਾਸ਼ਾ ਵਰਤੀ ਜਾਵੇ, ਫਿਰ ਹਿੰਦੀ ਜਾਂ ਅੰਗਰੇਜ਼ੀ ਦੀ ਵਰਤੋਂ ਕੀਤੀ ਜਾਵੇ, ਤਾਂ ਹੀ ਲੋਕ ਸਮਝਣਗੇ। ਸਥਾਨਕ ਭਾਸ਼ਾ ਵਿੱਚ ਸਾਈਨ ਬੋਰਡਾਂ ਨੂੰ ਜ਼ਰੂਰੀ ਕੀਤਾ ਜਾਵੇ।

### ਦਿੱਲੀ ਜਲ ਬੋਰਡ ਤੇ ਐਨ ਡੀ ਐਮ ਸੀ ਦਾ ਫੈਸਲਾ

# ਮੁਸਲਿਮ ਮੁਲਾਜ਼ਮਾਂ ਨੂੰ ਦੋ ਘੰਟੇ ਦੀ ਛੁੱਟੀ ਦੇਣ ਵਾਲੇ ਹੁਕਮ ਵਾਪਸ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਰਮਜ਼ਾਨ ਦੌਰਾਨ ਦਿੱਲੀ ਜਲ ਬੋਰਡ ਅਤੇ ਨਵੀਂ ਦਿੱਲੀ ਨਗਰ ਨਿਗਮ (ਐਨ ਡੀ ਐਮ ਸੀ) ਨੇ ਮੁਸਲਮ ਮੁਲਾਜ਼ਮਾਂ ਨੂੰ ਦੋ ਘੰਟੇ ਦੀ ਛੁੱਟੀ ਦੇਣ ਦੇ ਹੁਕਮ ਵਾਪਸ ਲੈ ਲਏ ਹਨ।



ਮੰਨਿਆ ਜਾ ਰਿਹਾ ਹੈ ਕਿ ਭਾਜਪਾ ਦੇ ਦੇਸ਼ ਪੱਧਰ ਦੇ ਰੁਖ਼ ਨੂੰ ਦੇਖ ਕੇ ਇਹ ਹੁਕਮ ਵਾਪਸ ਲਏ ਗਏ ਹਨ।ਦਿੱਲੀ ਜਲ ਬੋਰਡ ਨੇ ਇੱਕ ਸਰਕੂਲਰ ਵਾਪਸ ਲੈ ਲਿਆ ਹੈ ਜਿਸ ਵਿੱਚ ਮੁਸਲਮ ਮੁਲਾਜ਼ਮਾਂ ਨੂੰ ਰਮਜ਼ਾਨ ਦੇ ਦਿਨਾਂ ਦੌਰਾਨ ਜਾਂ ਮਈ ਵਿੱਚ ਈਦ-ਉਲ ਫਿਤਰ ਦੀ ਤਰੀਕ ਦੇ ਐਲਾਨ ਤਕ ਰੋਜ਼ ਕਰੀਬ ਦੋ ਘੰਟੇ ਦੀ ਛੁੱਟੀ ਲੈਣ ਦੀ ਮਨਜ਼ੂਰੀ ਦਿੱਤੀ ਗਈ ਸੀ। ਇਹ ਇਜਾਜ਼ਤ ਇਸ ਸ਼ਰਤ ਉੱਤੇ ਮਿਲਦੀ ਸੀ ਕਿ ਉਹ ਆਪਣੇ ਦਫਤਰੀ ਕੰਮ ਸਮੇਂ ਸਿਰ ਪੂਰਾ ਕਰਨਗੇ। ਦਿੱਲੀ ਜਲ ਬੋਰਡ ਨੇ ਕੱਲ੍ਹ ਸਰਕੂਲਰ ਵਾਪਸ ਲੈ ਲਿਆ। ਇਸ ਛੁੱਟੀ ਦਾ ਭਾਜਪਾ ਵਿਰੋਧ ਕਰਦੀ ਸੀ।ਦਿੱਲੀ ਭਾਜਪਾ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਕਿਹਾ ਕਿ ਇਸਫੈਸਲੇ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਅਸਲੀ ਚਿਹਰਾ ਦਿਖਾ ਦਿੱਤਾ ਹੈ।

ਦੂਸਰੇ ਪਾਸੇ ਐਨ ਡੀ ਐਮ ਸੀ (ਨਵੀਂ ਦਿੱਲੀ ਮਿਉਂਸਪਲ ਕਾਰਪੋਰੇਸ਼ਨ) ਨੇ ਵੀ ਕੱਲ੍ਹ ਆਪਣਾ ਹੁਕਮ ਵਾਪਸ ਲੈ ਲਿਆ ਜਿਸ ਵਿੱਚ ਰਮਜ਼ਾਨ ਦੇ ਮਹੀਨੇ ਦੌਰਾਨ ਰੋਜ਼ਾ ਰੱਖਣ ਵਾਲੇ ਸਾਰੇ ਮੁਸਲਮ ਮੁਲਾਜ਼ਮਾਂ ਨੂੰ ਦਫਤਰ ਤੋਂ ਛੇਤੀ ਛੁੱਟੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।ਭਾਜਪਾ ਦੀ ਸੱਤਾ ਵਾਲੀ ਦਿੱਲੀ ਨਗਰ ਨਿਗਮ ਵੱਲੋਂ ਨਰਾਤਿਆਂ ਦੌਰਾਨ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਲਈ ਹੋ ਰਹੀ ਖਿੱਚੋਤਾਣ ਦੌਰਾਨ ਰਾਜਧਾਨੀ ਦਿੱਲੀ ਦੇ ਅਹਿਮ ਆਈ ਐਨ ਏ ਬਾਜ਼ਾਰ ਵਿੱਚ ਮੀਟ ਦੀਆਂ ਦੁਕਾਨਾਂ ਖੁੱਲ੍ਹੀਆਂ ਰਹੀਆਂ ਕਿਉਂਕਿ ਦੁਕਾਨਦਾਰਾਂ ਨੂੰ ਲਿਖਤੀ ਹਦਾਇਤ ਨਹੀਂ ਮਿਲੀ, ਜਿਸ ਕਰ ਕੇ ਦੁਕਾਨਦਾਰਾਂ ਨੇ ਮੀਟ ਵੇਚਣ ਲਈ ਦੁਕਾਨਾਂ ਖੋਲ੍ਹੀਆਂ। ਉਂਜ ਕਈ ਥਾਈਂ ਦੁਕਾਨਦਾਰਾਂ ਨੇ ਮੀਟ ਵਾਲੀਆਂ ਦੁਕਾਨਾਂ ਬੰਦ ਰੱਖੀਆਂ।

## ਸਲਮਾਨ ਖਾਨ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ

ਮੁੰਬਈ, 7 ਅਪ੍ਰੈਲ (ਪੋਸਟ ਬਿਊਰੋ)- ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੇ ਕੱਲ੍ਹ ਬੰਬੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਸ ਨੇ ਆਪਣੇ ਤਿੰਨ ਸਾਲ ਪੁਰਾਣੇ ਕੇਸ ਵਿੱਚ ਅਦਾਲਤ ਵਿੱਚ ਪਹੁੰਚ ਕੀਤੀ ਹੈ। ਸਾਲ 2019 ਵਿੱਚ ਸਲਮਾਨ ਖਾਨ ਤੇ ਉਨ੍ਹਾਂ ਦੇ ਬਾਡੀਗਾਰਡ ਉੱਤੇ ਇੱਕ ਪੱਤਰਕਾਰ ਨੇ ਉਨ੍ਹਾਂ ਨਾਲ ਕਥਿਤ ਤੌਰ ਉੱਤੇ ਦੁਰਵਿਹਾਰ ਕਰਨ ਦਾ ਦੋਸ਼ ਲਾਇਆ ਸੀ। ਉਦੋਂ ਤੋਂ ਇਹ ਮਾਮਲਾ ਅਦਾਲਤ ਵਿੱਚ ਹੈ। ਪਿੱਛੇ ਜਿਹੇ ਇਸ ਕੇਸ ਵਿੱਚ ਮੁੰਬਈ ਦੀ ਮੈਜਿਸਟ੍ਰੇਟ ਅਦਾਲਤ ਨੇ ਸਲਮਾਨ ਖਾਨ ਅਤੇ ਉਨ੍ਹਾਂ ਦੇ ਬਾਡੀਗਾਰਡ ਨਵਾਜ਼ ਸ਼ੇਖ ਨੂੰ ਸੰਮਨ ਜਾਰੀ ਕਰਕੇ 5 ਅਪ੍ਰੈਲ ਤਕ ਅਦਾਲਤ ਪੇਸ਼ ਹੋਣ ਨੂੰ ਕਿਹਾ ਸੀ ਪਰ ਇਸ ਤੋਂ ਪਹਿਲਾਂ ਸਲਮਾਨ ਖਾਨ ਨੇ ਇਨ੍ਹਾਂ ਸੰਮਨਾਂ ਖ਼ਿਲਾਫ਼ ਬੰਬੇ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕੀਤੀ ਹੈ। ਇਸ ਪਟੀਸ਼ਨ ਵਿੱਚ ਸਲਮਾਨ ਖਾਨ ਨੇ ਸੰਮਨਾਂ ਨੂੰ ਰੱਦ ਕਰਨ ਤੇ ਅੰਤਰਿਮ ਰਾਹਤ ਦੀ ਮੰਗ ਕੀਤੀ ਹੈ। ਜੱਜ ਨੇ ਉਨ੍ਹਾਂ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਅਗਲੀ ਸੁਣਵਾਈ 5 ਮਈ ਉੱਤੇ ਪਾ ਦਿੱਤੀ ਹੈ।

## ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਵਾਲਾ ਸਹਾਇਕ ਪ੍ਰੋਫੈਸਰ ਸਸਪੈਂਡ

ਅਲੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ ਐਮ ਯੂ) ਪ੍ਰਸ਼ਾਸਨ ਨੇ ਯੂਨੀਵਰਸਿਟੀ ਨਾਲ ਸਬੰਧਤ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਦੇ ਇੱਕ ਸਹਾਇਕ ਪ੍ਰੋਫੈਸਰ ਨੂੰ ਹਿੰਦੂ ਧਰਮ ਦੀਆਂ ਕਥਾਵਾਂ ਵਿੱਚ 'ਬਲਾਤਕਾਰ' ਨਾਲ ਸਬੰਧਤ ਮਿਸਾਲਾਂ ਦੇ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦੇ ਦੋਸ਼ ਵਿੱਚ ਸਸਪੈਂਡ ਕਰ ਦਿੱਤਾ। ਇਸ ਦੇ ਨਾਲ ਇਸ ਦੀ ਜਾਂਚ ਲਈ ਦੋ ਮੈਂਬਰੀਕਮੇਟੀ ਵੀ ਬਣਾਈ ਗਈ ਹੈ।

ਸੰਬੰਧਤ ਪ੍ਰੋਫੈਸਰ ਨੇ ਵਾਈਸ ਚਾਂਸਲਰ ਨੂੰ ਪੱਤਰ ਲਿਖ ਕੇ ਬਿਨਾਂ ਸ਼ਰਤ ਮੁਆਫੀ ਮੰਗਦਿਆਂ ਕਿਹਾ ਕਿ ਉਸ ਦਾ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦਾ ਇਰਾਦਾ ਨਹੀਂ ਸੀ।ਰਜਿਸਟਰਾਰ ਅਬਦੁਲ ਹਮੀਦ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਦੇ ਫੋਰੈਂਸਿਕ ਮੈਡੀਸਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾਕਟਰ ਜਤਿੰਦਰ ਕੁਮਾਰ ਉੱਤੇਬੀਤੇ ਦਿਨੀਂ ਆਪਣੇ ਇੱਕ ਕਲਾਸ ਲੈਕਚਰ ਦੌਰਾਨ ਹਿੰਦੂ ਧਰਮ ਦੀਆਂ ਕਥਾਵਾਂ ਵਿੱਚ ਬਲਾਤਕਾਰ ਦੇ ਕੁਝ ਸੰਦਰਭਾਂ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ ਜਿਸ ਨਾਲ ਹਿੰਦੂ ਵਿਦਿਆਰਥੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ।ਇਹ ਮਾਮਲਾ ਜਦੋਂ ਮੀਡੀਆ ਵਿੱਚ ਆਇਆ ਤਾਂ ਕੁਮਾਰ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਕੇ 24 ਘੰਟੇ ਵਿੱਚ ਜਵਾਬ ਦੇਣ ਲਈ ਕਿਹਾ ਗਿਆ ਸੀ। ਮੁੱਢਲੀ ਜਾਂਚ ਵਿੱਚ ਦੋਸ਼ ਸਹੀ ਪਾਏ ਜਾਣ ਕਾਰਨ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ਅਤੇ ਮਾਮਲੇ ਦੀ ਜਾਂਚ ਲਈ ਦੋ ਮੈਂਬਰੀ ਕਮੇਟੀ ਬਣਾਈ ਗਈ ਹੈ।

## ਹਿਜਾਬ ਵਿਵਾਦ ’ਚ ਅਲ ਕਾਇਦਾ ਦਾ ਸਰਗਨਾ ਜਵਾਹਰੀ ਵੀ ਕੁੱਦਿਆ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਕਰਨਾਟਕ ਦੇ ਹਿਜਾਬ ਵਿਵਾਦ ਵਿੱਚ ਖਤਰਨਾਕ ਅੱਤਵਾਦੀ ਸੰਗਠਨ ਅਲ ਕਾਇਦਾ ਦਾ ਸਰਗਨਾ ਆਏਮਾਨ ਅਲ ਜਵਾਹਰੀ ਵੀ ਕੁਦ ਪਿਆ ਹੈ। ਉਸ ਨੇ ਭਾਰਤ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਸਾਨੂੰ ਮੂਰਤੀਪੂਜਕ ਹਿੰਦੂ ਲੋਕਤੰਤਰ ਦੀ ਮ੍ਰਿਗਤ੍ਰਿਸ਼ਣਾ ਨਾਲ ਧੋਖਾ ਨਹੀਂ ਖਾਣਾ ਚਾਹੀਦਾ।

ਅੱਤਵਾਦੀ ਸੰਗਠਨ ਅਲ ਕਾਇਦਾ ਵੱਲੋਂ ਆਨਲਾਈਨ ਜਾਰੀ 8.43 ਮਿੰਟ ਦੀ ਵੀਡੀਓ ਕਲਿਪ ਵਿੱਚ ਜਵਾਹਰੀ ਨੇ ਹਿਜਾਬ ਅੰਦੋਲਨ ਦੌਰਾਨ ਆਪਣੇ ਕਾਲਜ ਵਿੱਚਇਸਲਾਮੀ ਨਾਅਰੇ ਲਾਉਣ ਵਾਲੀ ਵਿਦਿਆਰਥਣ ਮੁਸਕਾਨ ਖਾਨ ਦੀ ਵੀ ਬਹੁਤ ਤਾਰੀਫ ਕੀਤੀ ਹੈ। ਇਹ ਵੀਡੀਓ ਅਮਰੀਕੀ ਸਾਈਟ ਇੰਟੈਲੀਜੈਂਸ ਗਰੁੱਪ ਵੱਲੋਂ ਤਸਦੀਕਸ਼ੁਦਾ ਹੈ।

ਉਧਰ ਬੰਗਲੌਰ ਵਿੱਚ ਕਰਨਾਟਕ ਦੇ ਗ੍ਰਹਿ ਮੰਤਰੀ ਏ ਗਿਆਨੇਂਦਰ ਨੇ ਕਿਹਾ ਕਿ ਜਵਾਹਰੀ ਵੱਲੋਂ ਹਿਜਾਬ ਵਿਵਾਦ ਵਿੱਚ ਮੁਸਕਾਨ ਖਾਨ ਦੀ ਤਾਰੀਫ ਨਾਲ ਇਸ ਵਿਵਾਦ ਪਿੱਛੇ ਅਦਿੱਖ ਤਾਕਤਾਂ ਦੇ ਹੱਥ ਹੋਣ ਦੀ ਗੱਲ ਸਾਬਤ ਹੁੰਦੀ ਹੈ। ਗੋਰੇ ਗਲਬੇ ਵਾਲੇ ਜਿਹਾਦੀ ਸੰਗਠਨਾਂ ਦੀ ਆਨਲਾਈਨ ਸਰਗਰਮੀ ਉੱਤੇ ਨਜ਼ਰ ਰੱਖਦੇ ਸਾਈਟ ਇੰਟੈਲੀਜੈਂਸ ਗਰੁੱਪ ਤੋਂ ਮਿਲੀ ਅੰਗਰੇਜ਼ੀ ਹੈਡਿੰਗ ਵਾਲੀ ਅਰਬੀ ਵੀਡੀਓ ਕਲਿਪ ਵਿੱਚ ਜਵਾਹਰੀ ਇੱਕ ਕਵਿਤਾ ਵੀ ਪੜ੍ਹਦਾ ਹੈ ਜਿਸ ਬਾਰੇ ਉਹ ਕਹਿੰਦਾ ਹੈ ਕਿ ਇਹ ਉਸ ਨੇ 'ਮੁਜਾਹਿਦ ਭੈਣ' ਅਤੇ ਉਸ ਦੀ 'ਬਹਾਦਰ ਪ੍ਰਾਪਤੀ ਲਈ ਹੈ।

## ਭਾਰਤ ਨੇ ਕਿਹਾ, ਅਸੀਂ ਰੂਸ-ਯੂਕਰੇਨ ਜੰਗ ਦੇ ਖਿਲਾਫ ਸ਼ਾਂਤੀ ਦਾ ਰਾਹ ਚੁਣਿਆ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਯੂਕਰੇਨ ਨੇ ਭਾਰਤੀ ਵਿਦਿਆਰਥੀਆਂ ਨੂੰ ਵਿਸ਼ੇਸ਼ ਛੋਟਾਂ ਦਾ ਫੈਸਲਾ ਲਿਆ ਹੈ ਕਿ ਮੈਡੀਕਲ ਦੀ ਪੜ੍ਹਾਈ ਕਰਦੇ ਛੇਵੇਂ ਸਾਲ ਦੇ ਵਿਦਿਆਰਥੀਆਂ ਨੂੰ ਬਿਨਾਂ ਪ੍ਰੀਖਿਆ ਦੇ ਪਿਛਲੇ ਅਕਾਦਮਿਕ ਨਤੀਜਿਆਂ ਦੇ ਆਧਾਰ ਉੱਤੇ ਡਿਗਰੀ ਮਿਲੇਗੀ, ਜਦ ਕਿ ਤੀਜੇ ਸਾਲ ਦੀ ਪੜ੍ਹਾਈ ਕਰਦੇ ਵਿਦਿਆਰਥੀਆਂ ਦੀ ਪ੍ਰੀਖਿਆ ਮੁਲਤਵੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਬਾਕੀ ਵਿਦਿਆਰਥੀਆਂ ਲਈ ਭਾਰਤ ਸਰਕਾਰ ਹੰਗਰੀ, ਪੋਲੈਂਡ, ਰੋਮਾਨੀਆ, ਕਜ਼ਾਕਿਸਤਾਨ ਅਤੇ ਚੈਕ ਗਣਰਾਜ ਦੇ ਸੰਪਰਕ ਵਿੱਚ ਹੈ, ਕਿਉਂਕਿ ਉਥੇ ਸਿੱਖਿਆ ਦਾ ਮਾਡਲ ਯੂਕਰੇਨ ਵਾਂਗ ਹੀ ਹੈ।

ਇਹ ਬਿਆਨ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕੱਲ੍ਹ ਲੋਕ ਸਭਾ ਵਿੱਚ ਯੂਕਰੇਨ ਮੁੱਦੇ ਉੱਤੇ ਚਰਚਾ ਦੌਰਾਨ ਦਿੱਤਾ। ਵਿਦੇਸ਼ ਮੰਤਰੀ ਨੇ ਰੂਸ-ਯੂਕਰੇਨ ਵਿਵਾਦ ਵਿੱਚ ਕਿਸੇ ਧਿਰ ਦਾ ਸਮਰਥਨ ਨਾ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇ ਭਾਰਤ ਨੇ ਕਿਸੇ ਧਿਰ ਦਾ ਸਾਥ ਦੇਣਾ ਹੋਵੇ ਤਾਂ ਅਮਨ ਦਾ ਸਾਥ ਦੇਵੇਗਾ। ਉਨ੍ਹਾਂ ਕਿਹਾ ਕਿ ਸਾਡਾ ਹਮੇਸ਼ਾ ਤੋਂ ਸਿਧਾਂਤਕ ਪੱਖ ਰਿਹਾ ਹੈ, ਜਿਸ ਨੂੰ ਅੰਤਰਰਾਸ਼ਟਰੀ ਮੰਚਾਂ ਅਤੇ ਬਹਿਸਾਂ ਵਿੱਚ ਅਸੀਂ ਦੁਹਰਾਇਆ ਹੈ। ਵਿਦੇਸ਼ ਮੰਤਰੀ ਦਾ ਇਹ ਬਿਆਨ ਓਦੋਂ ਆਇਆ ਹੈ ਜਦੋਂ ਯੁੱਧ ਪ੍ਰਭਾਵਤ ਯੂਕਰੇਨ ਤੋਂ ਹਜ਼ਾਰਾਂ ਦੀ ਤਾਦਾਦ ਵਿੱਚ ਭਾਰਤ ਪਰਤੇ ਵਿਦਿਆਰਥੀ ਆਪਣੇ ਭਵਿੱਖ ਬਾਰੇ ਚਿੰਤਾ ਵਿੱਚ ਹਨ।

ਵਿਦੇਸ਼ ਮੰਤਰੀ ਨੇ ਵਿਦਿਆਰਥੀਆਂ ਦੇ ਅੱਗੇ ਦੀ ਪੜ੍ਹਾਈ ਦੇ ਖਦਸ਼ੇ ਤੋਂ ਇਲਾਵਾ ਉਨ੍ਹਾਂ ਦੇ ਪਰਵਾਰਾਂ ਦੀਆਂ ਵਿੱਤੀ ਸਮੱਸਿਆਵਾਂ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੇ ਕਰਜ਼ਾ ਲੈ ਕੇ ਬੱਚਿਆਂ ਨੂੰ ਬਾਹਰ ਭੇਜਿਆ ਸੀ। ਉਨ੍ਹਾ ਨੇ ਇਸ ਦੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਯੂਕਰੇਨ ਤੋਂ ਪਰਤੇ 1319 ਭਾਰਤੀ ਵਿਦਿਆਰਥੀਆਂ ਨੇ ਕਰਜ਼ਾ ਲਿਆ ਹੋਇਆ ਹੈ। ਸਰਕਾਰ ਨੇ ਭਾਰਤੀ ਬੈਂਕਾਂ ਨੂੰ ਯੁੱਧ ਦੇ ਪ੍ਰਭਾਵ ਦੀ ਸਮੀਖਿਆ ਕਰਨ ਨੂੰ ਕਿਹਾ ਹੈ।

## ਚੋਣ ਬਾਂਡ ਦੇ ਖਿਲਾਫ ਸੁਪਰੀਮ ਕੋਰਟ ਸੁਣਵਾਈ ਕਰੇਗੀ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਬੀਤੇ ਦਿਨ ਇੱਕ ਜਨਹਿਤ ਪਟੀਸ਼ਨ ਨੂੰ ਸੁਣਵਾਈ ਲਈ ਸੂਚੀਬੱਧ ਕਰਨ ਉੱਤੇ ਸਹਿਮਤੀ ਪ੍ਰਗਟਾਈ ਹੈ। ਪਟੀਸ਼ਨ ਵਿੱਚ ਚੋਣ ਬਾਂਡ ਯੋਜਨਾ ਰਾਹੀਂ ਸਿਆਸੀ ਦਲਾਂ ਨੂੰ ਚੰਦਾ ਦੇਣ ਨਾਲ ਸਬੰਧਤ ਕਾਨੂੰਨਾਂ ਨੂੰ ਚੁਣੌਤੀ ਦਿੱਤੀ ਗਈ ਹੈ।



ਭਾਰਤ ਦੇ ਚੀਫ ਜਸਟਿਸ ਐਨ ਵੀ ਰਮੰਨਾ, ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਹਿਮਾ ਕੋਹਲੀ ਦੇ ਬੈਂਚ ਨੇ ਪਟੀਸ਼ਨਰ ਐਨ ਜੀ ਓ ‘ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' ਦੀ ਇਸ ਦਲੀਲ ਉੱਤੇ ਗੌਰ ਕੀਤਾ ਕਿ ਇਹ ਮੁੱਦਾ ਗੰਭੀਰ ਹੈ ਅਤੇ ਇਸ ਉੱਤੇ ਤੁਰੰਤ ਸੁਣਵਾਈ ਦੀ ਲੋੜ ਹੈ। ਐਨ ਜੀ ਓ ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ, ਕੱਲ੍ਹ ਸਵੇਰੇ ਦੱਸਿਆ ਗਿਆ ਕਿ ਕੋਲਕਾਤਾ ਦੀ ਇੱਕ ਕੰਪਨੀ ਨੇ ਚੋਣ ਬਾਂਡ ਰਾਹੀਂ ਚਾਲੀ ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ। ਕੰਪਨੀ ਯਕੀਨੀ ਕਰਨਾ ਚਾਹੁੰਦੀ ਸੀ ਕਿ ਉਸ ਉੱਤੇ ਐਕਸਾਈਜ਼ ਟੈਕਸ ਲਈ ਛਾਪਾ ਨਾ ਪਵੇ।ਉਨ੍ਹਾਂ ਕਿਹਾ, ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਕਿ ਪਟੀਸ਼ਨ ਨੂੰ ਤੁਰੰਤ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇ। ਚੀਫ ਜਸਟਿਸ ਨੇ ਕੇਸ ਨੂੰ ਜਲਦੀ ਸੂਚੀਬੱਧ ਕਰਨ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਜੇ ਕੋਵਿਡ ਮਹਾਮਾਰੀ ਨਾ ਹੁੰਦੀ ਤਾਂ ਮੈਂ ਇਸ ਉੱਤੇ ਸੁਣਵਾਈ ਕਰ ਚੁੱਕਾ ਹੁੰਦਾ। ਇਸ ਤੋਂ ਪਹਿਲਾਂ ਪ੍ਰਸ਼ਾਂਤ ਭੂਸ਼ਣ ਨੇ ਪਿਛਲੇ ਸਾਲ ਚਾਰ ਅਕਤੂਬਰ ਨੂੰ ਸਰਬਉਚ ਅਦਾਲਤ ਨੂੰ ਜਨਹਿਤ ਪਟੀਸ਼ਨ ਨੂੰ ਤੁਰੰਤ ਸੂਚੀਬੱਧ ਕਰਨ ਦੀ ਅਪੀਲ ਕੀਤੀ ਸੀ। ਪਟੀਸ਼ਨ ਵਿੱਚ ਕੇਂਦਰ ਨੂੰ ਇਹ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਸੀ ਕਿ ਉਹ ਸਿਆਸੀ ਦਲਾਂ ਨੂੰ ਚੰਦਾ ਦੇਣ ਅਤੇ ਉਨ੍ਹਾਂ ਦੇ ਖਾਤਿਆਂ ਵਿੱਚ ਪਾਰਦਰਸ਼ਿਤਾ ਦੀ ਘਾਟ ਨਾਲ ਸਬੰਧਤ ਮਾਮਲਾ ਪੈਂਡਿੰਗ ਰਹਿਣ ਦੇ ਦੌਰਾਨ ਚੋਣ ਬਾਂਡ ਦੀ ਵਿਕਰੀ ਦੀ ਇਜਾਜ਼ਤ ਨਾ ਦੇਵੇ।

ਐਨ ਜੀ ਓ ਨੇ 2017 ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਸਿਆਸੀ ਦਲਾਂ ਨੂੰ ਨਾਜਾਇਜ਼ ਤਰੀਕੇ ਨਾਲ ਤੇ ਵਿਦੇਸ਼ ਤੋਂ ਮਿਲਣ ਵਾਲੇ ਧਨ ਨਾਲ ਭ੍ਰਿਸ਼ਟਾਚਾਰ ਵਧਦਾ ਹੈ।ਚੋਣ ਬਾਂਡ ਯੋਜਨਾ ਮੁਤਾਬਕ ਇਹ ਬਾਂਡ ਕਿਸੇ ਅਜਿਹੇ ਵਿਅਕਤੀ ਵੱਲੋਂ ਖਰੀਦਿਆ ਜਾ ਸਕਦਾ ਹੈ, ਜਿਹੜਾ ਭਾਰਤ ਦਾ ਨਾਗਰਿਕ ਹੈ ਜਾਂ ਇੱਥੇ ਰਹਿੰਦਾ ਹੈ। ਲੋਕ ਨੁਮਾਇੰਦਗੀ ਕਾਨੂੰਨ, 1951 ਤਹਿਤ ਰਜਿਸਟਰਡ ਸਿਆਸੀ ਪਾਰਟੀ ਹੀ ਚੋਣ ਬਾਂਡ ਰਾਹੀਂ ਚੰਦਾ ਲੈ ਸਕਦੀ ਹੈ। ਇਸ ਦੇ ਲਈ ਪਾਰਟੀ ਨੂੰ ਪਿਛਲੀਆਂ ਰਾਜ ਵਿਧਾਨ ਸਭਾ ਚੋਣਾਂ ਵਿੱਚ ਘੱਟੋਂ ਘੱਟ ਇੱਕ ਫੀਸਦੀ ਵੋਟਾਂ ਮਿਲਣਾ ਲਾਜ਼ਮੀ ਸ਼ਰਤ ਹੈ। ਪਾਰਟੀ ਨੂੰ ਕਿਸੇ ਅਧਿਕਾਰਤ ਬੈਂਕ ਵਿੱਚ ਖਾਤਿਆਂ ਜ਼ਰੀਏ ਹੀ ਬਾਂਡ ਦਾ ਭੁਗਤਾਨ ਕੀਤਾ ਜਾ ਸਕਦਾ ਹੈ।

# ਸੰਜੇ ਰਾਊਤ ਨੇ ਕਿਹਾ, ਮੈਂ ਈ ਡੀ ਦੀਆਂ ਕਾਰਵਾਈਆਂ ਤੋਂ ਡਰਨ ਵਾਲਾ ਨਹੀਂ

ਮੁੰਬਈ, 7 ਅਪ੍ਰੈਲ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕੱਲ੍ਹ ਆਪਣੀ ਜਾਇਦਾਦ ਕੁਰਕ ਕੀਤੇ ਜਾਣ ਸਬੰਧੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਕਾਰਵਾਈ ਨੂੰ ‘ਮੱਧ-ਵਰਗੀ ਮਰਾਠੀ ਮਾਨੁਸ਼' ਉੱਤੇ ਹਮਲਾ ਕਰਾਰ ਦਿੱਤਾ ਤੇ ਕਿਹਾ ਕਿ ਉਹ ਅਜਿਹੇ ਕਦਮਾਂ ਤੋਂ ਡਰਨਗੇ ਨਹੀਂ ਤੇ ਉਨ੍ਹਾਂ ਉੱਤੇ ਦਬਾਅ ਬਣਾਉਣ ਲਈ ਕੀਤੀ ਗਈ ਕਿਸੇ ਵੀ ਕਰਵਾਈ ਦਾ ਵਿਰੋਧ ਕਰਨਗੇ।



ਨਵੀਂ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਊਤ ਨੇ ਦੱਸਿਆ ਕਿ ਈ ਡੀ ਦੀ ਕਾਰਵਾਈ ਅਜਿਹੇ ਦਿਨ ਹੋਈ ਹੈ, ਜਦੋਂ ਮੁੰਬਈ ਪੁਲਸ ਨੇ ਕੇਂਦਰੀ ਏਜੰਸੀ ਦੇ ਅਫਸਰਾਂ ਖਿਲਾਫ ਜਬਰੀ ਵਸੂਲੀ ਦੇ ਦੋਸ਼ਾਂ ਦੀ ਜਾਂਚ ਕਰਨ ਦੇ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਸੀ। ਪਿਛਲੇ ਮਹੀਨੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੇ ਦੋਸ਼ ਲਾਇਆ ਸੀ ਕਿ ਈ ਡੀ ਦੇ ਕੁਝ ਅਧਿਕਾਰੀ ਜਬਰੀ ਵਸੂਲੀ ਕਰਨ ਦਾ ਗਿਰੋਹ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਈ ਡੀ ਦੀ ਕਾਰਵਾਈ ਬਦਲੇ ਦੀ ਭਾਵਨਾ ਨਾਲ ਕੀਤੀ ਗਈ ਹੈ ਤੇ ਉਨ੍ਹਾਂ ਖਿਲਾਫ ਏਜੰਸੀ ਦੇ ਦਾਅਵੇ ਝੂਠੇ ਨਿਕਲਣਗੇ। ਏਜੰਸੀ ਦੀ ਕਾਰਵਾਈ ਤੋਂ ਬਾਅਦ ਸ਼ਿਵ ਸੈਨਾ ਆਗੂ ਨੇ ਟਵੀਟ ਕੀਤਾ, ‘‘ਅਸੱਤਿਆਮੇਵ ਜਯਤੇ' (ਝੂਠ ਦੀ ਜਿੱਤ ਹੋਈ)।'' ਰਾਜ ਸਭਾ ਮੈਂਬਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸ਼ਿਵ ਸੈਨਾ ਦੀ ਸਾਬਕਾ ਸਹਿਯੋਗੀ ਭਾਜਪਾ ਨਿਸ਼ਾਨਾ ਬਣਾ ਰਹੀ ਹੈ ਕਿਉਂਕਿ ਉਨ੍ਹਾਂ ਮਹਾਰਾਸ਼ਟਰ ਵਿੱਚ ਮਹਾਵਿਕਾਸ ਅਘਾੜੀ (ਐਮ ਵੀ ਏ) ਸਰਕਾਰ ਤੋੜਨ ਦੀਆਂ ਕੋਸ਼ਿਸ਼ਾਂਲਈ ਹਮਾਇਤ ਨਹੀਂ ਕੀਤੀ। ਉਨ੍ਹਾਂ ਕਿਹਾ, ‘‘ਮੇਰੇ ਕਰ ਕੇ ਤੁਹਾਡੀ (ਭਾਜਪਾ) ਸਰਕਾਰ ਨਹੀਂ ਬਣ ਸਕੀ। ਮੈਂ ਸਰਕਾਰ ਤੋੜਨ ਵਿੱਚ ਤੁਹਾਡੀ ਮਦਦ ਨਹੀਂ ਕਰ ਰਿਹਾ। ਇਹ ਮੇਰੇ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਹੈ, ਪਰ ਮੈਂ ਡਰਾਂਗਾ ਨਹੀਂ।''

## ਕੇਂਦਰ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮ ਦਾ ਲਾਲ ਕਿੱਲ੍ਹੇ ਉੱਤੇ ਵਿਸ਼ੇਸ਼ ਪ੍ਰੋਗਰਾਮ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਵਾਲੇ ਸਮਾਗਮ ਦਿੱਲੀ ਦੇ ਲਾਲ ਕਿਲ੍ਹੇ ਵਿਖੇ ਕਰਵਾਏ ਜਾਣਗੇ। ਸੱਭਿਆਚਾਰ ਬਾਰੇ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ।

ਇਸ ਬਾਰੇ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ 20 ਅਤੇ 21 ਅਪ੍ਰੈਲ ਨੂੰ ਕਰਾਏ ਜਾਣ ਵਾਲੇ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ਿਰਕਤ ਕਰਨਗੇ। ਦੋ ਦਿਨਾਂ ਪ੍ਰੋਗਰਾਮ ਦੀ ਸ਼ੁਰੂਆਤ 20 ਅਪ੍ਰੈਲ ਨੂੰ ਕੀਤੀ ਜਾਵੇਗੀ, ਜਿਸ ਦਾ ਉਦਘਾਟਨ ਗ੍ਰਹਿ ਮੰਤਰੀ ਅਮਿਤ ਸ਼ਾਹ ਕਰਨਗੇ। 21 ਅਪ੍ਰੈਲ ਵਾਲੇ ਪ੍ਰੋਗਰਾਮ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਉੱਤੇ ਪ੍ਰਧਾਨ ਮੰਤਰੀ ਵੱਲੋਂ ਇੱਕ ਯਾਦਗਾਰੀ ਸਿੱਕਾ ਅਤੇ ਇੱਕ ਡਾਕ ਟਿਕਟਜਾਰੀ ਕੀਤੀ ਜਾਵੇਗੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਉੱਤੇ 400 ਰਾਗੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਵੇਗਾ। 20 ਅਤੇ 21 ਅਪ੍ਰੈਲ ਨੂੰ ਹੋ ਰਹੇ ਸਮਾਗਮਾਂ ਦੌਰਾਨ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਸੰਬੋਧਨ ਵੀ ਕਰਨਗੇ। ਵਰਨਣ ਯੋਗ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਸਮਾਗਮ ਦੀ ਸ਼ੁਰੂਆਤ 1 ਮਈ 2021 ਨੂੰ ਕੀਤੀ ਗਈ ਸੀ। ਦੇਸ਼ ਭਰ ਵਿੱਚ ਚੱਲੇ ਜਸ਼ਨਾਂ ਪਿੱਛੋਂ 20 ਅਤੇ 21 ਅਪ੍ਰੈਲ ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਕਰਵਾਏ ਜਾ ਰਹੇ ਇਨ੍ਹਾਂ ਦੋ ਦਿਨਾਂ ਸਮਾਗਮਾਂ ਦੇ ਨਾਲ ਸਮਾਗਮਾਂ ਦੀ ਸਮਾਪਤੀ ਹੋਵੇਗੀ।

## ਤ੍ਰਿਣਮੂਲ ਐੱਮ ਪੀ ਨੇ ਕਿਹਾ, ਸੰਵਿਧਾਨ ਮਾਸ ਖਾਣ ਦੀ ਇਜਾਜ਼ਤ ਦਿੰਦੈ, ਪ੍ਰਸ਼ਾਸਨ ਰੋਕਣ ਵਾਲਾ ਕੌਣ ਹੁੰਦੈ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਮਹੁਆ ਮੋਇਤਰਾ ਨੇ ਨਰਾਤਿਆਂ ਦੇ ਮੌਕੇ ਉੱਤੇ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿੱਚ ਮੀਟ ਦੀਆਂ ਦੁਕਾਨਾਂ ਉੱਤੇ ਪਾਬੰਦੀ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਸੰਵਿਧਾਨ ਉਨ੍ਹਾਂ ਨੂੰ ਮਾਸ ਖਾਣ ਦੀ ਇਜਾਜ਼ਤ ਦਿੰਦਾ ਹੈ ਤਾਂ ਪ੍ਰਸ਼ਾਸਨ ਰੋਕਣ ਵਾਲਾ ਕੌਣ ਹੈ।

ਮੋਇਤਰਾ ਨੇ ਇਸ ਮੁੱਦੇ ਉੱਤੇ ਟਵੀਟ ਕੀਤਾ ਤੇ ਲਿਖਿਆ, ਮਾਂ ਦੱਖਣੀ ਦਿੱਲੀ ਵਿੱਚ ਰਹਿੰਦੀ ਹਾਂ। ਸੰਵਿਧਾਨ ਮੈਨੂੰ ਚਾਹੇ ਮਾਸ ਖਾਣ ਦੀ ਇਜਾਜ਼ਤ ਦਿੰਦਾ ਹੈ। ਦੁਕਾਨਦਾਰਾਂ ਨੂੰ ਆਪਣਾ ਕਾਰੋਬਾਰ ਚਲਾਉਣ ਦੀ ਆਜ਼ਾਦੀ ਹੈ। ਵਰਨਣ ਯੋਗ ਹੈ ਕਿ ਦੱਖਣੀ ਦਿੱਲੀ ਨਗਰ ਨਿਗਮ ਦੇ ਮੇਅਰ ਮੁਕੇਸ਼ ਸੂਰਿਆਨ ਨੇ ਨਰਾਤਿਆਂ ਦੌਰਾਨ ਮੀਟ ਦੀਆਂ ਦੁਕਾਨਾਂ ਬੰਦ ਕਰਨ ਦੇ ਹੁਕਮ ਦਿੱਤੇ ਅਤੇ ਕਿਹਾ ਹੈ ਕਿ ਇਸ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਮੇਅਰ ਦਾ ਕਹਿਣਾ ਹੈ ਕਿ ਨਰਾਤਿਆਂ ਦੌਰਾਨ ਮੀਟ ਦੀਆਂ ਦੁਕਾਨਾਂ ਖੁੱਲ੍ਹੀਆਂ ਰੱਖਣ ਨਾਲ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਇਸ ਲਈ ਦਿੱਲੀ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਮੁਕੇਸ਼ ਸੂਰਿਆਨ ਨੇ ਕਿਹਾ, ਲੋਕਾਂ ਨੇ ਮੇਰੇ ਕੋਲ ਸ਼ਿਕਾਇਤ ਕੀਤੀ ਹੈ। ਵਰਤ ਰੱਖਣ ਵਾਲਿਆਂ ਨੂੰ ਖੁੱਲ੍ਹੇ ਵਿੱਚ ਮੀਟ ਕੱਟਣ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪੂਰਬੀ ਦਿੱਲੀ ਦੇ ਮੇਅਰ ਨੇ ਵੀ ਅਜਿਹੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਮੀਟ ਵਿਕਰੇਤਾਵਾਂ ਨੂੰ ਅਪੀਲ ਕਰਦੇ ਹਨ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਦੁਕਾਨਾਂ ਬੰਦ ਰੱਖਣ।

# ਪਾਰਲੀਮੈਂਟ ਵੱਲੋਂ ਦਿੱਲੀ ਦੇ ਤਿੰਨ ਨਗਰ ਨਿਗਮਾਂ ਦੇ ਰਲੇਵੇਂ ਦੇ ਬਿੱਲ ਨੂੰ ਮਨਜ਼ੂਰੀ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਨੇ ਰਾਸ਼ਟਰੀ ਰਾਜਧਾਨੀ ਦਿੱਲੀ ਦੀਆਂ ਤਿੰਨ ਨਗਰ ਨਿਗਮਾਂ ਨੂੰ ਇੱਕਜੁੱਟ ਕਰਨ ਦੇ ਪ੍ਰਬੰਧ ਵਾਲੇ ‘ਦਿੱਲੀ ਮਿਊਂਸਪਲ ਕਾਰਪੋਰੇਸ਼ਨ (ਸੋਧ) ਬਿੱਲ, 2022 ਨੂੰ ਕੱਲ੍ਹ ਮਨਜ਼ੂਰੀ ਦੇ ਦਿੱਤੀ ਅਤੇ ਅਗਲੀ ਕਾਰਵਾਈ ਲਈ ਰਾਹ ਪੱਧਰਾ ਹੋ ਗਿਆ ਹੈ।



ਰਾਜ ਸਭਾ ਵਿੱਚਇਸ ਬਿੱਲ ਉੱਤੇ ਹੋਈ ਚਰਚਾ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਹ ਬਿੱਲ ਸੰਵਿਧਾਨ ਦੀ ਧਾਰਾ 239 (ਏ ਏ) ਹੇਠ ਮਿਲੇ ਅਧਿਕਾਰ ਰਾਹੀਂ ਲਿਆਂਦਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਾਰਲੀਮੈਂਟ ਨੂੰ ਕੇਂਦਰ ਸਾਸ਼ਤ ਪ੍ਰਦੇਸ਼ ਦਿੱਲੀ ਨਾਲ ਜੁੜੇ ਕਿਸੇ ਵੀ ਵਿਸ਼ੇ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਦਿੱਲੀ ਪੂਰਨ ਰਾਜ ਨਹੀਂ ਹੈ।ਇਸ ਤੋਂ ਪਹਿਲਾਂ ਚਰਚਾ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਦੋਸ਼ ਲਾਇਆ ਕਿ ਦਿੱਲੀ ਸਰਕਾਰ ਰਾਸ਼ਟਰੀ ਰਾਜਧਾਨੀ ਦੀਆਂ ਤਿੰਨਾਂ ਨਗਰ ਨਿਗਮਾਂ ਨਾਲ ‘ਮਤਰੇਈ ਮਾਂ' ਵਰਗਾ ਸਲੂਕ ਕਰਦੀ ਹੈ। ਉਨ੍ਹਾ ਨੇ ਰਾਜ ਸਭਾ ਵਿੱਚ ਕਿਹਾ ਕਿ 10 ਸਾਲ ਪਹਿਲਾਂ ਦਿੱਲੀ ਨਗਰ ਨਿਗਮ ਨੂੰ ਤਿੰਨ ਨਿਗਮਾਂ ਉਤਰੀ, ਦੱਖਣੀ ਅਤੇ ਪੂਰਬੀ ਨਗਰ ਨਿਗਮਾਂ ਵਿੱਚ ਵੰਡਿਆ ਗਿਆ ਸੀ, ਪਰ ਇਸ ਫ਼ੈਸਲੇ ਦੇ ਪਿੱਛੇ ਦਾ ਇਰਾਦਾ ਹਾਲੇ ਤਕ ਸਪੱਸ਼ਟ ਨਹੀਂ ਹੈ। ਅਮਿਤ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੇ ਗ੍ਰਹਿ ਮਤੰਰਾਲੇ ਵਿੱਚ ਇਸ ਦਾ ਕਾਰਨ ਲੱਭਿਆ, ਪਰ ਰਿਕਾਰਡ ਵਿੱਚ ਕੋਈ ਜਾਣਕਾਰੀ ਨਹੀਂ ਮਿਲੀ। ਗ੍ਰਹਿ ਮੰਤਰੀ ਨੇ ਕਿਹਾ ਕਿ ਤਿੰਨੋਂ ਨਿਗਮਾਂ ਦੇ 10 ਸਾਲਾਂ ਤਕ ਵੱਖ-ਵੱਖ ਕੰਮ ਕਰਨ ਤੋਂ ਬਾਅਦ ਪਤਾ ਲੱਗਾ ਹੈ ਕਿ ਤਿੰਨਾਂ ਦੀਆਂ ਨੀਤੀਆਂ ਨੂੰ ਲੈ ਕੇ ਇਕਸਾਰਤਾ ਨਹੀਂ ਹੈ।



## ਅਮਰੀਕਾ ਮੁਤਾਬਕ ਰੂਸੀ ਹਥਿਆਰ ਖਰੀਦਣਾ ਭਾਰਤ ਲਈ ਚੰਗਾ ਨਹੀਂ



ਵਾਸ਼ਿੰਗਟਨ, 7 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਕਿਹਾ ਹੈ ਕਿ ਰੂਸ ਤੋਂ ਫੌਜੀ ਸਾਮਾਨ ਦੀ ਖਰੀਦ ਭਾਰਤ ਦੇ ਹਿੱਤ ਵਿੱਚ ਨਹੀਂ। ਰਾਸ਼ਟਰਪਤੀ ਜੋਅ ਬਾਇਡੇਨ ਦਾ ਪ੍ਰਸ਼ਾਸਨ ਚਾਹੁੰਦਾ ਹੈ ਕਿ ਭਾਰਤ, ਰੂਸ ਦੇ ਫੌਜੀ ਸਾਮਾਨ ਦੀ ਨਿਰਭਰਤਾ ਘੱਟ ਕਰੇ। ਸਾਲਾਨਾ ਫੌਜੀ ਬਜਟ ਉੱਤੇਪਾਰਲੀਮੈਂਟ ਵਿੱਚ ਸੁਣਵਾਈ ਵੇਲੇਕੱਲ੍ਹ ਹਾਊਸ ਆਰਮਡ ਸਰਵਿਸ ਕਮੇਟੀ ਦੇ ਮੈਂਬਰਾਂ ਨੂੰ ਆਸਟਿਨ ਨੇ ਕਿਹਾ ਕਿ ਅਸੀਂ ਭਾਰਤ ਨਾਲ ਕੰਮ ਕਰਨਾ ਜਾਰੀ ਰੱਖ ਰਹੇ ਹਾਂ, ਤਾਂ ਜੋ ਉਹ ਸਮਝ ਸਕਣ ਕਿ ਇਹ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੈ, ਸਾਨੂੰ ਯਕੀਨ ਹੈ ਕਿ ਰੂਸੀ ਸਾਮਾਨ ਦਾ ਨਿਵੇਸ਼ ਭਾਰਤ ਦੇ ਹਿੱਤ ਵਿੱਚ ਨਹੀਂ ਹੈ।ਉਨ੍ਹਾਂ ਕਿਹਾ ਕਿ ਸਾਡੀ ਇੱਛਾ ਹੈ ਕਿ ਉਹ ਜਿਸ ਸਾਮਾਨ ਦੀ ਖਰੀਦ ਕਰ ਰਹੇ ਹਨ ਜਾਂ ਖਰੀਦਣਾ ਚਾਹੁੰਦੇ ਹਨ, ਉਸ ਵਿੱਚ ਕਮੀ ਲਿਆਉਣ।

ਵਰਨਣ ਯੋਗ ਹੈ ਕਿ ਵਿਲਸਨ ਭਾਰਤ ਦੇ ਮਿੱਤਰ ਮੰਨੇ ਜਾਂਦੇ ਹਨ, ਪਰ ਉਨ੍ਹਾਂ ਨੇ ਕੁਝ ਹੋਰ ਪਾਰਲੀਮੈਂਟ ਮੈਂਬਰਾਂ ਵਾਂਗ ਯੂਕਰੇਨ ਉੱਤੇ ਰੂਸੀ ਹਮਲੇ ਦੇ ਮਾਮਲੇ ਵਿੱਚ ਭਾਰਤ ਦੇ ਨਿਰਪੱਖ ਰਹਿਣ ਦੇ ਫੈਸਲੇ ਦੀ ਆਲੋਚਨਾ ਕੀਤੀ ਹੈ।ਵਿਲਸਨ ਨੇ ਕਿਹਾ ਕਿ ਭਾਰਤੀ ਨੇਤਾ ਰੂਸ ਨੂੰ ਰੱਦ ਕਰ ਕੇ ਬਰਾਬਰ ਪ੍ਰਕਿਰਤੀ ਵਾਲੇ ਲੋਕਤੰਤਰ ਨਾਲ ਰਿਸ਼ਤੇ ਮਜ਼ਬੂਤ ਕਰਨ। ਆਸਟਿਨ ਨੇ ਕਿਹਾ ਕਿ ਅਮਰੀਕਾ ਕੋਲ ਦੁਨੀਆ ਦੀ ਸਭ ਤੋਂ ਬਿਹਤਰ ਤੇ ਉਨਤ ਹਥਿਆਰ ਪ੍ਰਣਾਲੀ ਹੈ। ਜਿਹੜੇ ਅਸੀਂ ਭਾਰਤ ਨੂੰ ਦੇ ਸਕਦੇ ਹਾਂ ਅਤੇ ਉਸ ਨੂੰ ਲੈਣੀ ਚਾਹੀਦੀ ਹੈ।

## ਰੂਸੀ ਬੈਂਕਾਂ ਤੇ ਅਮੀਰਾਂ ਉੱਤੇ ਅਮਰੀਕਾ ਵੱਲੋਂ ਆਰਥਿਕ ਪਾਬੰਦੀਆਂ

ਵਾਸ਼ਿੰਗਟਨ, 7 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਮੁਲਕ ਰੂਸ ਉਤੇ ਹੋਰ ਸਖਤ ਪਾਬੰਦੀਆਂ ਲਾ ਰਹੇ ਹਨ। ਅਮਰੀਕਾ ਨੇ ਕੱਲ੍ਹ ਰੂਸੀ ਬੈਂਕਾਂ ਤੇ ਦੁਸ: ਦੇ ਅਮੀਰ ਲੋਕਾਂ ਉਤੇ ਕਈ ਆਰਥਿਕ ਪਾਬੰਦੀਆਂ ਲਾ ਦਿੱਤੀਆਂ ਅਤੇ ਅਮਰੀਕੀਆਂ ਦੇ ਰੂਸ ਵਿੱਚ ਨਿਵੇਸ਼ ਉਤੇ ਵੀ ਪਾਬੰਦੀ ਲਾਈ ਹੈ। ਇਸ ਤੋਂ ਇਲਾਵਾ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀਆਂ ਦੋ ਧੀਆਂ ਨੂੰ ਵੀ ਪਾਬੰਦੀਆਂ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ ਅਤੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਦੀ ਪਤਨੀ ਅਤੇ ਧੀ ਉਤੇ ਵੀ ਆਰਥਿਕ ਪਾਬੰਦੀ ਲਗਾਈ ਗਈ ਹੈ। ਇਸ ਤੋਂ ਇਲਾਵਾ ਯੂ ਕੇ ਨੇ ਵੀ ਰੂਸ ਉਤੇ ਕਈ ਪਾਬੰਦੀਆਂ ਲਗਾਈਆਂ ਹਨ। ਉਨ੍ਹਾਂ ਯੂਕਰੇਨ ਨੂੰ ਹੋਰ ਹਥਿਆਰ ਦੇਣ ਦਾ ਫੈਸਲਾ ਵੀ ਕੀਤਾ ਹੈ। ਅਮਰੀਕਾ ਨੇ ਯੂਕਰੇਨ ਨੂੰ ਐਂਟੀ ਆਰਮਰ ਮਿਜ਼ਾਈਲਾਂ ਦੇਣ ਲਈ 10 ਕਰੋੜ ਡਾਲਰ ਮਨਜ਼ੂਰ ਕੀਤੇ ਹਨ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੇ ਕਿਹਾ ਸੀ ਕਿ ਮਾਸਕੋ ਦੇ ਹਮਲਾ ਰੋਕਣ ਤੋਂਸੰਸਾਰ ਨਾਕਾਮ ਰਿਹਾ ਹੈ, ਰੂਸ ਵੱਲੋਂ ਹੱਤਿਆਵਾਂ ਦੇ ਸਬੂਤ ਮਿਲੇ ਹਨ। ਕੀਵ ਨੇੜੇ ਸ਼ਹਿਰਾਂ ਵਿੱਚੋਂ ਬਾਰੂਦੀ ਸੁਰੰਗਾਂ ਸਾਫ ਕੀਤੀਆਂ ਗਈਆਂ ਹਨ। ਇਨ੍ਹਾਂ ਥਾਵਾਂ ਤੋਂ ਰੂਸੀ ਫੌਜਾਂ ਪਿੱਛੇ ਹਟੀਆਂ ਹਨ। ਮਾਸਕੋ ਆਪਣੀ ਫੌਜ ਨੂੰ



ਨਵੇਂ ਹੱਲੇ ਲਈ ਤਿਆਰ ਕਰ ਰਿਹਾ ਹੈ। ਜੰਗ ਛੇਵੇਂ ਹਫਤੇ ਵਿੱਚ ਦਾਖਲ ਹੋ ਗਈ ਹੈਅਤੇ ਰੂਸੀ ਫੌਜ ਯੂਕਰੇਨ ਦੇ ਪੂਰਬੀ ਤੇ ਦੱਖਣੀ ਸਿਰੇ ਨੂੰ ਨਿਸ਼ਾਨਾ ਬਣਾਉਣ ਦੀ ਤਿਆਰ ਕਰ ਰਹੀ ਹੈ। ਜੇਲੈਂਸਕੀ ਨੇ ਕਿਹਾ ਕਿ ਨਾਗਰਿਕਾਂ ਉੱਤੇ ਤਸ਼ੱਦਦ ਕੀਤਾ ਗਿਆ ਹੈ। ਉਨ੍ਹਾਂ ਨੂੰ ਸਿਰਾਂ ਵਿੱਚ ਪਿੱਛੋਂ ਗੋਲੀਆਂ ਮਾਰੀਆਂ ਗਈਆਂ। ਇਸ ਤੋਂ ਇਲਾਵਾ ਲੋਕਾਂ ਨੂੰ ਖੂਹਾਂ ਵਿੱਚ ਸੁੱਟ ਕੇ ਉਨ੍ਹਾਂ ਦੇ ਘਰਾਂ ਉਤੇ ਗਰਨੇਡ ਵੀ ਸੁੱਟੇ ਗਏ। ਟੈਂਕਾਂ ਥੱਲੇ ਕਾਰਾਂ ਨੂੰ ਕੁਚਲਿਆ ਗਿਆ ਹੈ।

ਜੇਲੈਂਸਕੀ ਨੇ ਕੱਲ੍ਹ ਇਹ ਜਾਣਕਾਰੀ ਯੂ ਐੱਨ ਸਕਿਓਰਟੀ ਕੌਂਸਲ ਨਾਲਸਾਂਝੀ ਕੀਤੀ। ਯੂਕਰੇਨੀ ਰਾਸ਼ਟਰਪਤੀ ਨੇ ਸਵਾਲ ਉਠਾਇਆ ਸੀ ਕਿ ਯੂ ਐੱਨ ਵੱਲੋਂ ਜਿਹੜੀ ਸ਼ਾਂਤੀ ਦੀ ਗਾਰੰਟੀ ਦਿੱਤੀ ਗਈ ਹੈ, ਉਹ ਕਿੱਥੇ ਹੈ? ਯੂਕਰੇਨ ਦੇ ਖਿੱਤੇ ਲੁਹਾਂਸਕ ਦੇ ਗਵਰਨਰ ਨੇ ਦੱਸਿਆ ਕਿ ਰੂਸੀ ਫੌਜ ਨੇ ਪੂਰਬੀ ਖੇਤਰ ਵਿਚਲੇ ਇੱਕ ਕਸਬੇ ਦੇ ਸੱਠ ਫੀਸਦੀ ਹਿੱਸੇ ਉਤੇ ਕਬਜ਼ਾ ਕਰ ਲਿਆ ਹੈ। ਇਸ ਇਲਾਕੇ ਵਿੱਚ ਪਿਛਲੇ 24 ਘੰਟੇ ਤੋਂ ਜ਼ੋਰਦਾਰ ਗੋਲੀਬਾਰੀ ਹੋ ਰਹੀ ਹੈ। ਰੂਸ ਵੱਲੋਂ ਕੀਤੀ ਗਈ ਬੰਬਾਰੀ ਨਾਲ ਦਸ ਉਚੀਆਂ ਇਮਾਰਤਾਂ ਨੂੰ ਅੱਗ ਲੱਗ ਗਈ।

ਇਸ ਦੌਰਾਨ ਗਰੀਸ ਨੇ 12 ਰੂਸੀ ਰਾਜਦੂਤਾਂ ਨੂੰ ਕੱਢ ਦਿੱਤਾ ਹੈ। ਇਸ ਤੋਂ ਪਹਿਲਾਂ ਕਈ ਹੋਰ ਯੂਰਪੀ ਦੇਸ਼ ਇਹੋ ਕਰ ਚੁੱਕੇ ਹਨ। ਅਮਰੀਕੀ ਕੰਪਨੀ ਇੰਟੇਲ ਨੇ ਰੂਸ ਵਿੱਚੋਂ ਆਪਣਾ ਕਾਰੋਬਾਰ ਬੰਦ ਕਰਨ ਦਾ ਐਲਾਨ ਕੀਤਾ ਹੈ।ਚੀਨ ਨੇ ਵੀ ਯੂਕਰੇਨ ਦੇ ਸ਼ਹਿਰ ਬੂਚਾ ਵਿੱਚ ਆਮ ਲੋਕਾਂ ਦੀਆਂ ਮੌਤਾਂ ਦੀਆਂ ਤਸਵੀਰਾਂ ਨੂੰ ਬੇਹੱਦ ਪ੍ਰੇਸ਼ਾਨ ਕਰਨ ਵਾਲੀਆਂ ਦੱਸ ਕੇ ਇਸ ਦੀ ਜਾਂਚ ਦੀ ਮੰਗ ਕੀਤੀ ਹੈ, ਪਰ ਉਸ ਨੇ ਇਸ ਲਈ ਕਿਸੇ ਨੂੰ ਦਸ਼ੀ ਨਹੀਂ ਠਹਿਰਾਇਆ।

## ਇਮਰਾਨ ਦੀ ਬੀਵੀ ਦੀ ਸਹੇਲੀ ਗ੍ਰਿਫਤਾਰੀ ਦੇ ਡਰੋਂ ਦੁਬਈ ਨੂੰ ਦੌੜੀ

ਲਾਹੌਰ, 7 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਦੀ ਤੀਸਰੀ ਪਤਨੀ ਬੁਸ਼ਰਾ ਬੀਬੀ ਦੀ ਸਹੇਲੀ ਫਰਾਹ ਖਾਨ ਮੁਲਕ ਛੱਡ ਗਈ ਹੈ। ਏਦਾਂ ਦੀਆਂ ਖਬਰਾਂ ਹਨ ਕਿ ਜੇ ਪਾਕਿਸਤਾਨ ਵਿੱਚ ਨਵੀਂ ਸਰਕਾਰ ਬਣੀ ਤਾਂ ਉਨ੍ਹਾਂ ਦੀ ਗ੍ਰਿਫਤਾਰੀ ਹੋ ਸਕਦੀ ਹੈ। ਉਸ ਦੇ ਪਤੀ ਜ਼ਮੀਲ ਗੁੱਜਰ ਪਹਿਲਾਂ ਹੀ ਅਮਰੀਕਾ ਜਾ ਚੁੱਕੇ ਹਨ।

ਖਬਰ ਮੁਤਾਬਕ ਫਰਾਹ ਖਾਨ ਐਤਵਾਰ ਨੂੰ ਦੁਬਈ ਚਲੀ ਗਈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਫਰਾਹ ਨੇ ਅਫਸਰਾਂ ਦਾ ਤਬਾਦਲਾ ਕਰਾਉਣ ਤੇ ਉਨ੍ਹਾਂ ਨੂੰ ਮਨਚਾਹੀ ਤੈਨਾਤੀ ਦਿਵਾਉਣ ਦੇ ਬਦਲੇ ਮੋਟੀ ਰਕਮ ਵਸੂਲੀ ਹੈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਇਹ ਛੇ ਅਰਬ ਪਾਕਿਸਤਾਨੀ ਰੁਪਿਆਂ ਦਾ ਵੱਡਾ ਘੋਟਾਲਾ ਹੈ। ਪਾਕਿਸਤਾਨ ਮੁਸਲਮ ਲੀਗ (ਐਨ) ਦੀ ਉਪ ਪ੍ਰਧਾਨ ਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਬੇਟੀ ਮਰਿਅਮ ਨਵਾਜ਼ ਨੇ ਦਾਅਵਾ ਕੀਤਾ ਕਿ ਫਰਾਹ ਨੇ ਇਮਰਾਨ ਖਾਨ ਅਤੇ ਉਸ ਦੀ ਪਤਨੀ ਦੇ ਇਸ਼ਾਰੇ ਉੱਤੇ ਇਹ ਭ੍ਰਿਸ਼ਟਾਚਾਰ ਕੀਤਾ ਹੈ।

## ਹੰਗਰੀ ਵਿੱਚ ਰੇਲ ਗੱਡੀ ਪਟੜੀ ਤੋਂ ਉਤਰੀ, 5 ਮੌਤਾਂ



ਬੁਡਾਪੈਸਟ, 7 ਅਪ੍ਰੈਲ (ਪੋਸਟ ਬਿਊਰੋ)- ਹੰਗਰੀ ਦੇ ਦੱਖਣ ਵਿੱਚ ਕੱਲ੍ਹ ਸਵੇਰੇ ਇੱਕ ਵਾਹਨ ਨੂੰ ਟੱਕਰ ਮਾਰਨ ਮਗਰੋਂ ਇੱਕ ਰੇਲ ਗੱਡੀ ਪੱਟੜੀ ਤੋਂ ਉਤਰ ਗਈ। ਪੁਲਸ ਨੇ ਕਿਹਾ ਕਿ ਇਸ ਹਾਦਸੇ ਵਿੱਚ ਪੰਜ ਜਣਿਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਇਹ ਘਟਨਾ ਮਾਈਂਡਸੈਂਟ ਸ਼ਹਿਰ ਵਿੱਚ ਕੱਲ੍ਹ ਸਵੇਰੇ ਲੱਗਭਗ ਸੱਤ ਵਜੇ ਦੀ ਹੈ।

ਪੁਲਸ ਨੇ ਕਿਹਾ ਕਿ ਮਜ਼ਦੂਰਾਂ ਨੂੰ ਲੈ ਕੇ ਜਾ ਰਿਹਾ ਟਰੱਕ ਪੱਟੜੀ ਉੱਤੇ ਚਲਾ ਗਿਆ ਅਤੇ ਰੇਲ ਗੱਡੀ ਦੀ ਲਪੇਟ ਵਿੱਚ ਆ ਗਿਆ। ਇਸ ਤੋਂ ਬਾਅਦ ਰੇਲ ਗੱਡੀ ਪੱਟੜੀ ਤੋਂ ਉੱਤਰ ਗਈ। ਦੁਰਘਟਨਾ ਸਮੇਂ ਟਰੱਕ ਵਿੱਚ ਸੱਤ ਜਣੇ ਸਵਾਰ ਸਨ। ਸਵਾਰ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਹਾਦਸੇ ਦੇ ਸਮੇਂ ਰੇਲ ਗੱਡੀ ਵਿੱਚ 22 ਵਿਅਕਤੀ ਸਵਾਰ ਸਨ। ਰੇਲ ਗੱਡੀ ਵਿੱਚ ਸਵਾਰ ਵਿਅਕਤੀਆਂ ਵਿੱਚੋਂ ਅੱਠਾਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਖਮੀਰੀ ਰੋਟੀ ਦੇ ਵਿਵਾਦ ਨੇ ਬੈਨੇਟ ਸਰਕਾਰ ਤੋਂ ਬਹੁਮਤ ਖੋਹਿਆ

ਯਰੂਸ਼ਲਮ, 7 ਅਪ੍ਰੈਲ (ਪੋਸਟ ਬਿਊਰੋ)- ਇਸਰਾਈਲ ਵਿੱਚ ਖਮੀਰੀ ਰੋਟੀ ਦੇ ਵਿਵਾਦ ਨੇ ਪ੍ਰਧਾਨ ਮੰਤਰੀ ਨਫਤਾਲੀ ਬੈਨੇਟ ਦੀ ਸਰਕਾਰ ਤੋਂ ਬਹੁਮਤ ਖੋਹ ਲਿਆ ਹੈ। ਦੇਸ਼ ਦੀ ਧਾਰਮਿਕ ਰਾਸ਼ਟਰਵਾਦੀ ਯਾਮਿਨਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਇਡਿਤ ਸਿਲਮੈਨ ਨੇ ਸਰਕਾਰੀ ਹਸਪਤਾਲਾਂ ਵਿੱਚ ਲੋਕਾਂ ਨੂੰ ਖਮੀਰੀ ਰੋਟੀ ਅਤੇ ਇਸ ਨਾਲ ਜੁੜੇ ਹੋਰ ਖਾਣ ਵਾਲੇਪਦਾਰਥਾਂ ਦੀ ਇਜਾਜ਼ਤ ਦੇਣ ਦੇ ਵਿਰੋਧ ਵਿੱਚ ਸੱਤਾਧਿਰ ਗੱਠਜੋੜ ਤੋਂ ਆਪਣਾ ਅਸਤੀਫਾ ਦੇ ਦਿੱਤਾ। ਇਸ ਨਾਲ ਬੈਨੇਟ ਸਰਕਾਰ ਇੱਕ ਸਾਲ ਦੇ ਅੰਦਰ ਹੀ ਘੱਟ ਗਿਣਤੀ ਵਿੱਚ ਆ ਗਈ ਹੈ। ਸਿਲਮੈਨ ਦੇ ਹਟਣ ਨਾਲ 120 ਸੀਟਾਂ ਵਾਲੀ ਪਾਰਲੀਮੈਂਟ ਦੀ ਤਸਵੀਰ ਬਦਲ ਗਈ ਅਤੇ ਦੋਵਾਂ (ਸੱਤਾਧਾਰੀ ਅਤੇ ਵਿਰੋਧੀ ਧਿਰ) ਕੋਲ 60-60 ਸੀਟਾਂ ਰਹਿ ਗਈਆਂ ਹਨ। ਇਸ ਸਥਿਤੀ ਵਿੱਚ ਜੇ ਇੱਕ ਹੋਰ ਮੈਂਬਰ ਸਰਕਾਰ ਦਾ ਸਾਥ ਛੱਡਦਾ ਹੈ ਤਾਂ ਵਿਰੋਧੀ ਧਿਰ ਸਰਕਾਰ ਡਿਗਾ ਸਕਦੀ ਹੈ। ਸਿਲਮੈਨ ਦੇ ਸਮਰਥਨ ਵਾਪਸ ਲੈਣ ਨਾਲ ਦੇਸ਼ ਵਿੱਚ ਚੋਣਾਂ ਦੀ ਸੰਭਾਵਨਾ ਵਧ ਗਈ ਹੈ। ਸਰਕਾਰ ਕੋਲ ਬਹੁਮਤ ਨਾ ਰਹਿਣ ਦੀ ਸਥਿਤੀ ਵਿੱਚ ਇਸਰਾਈਲ ਵਿੱਚ ਤਿੰਨ ਸਾਲਾਂ ਵਿੱਚ ਪੰਜਵੀਂ ਵਾਰ ਚੋਣਾਂ ਹੋਣਗੀਆਂ।

ਇਸਰਾਈਲ ਦੇ ਸੱਤਾਧਿਰ ਗੱਠਜੋੜ ਵਿੱਚ ਅੱਠ ਸਿਆਸੀ ਪਾਰਟੀਆਂ ਹਨ, ਜਿਨ੍ਹਾਂ ਵਿੱਚ ਇਸਲਾਮਿਕ ਤੋਂ ਲੈ ਕੇ ਰੂੜ੍ਹੀਵਾਦੀ, ਰਾਸ਼ਟਰਵਾਦੀ ਅਤੇ ਉਦਾਰਵਾਦੀ ਵੀ ਹਨ। ਸਾਬਕਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਵਿਰੋਧ ਕਰਨਲਈ ਇਹ ਸਭ ਪਾਰਟੀਆਂ ਇੱਕਜੁਟ ਸਨ। ਵਿਰੋਧੀ ਧਿਰ ਦੇ ਨੇਤਾ ਨੇਤਨਯਾਹੂ ਨੇ ਇਡਿਤ ਸਿਲਮੈਨ ਨੂੰ ਵਧਾਈ ਦਿੱਤੀ ਅਤੇ ਰਾਸ਼ਟਰਵਾਦੀ ਖੇਮੇ ਵਿੱਚ ਉਨ੍ਹਾਂ ਦੀ ਵਾਪਸੀ ਦਾ ਸਵਾਗਤ ਕੀਤਾ। ਵਰਨਣ ਯੋਗ ਹੈ ਕਿ ਧਾਰਮਿਕ ਪਰੰਪਰਾ ਮੁਤਾਬਕ ਖਮੀਰੀ ਰੋਟੀ ਅਤੇ ਉਸ ਨਾਲ ਜੁੜੇ ਖਾਣ ਵਾਲੇ ਉਤਪਾਦ ਪਾਬੰਦੀਸ਼ੁਦਾ ਹਨ। ਕਣਕ, ਜਵੀ, ਰਾਈ, ਜੌਂ ਆਦਿ ਵਰਗੇ ਅਨਾਜ ਉਸ ਸਮੇਂ ਚੈਮੇਟਸ ਮੰਨ ਲਏ ਜਾਂਦੇ ਹਨ, ਜਦੋਂ ਉਹ 18 ਮਿੰਟ ਤੋਂ ਵੱਧ ਸਮੇਂ ਤਕ ਪਾਣੀ ਜਾਂ ਨਮੀ ਦੇ ਸੰਪਰਕ ਵਿੱਚ ਰਹਿੰਦੇ ਹਨ ਅਤੇ ਉਸ ਵਿੱਚ ਖਮੀਰ ਆ ਜਾਂਦਾ ਹੈ। ਕੱਟੜ ਯਹੂਦੀਆਂ ਦੀ ਮਾਨਤਾ ਹੈ ਕਿ ਜਦੋਂ ਇਸਰਾਈਲੀ ਮਿਸਰ ਤੋਂ ਕੱਢੇ ਗਏ ਤਾਂ ਉਹ ਆਪਣੀਆਂ ਗੱਠੜੀਆਂ ਵਿੱਚ ਖਮੀਰੀ ਆਟਾ ਲੈ ਕੇ ਨਿਕਲੇ ਸਨ।

## ਆਸਟਰੇਲੀਆ, ਬ੍ਰਿਟੇਨ ਅਤੇ ਅਮਰੀਕਾ ਵੱਲੋਂ ਮਿਲ ਕੇ ਹਾਈਪਰਸੋਨਿਕ ਮਿਜ਼ਾਈਲਾਂ ਬਣਾਉਣ ਦਾ ਐਲਾਨ

ਵਾਸ਼ਿੰਗਟਨ, 7 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ, ਬ੍ਰਿਟੇਨ ਤੇ ਆਸਟਰੇਲੀਆ ਨੇ ਕਿਹਾ ਹੈ ਕਿ ਉਹ ਪਿੱਛੇਜਿਹੇ ਬਣੇ ਸੁਰੱਖਿਆ ਗੱਠਜੋੜ ਓਕਸ ਤਹਿਤ ਹਾਈਪਰਸੋਨਿਕ ਮਿਜ਼ਾਈਲ ਬਣਾਉਣ ਲਈ ਮਿਲ ਕੇ ਕੰਮ ਕਰਨਗੇ।

ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਧਦੇ ਫੌਜੀ ਦਖਲਦੀਆਂ ਲਗਾਤਾਰ ਚਿੰਤਾਵਾਂ ਦੌਰਾਨ ਤਿੰਨਾਂ ਦੇਸ਼ਾਂ ਨੇ ਇਹ ਸਿੱਧਾ ਐਲਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਓਕਸ ਦੀ ਪ੍ਰਗਤੀ ਉੱਤੇ ਵਿਚਾਰ ਪਿੱਛੋਂ ਇਸ ਯੋਜਨਾ ਦਾ ਐਲਾਨ ਕੀਤਾ।ਤਿੰਨਾਂ ਦੇਸ਼ਾਂ ਨੇ ਇਹ ਗੱਠਜੋੜ ਪਿਛਲੇ ਸਾਲ ਸਤੰਬਰ ਵਿੱਚ ਬਣਾਇਆ ਸੀ। ਇੱਕ ਸਾਂਝੇ ਬਿਆਨ ਵਿੱਚ ਨੇਤਾਵਾਂ ਨੇ ਕਿਹਾ ਕਿ ਉਹ ਹਾਈਪਰਸੋਨਿਕ, ਐਂਟੀ-ਹਾਈਪਰਸੋਨਿਕ ਪ੍ਰਣਾਲੀਆਂ ਤੇ ਇਲੈਕਟ੍ਰੋਨਿਕ ਯੁੱਧ ਸਮਰੱਥਾ ਨਾਲ ਜਾਣਕਾਰੀ ਸਾਂਝੀ ਕਰਨ, ਵਿਸਥਾਰ ਕਰਨ ਤੇ ਰੱਖਿਆ ਨਵੀਨਤਾ ਉੱਤੇ ਸਹਿਯੋਗ ਨੂੰ ਤੇਜ਼ ਕਰਨ ਲਈ ਇੱਕ ਨਵਾਂ ਤਿਕੋਣਾ ਸਹਿਯੋਗ ਬਣਾਉਣ ਲਈ ਵਚਨਬੱਧ ਹਨ। ਅਮਰੀਕਾ, ਰੂਸ ਅਤੇ ਚੀਨ ਸਭ ਦਾ ਧਿਆਨ ਹਾਈਪਰਸੋਨਿਕ ਮਿਜ਼ਾਈਲਾਂ ਦੇ ਵਿਕਾਸ ਉੱਤੇ ਹੈ। ਇਹ ਇੰਨੀ ਤੇਜ਼ ਪ੍ਰਣਾਲੀ ਹੈ ਕਿ ਕੋਈ ਵੀ ਮੌਜੂਦਾ ਮਿਜ਼ਾਈਲ ਰੱਖਿਆ ਪ੍ਰਣਾਲੀ ਇਸ ਨੂੰ ਰੋਕ ਨਹੀਂ ਸਕਦੀ।

## ਲੂੰਬੜੀ ਦੇ ਹਮਲੇ ਵਿੱਚ ਅਮਰੀਕੀ ਪਾਰਲੀਮੈਂਟ ਮੈਂਬਰ ਜ਼ਖਮੀ

ਵਾਸ਼ਿੰਗਟਨ, 7 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਕੈਪੀਟਲ ਹਿੱਲ (ਯੂ ਐੱਸ ਪਾਰਲੀਮੈਂਟ ਹਾਊਸ) ਵਿੱਚ ਇੱਕ ਲੂੰਬੜੀ ਨੇ ਪਾਰਲੀਮੈਂਟ ਮੈਂਬਰ ਐਮੀ ਬੇਰਾ ਉੱਤੇ ਹਮਲਾ ਕਰ ਦਿੱਤਾ। ਡੀ-ਕੈਲੇਫੋਰਨੀਆ ਦੇ ਮੈਂਬਰ ਐਮੀ ਬੇਰਾ ਇਸ ਦੌਰਾਨ ਕੁਝ ਸੱਟਾਂ ਲੱਗੀਆਂ। ਡਾਕਟਰਾਂ ਨੇ ਉਨ੍ਹਾਂ ਨੂੰ ਚਾਰ 'ਰੇਬੀਜ਼' ਟੀਕੇ ਲਗਵਾਉਣ ਲਈ ਕਿਹਾ ਹੈ।



ਬੇਰਾ ਨੇ ਕਿਹਾ ਕਿ ਜਦੋਂ ਉਹ ਸੈਨੇਟ ਦਫਤਰ ਦੀ ਇੱਕ ਇਮਾਰਤ ਵਿੱਚੋਂ ਲੰਘੇ, ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੇ ਪਿੱਛੇ ਕੁਝ ਹੈ। ਉਨ੍ਹਾਂ ਸੋਚਿਆ ਕਿ ਕੋਈ ਛੋਟਾ ਕੁੱਤਾ ਹੈ ਅਤੇ ਉਨ੍ਹਾਂ ਆਪਣੀ ਛੱਤਰੀ ਦੀ ਮਦਦ ਨਾਲ ਉਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ ਜਲਦੀ ਹੀ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਲੂੰਬੜੀ ਨਾਲ ਉਲਝ ਗਿਆ ਹੈ। ਬੇਰਾ ਨੂੰ ਲੂੰਬੜੀ ਨਾਲ ਉਲਝਦਾ ਦੇਖ ਕੇ ਉਥੇ ਮੌਜੂਦ ਇੱਕ ਵਿਅਕਤੀ ਨੇ ਰੌਲਾ ਪਾ ਦਿੱਤਾ ਅਤੇ ਹੋਰਨਾਂ ਨੂੰ ਬੁਲਾਇਆ।ਪੁਲਸ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਉੱਤੇ ਲੂੰਬੜੀ ਭੱਜ ਗਈ। ਬੇਰਾ ਨੇ ਦੱਸਿਆ ਕਿ ਇਸ ਮਗਰੋਂ ਉਹ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਗਿਆ ਅਤੇ ਚਾਰ ਟੀਕਿਆਂ ਵਿੱਚੋਂ ਪਹਿਲਾ ਟੀਕਾ ਲਗਵਾਇਆ। ਪੁਲਸ ਨੇ ਕੈਂਪਸ ਵਿੱਚ ਲੂੰਬੜੀ ਦੇ ਫੜੇ ਜਾਣ ਦੀਆਂ ਕੁਝ ਤਸਵੀਰਾਂ ਵੀ ਟਵਿੱਟਰ ਉੱਤੇ ਸਾਂਝੀਆਂ ਕੀਤੀਆਂ।

## ਰੋਮਾਨੀਆ ਵਿੱਚ ਰੂਸੀ ਦੂਤਘਰ ਦੇ ਗੇਟ ਨਾਲ ਕਾਰ ਵੱਜੀ, ਇੱਕ ਮੌਤ

ਬੁਖਾਰੇਸਟ, 7 ਅਪ੍ਰੈਲ (ਪੋਸਟ ਬਿਊਰੋ)- ਰੋਮਾਨੀਆ ਦੀ ਰਾਜਧਾਨੀ ਬੁਖਾਰੇਸਟ ਵਿੱਚ ਕੱਲ੍ਹ ਇੱਕ ਕਾਰ ਰੂਸੀ ਦੂਤਘਰ ਦੇ ਗੇਟ ਵਿੱਚ ਜਾ ਵੱਜੀ, ਜਿਸ ਕਾਰਨ ਕਾਰ ਨੂੰ ਅੱਗ ਲੱਗ ਗਈ ਤੇ ਡਰਾਈਵਰ ਦੀ ਮੌਤ ਹੋ ਗਈ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਕਾਰ ਸਵੇਰੇ ਛੇ ਵਜੇ ਗੇਟ ਨਾਲ ਟਕਰਾ ਗਈ, ਪਰ ਇਹ ਦੂਤਘਰ ਦੇ ਅੰਦਰ ਨਹੀਂ ਜਾ ਸਕੀ।

ਘਟਨਾ ਨਾਲ ਸਬੰਧਤ ਇੱਕ ਵੀਡੀਓ ਵਿੱਚ ਕਾਰ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖੀਆਂ ਜਾ ਸਕਦੀਆਂ ਹਨ ਤੇ ਸੁਰੱਖਿਆ ਬਲਾਂ ਨੂੰ ਇਲਾਕੇ ਵਿੱਚ ਭੱਜਦੇ ਦੇਖਿਆ ਜਾਂਦਾ ਹੈ। ਪੁਲਸ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਮੌਕੇ ਉੱਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਇਆ, ਪਰ ਉਦੋਂ ਤਕ ਡਰਾਈਵਰ ਦੀ ਮੌਤ ਹੋ ਚੁੱਕੀ ਸੀ। ਰੂਸੀ ਦੂਤਘਰ ਨੇ ਦੱਸਿਆ



ਕਿ ਉਹ ਘਟਨਾ ਬਾਰੇ ਹੋਰ ਵੇਰਵੇ ਨਹੀਂ ਦੇ ਸਕਦਾ ਹੈ। ਵਰਨਣ ਯੋਗ ਹੈ ਕਿ ਰੋਮਾਨੀਆ ਯੂਕਰੇਨ ਦੀ ਸਰਹੱਦ ਨਾਲ ਲੱਗਦਾ ਹੈ ਅਤੇ ਯੂਕਰੇਨ ਜੰਗ ਪਿੱਛੋਂ ਛੇ ਲੱਖ ਤੋਂ ਵੱਧ ਲੋਕ ਰੋਮਾਨੀਆ ਵਿੱਚ ਸ਼ਰਨ ਲੈ ਚੁੱਕੇ ਹਨ।

## ਧਰੁਵੀ ਪੰਛੀਆਂ ਦੇ ਮੁਕਾਬਲੇ ਭੂ-ਮੱਧ ਰੇਖਾ ਨੇੜਲੇ ਪੰਛੀ ਵੱਧ ਰੰਗ-ਬਿਰੰਗੇ

ਨਿਊ ਯਾਰਕ, 7 ਅਪ੍ਰੈਲ (ਪੋਸਟ ਬਿਊਰੋ)- ਬਾਂਦਰ ਤੋਂ ਮਨੁੱਖ ਦਾ ਵਿਕਾਸ ਹੋਇਆ ਸੀ। ਇਹ ਦੱਸਣ ਵਾਲੇ ਵਿਗਿਆਨੀ ਚਾਰਲਸ ਡਾਰਵਿਨ ਨੇ 200 ਸਾਲ ਪਹਿਲਾਂ 18ਵੀਂ ਸ਼ਤਾਬਦੀ ਵਿੱਚ ਜਿਹੜੀ ਲਾਂਗ ਹੈਲਡ ਥਿਊਰੀ ਦਿੱਤੀ ਸੀ, ਉਸ ਉਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਜਾਂਚ ਵਿੱਚ ਮੋਹਰ ਲੱਗ ਗਈ ਹੈ।

ਡਾਰਵਿਨ ਨੇ ਕਿਹਾ ਸੀ ਕਿ ਭੂ-ਮੱਧ ਰੇਖਾ ਨੇੜੇ ਰਹਿਣ ਵਾਲੇ ਪੰਛੀ ਵੱਧ ਰੰਗ-ਬਿਰੰਗੇ ਹੁੰਦੇ ਹਨ। ਜਿਵੇਂ-ਜਿਵੇਂ ਅਸੀਂ ਧਰੁਵਾਂ ਵੱਲ ਵਧਦੇ ਹਾਂ, ਤਿਉਂ-ਤਿਉਂ ਰੰਗ ਫਿੱਕਾ ਜਾਂ ਗਹਿਰਾ ਹੋਣ ਲੱਗਦਾ ਹੈ। ਇਸ ਥਿਊਰੀ ਦੀ ਸੱਚਾਈ ਜਾਂਚਣ ਲਈ ਸਟੈਨਫੋਰਡ ਯੂਨੀਵਰਸਿਟੀ ਦੇ ਬਾਇਓਸਾਇੰਸ ਵਿਭਾਗ ਦੇ ਡਾਕਟਰ ਚਰਿਸ ਕੂਨੇ ਅਤੇ ਗੇਵਿਨ ਥਾਮਸ ਨੇ ਨੇਚਰ ਹਿਸਟਰੀ ਮਿਊਜ਼ੀਅਮ ਵਿੱਚ ਰੱਖੇ 4,527 ਨਸਲਾਂ ਦੇ 24,345 ਅਲੱਗ-ਅਲੱਗ ਪੰਛੀਆਂ ਦੇ ਨਮੂਨਿਆਂ ਦੀ ਖੋਜ ਕੀਤੀ। ਇਸ ਦੇ ਲਈ ਵੱਖ-ਵੱਖ ਸਥਿਤੀ ਵਿੱਚ ਉਨ੍ਹਾਂ ਦੀਆਂ ਫੋਟੋ ਖਿਚਵਾਈਆਂ ਗਈਆਂ। ਇਸ ਵਿੱਚ ਪਤਾ ਲੱਗਾ ਕਿ ਭੂ-ਮੱਧ ਰੇਖਾ ਦੇ ਨੇੜੇ ਧਰੁਵੀ ਖੇਤਰਾਂ ਦੇ ਮੁਕਾ-ਬਲੇ 30 ਫੀਸਦੀ ਵੱਧ ਰੰਗ-ਬਿਰੰਗੇ ਪੰਛੀ ਹੁੰਦੇ ਹਨ। ਇਸ ਤੋਂ ਜੈਵ ਵੰਨਸੁਵੰਨਤਾ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਮਿਲੇਗੀ।

19ਵੀਂ ਸ਼ਤਾਬਦੀ ਵਿੱਚ ਵੀ ਕੁਝ ਵਿਗਿਆਨੀਆਂ ਨੇ ਏਦਾਂ ਦੀ ਗੱਲ ਕਹੀ ਸੀ, ਪ੍ਰੰਤੂ ਅੱਜ ਤਕ ਇਸ ਦੀ ਪੁਸ਼ਟੀ ਕਿਸੇ ਨੇ ਨਹੀਂ ਕੀਤੀ ਸੀ। ਪੰਛੀਆਂ ਦੇ ਭੋਜਨ ਸਬੰਧੀ ਫਰਕ ਦੇ ਬਾਰੇ ਸਿਰਫ ਇੰਨਾ ਪਤਾ ਲੱਗਾ ਸੀ ਕਿ ਭੂ-ਮੱਧ ਰੇਖਾ ਦੇ ਆਸਪਾਸ ਦੇ ਪੰਛੀਆਂ ਦੀਆਂ ਨਸਲਾਂ ਰੰਗੀਨ ਹੁੰਦੀਆਂ ਹਨ। ਖੋਜ ਅਨੁਸਾਰ ਨਰ ਪੰਛੀ ਦੇ ਮੁਕਾਬਲੇ ਮਾਦਾ ਪੰਛੀਆਂ ਵਿੱਚ ਰੰਗਾਂ ਦਾ ਇਹ ਫਰਕ ਵੱਧ ਸਪੱਸ਼ਟ ਦਿਖਾਈ ਦਿੱਤਾ ਹੈ। ਅਮਰੀਕਾ ਦੀਆਂ ਕੁਝ ਨਸਲਾਂ ਜਿਵੇਂ ਪਾਸੇਰਨੀਆ ਸਾਇਰਸ ਤੇ ਬਲਿਊ, ਯੈਲੋ, ਗ੍ਰੀਨ ਤੇ ਰੈਡ ਨਾਂਅ ਦੇ ਪੰਛੀ ਇਸ ਦੇ ਉਲਟ ਨਿਕਲੇ ਸਨ। ਇਸ ਦੌਰਾਨ ਸਾਲ 1859 ਵਿੱਚ ਓਰੀਜਿਨ ਆਫ ਸਪੀਸ਼ੀਜ਼ ਨਾਂਅ ਦੀ ਡਾਰਵਿਨ ਦੀ ਨੋਟਬੁੱਕ ਦੋ ਦਹਾਕੇ ਪਹਿਲਾਂ ਕੈਂਬਰਿਜ ਯੂਨੀਵਰਸਿਟੀ ਦੀ ਲਾਇਬਰੇਰੀ ਤੋਂ ਗਾਇਬ ਹੋ ਗਈ ਸੀ। ਬੀਤੇ ਦਿਨ ਲਾਇਬਰੇਰੀ ਦੇ ਬਾਹਰ ਇੱਕ ਬੈਗ ਵਿੱਚੋਂ ਇਹ ਨੋਟਬੁੱਕ ਮਿਲ ਗਈ ਹੈ। ਇਸ ਵਿੱਚ ਲਾਇਬਰੇਰੀਅਨ ਨੂੰ ਈਸਟਰ ਦੀਆਂ ਸ਼ੁਭਕਾਮਨਾਵਾਂ ਦਾ ਨੋਟ ਲਿਖਿਆ ਹੈ।

## ਕਿੰਡਰ ਜੁਆਏਸ ਦੀਆਂ ਚੀਜ਼ਾਂ ਨਾਲ ਦੁਨੀਆ 'ਚ ਬਿਮਾਰੀ ਫੈਲੀ

ਲੰਡਨ, 7 ਅਪ੍ਰੈਲ (ਪੋਸਟ ਬਿਊਰੋ)- ਕਿੰਡਰ ਜੁਆਏਸ ਦੇ ਪ੍ਰਾਡਕਟ ਦੁਨੀਆ ਭਰ ਦੇ ਬੱਚਿਆਂ ਵਿੱਚ ਬਹੁਤ ਮਸ਼ਹੂਰ ਹਨ। ਇਨ੍ਹਾਂ ਨੂੰ ਬਣਾਉਣ ਵਾਲੀ ਕੰਪਨੀ ਫਰੈਰੋ ਨੇ ਆਪਣੇ ਇੱਕ ਪ੍ਰੋਡਕਟ ਨੂੰ ਸਿਹਤ ਲਈ ਸੁਰੱਖਿਅਤ ਨਾ ਪਾਏ ਜਾਣ ਉੱਤੇ ਬਾਜ਼ਾਰ ਤੋਂ ਵਾਪਸ ਲੈਣ ਦਾ ਫੈਸਲਾ ਕੀਤਾ ਹੈ।

ਅਸਲ ਵਿੱਚ ਯੂ ਕੇ ਦੀ ਫੂਡ ਸੇਫਟੀ ਏਜੰਸੀ ਨੇ ਖਪਤਕਾਰਾਂ ਨੂੰ ਕਿੰਡਰ ਬ੍ਰਾਂਡ ਦੇ ਕੁਝ ਪ੍ਰਾਡਕਟਾਂ ਦੀ ਵਰਤੋਂ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ। ਏਜੰਸੀ ਨੇ ਕਿੰਡਰ ਦੇ ਭੋਜਨ ਪ੍ਰਾਡਕਟਾਂ ਤੇ ਸਾਲਮੋਨੇਲਾ ਦੀ ਲਾਗ ਦੇ ਫੈਲਣ ਵਿਚਾਲੇ ਸੰਬੰਧ ਹੋਣ ਦਾ ਸ਼ੱਕ ਪ੍ਰਗਟਾਇਆ ਹੈ। ਯੂਰਪ ਵਿੱਚ ਕੁਝ ਹੋਰ ਸਿਹਤ ਏਜੰਸੀਆਂ ਵੱਲੋਂ ਕੀਤੀ ਜਾਂਚ ਵਿੱਚ ਵੀ ਕੰਪਨੀ ਦੇ ਪ੍ਰਾਡਕਟਾਂ ਅਤੇ ਯੂ ਕੇ ਵਿੱਚ ਫੈਲ ਰਹੇ ਸਾਲਮੋਨੇਲਾ ਦੀ ਲਾਗ ਦਾ ਸੰਬੰਧ ਪਾਇਆ ਗਿਆ ਹੈ। ਵਾਪਸ ਲਿਆ ਜਾਣ ਵਾਲਾ ਪ੍ਰੋਡਕਟ ਉਸੇ ਫੈਕਟਰੀ ਵਿੱਚ ਬਣਿਆ ਹੈ ਤੇ ਕਿੰਡਰ ਦੇ ਬਾਕੀ ਪ੍ਰਾਡਕਟ ਇਸ ਤੋਂ ਪ੍ਰਭਾਵਤ ਨਹੀਂ ਪਾਏ ਗਏ।

ਕੰਪਨੀ ਨੇ ਕਿਹਾ ਹੈ ਕਿ ਉਹ ਸਾਲਮੋਨੇਲਾ ਦੇ ਇਨਫੈਕਟਿਡ ਹੋਣ ਦੀ ਸੰਭਾਵਨਾ ਕਾਰਨ ਆਪਣੇ ਪ੍ਰਾਡਕਟ ਕਿੰਡਰ ਸਰਪ੍ਰਾਈਜ਼ ਦੇ ਕੁਝ ਬੈਚਾਂ ਨੂੰ ਵਾਪਸ ਬੁਲਾ ਰਹੀ ਹੈ। ਕੰਪਨੀ ਅਨੁਸਾਰ ਕਿੰਡਰ ਸਰਪ੍ਰਾਈਜ਼ ਦੇ ਜਿਨ੍ਹਾਂ ਵੀਹ ਗਰਾਮ ਦੇ ਪੈਕੇਟਾਂ ਉੱਤੇ ਬੈਸਟ ਬੀਫੋਰ ਦੀ ਤਰੀਕ 11 ਜੁਲਾਈ 2022 ਤੇ ਸੱਤ ਅਕਤੂਬਰ 2022 ਵਿਚਕਾਰ ਦੀ ਹੈ, ਸਿਰਫ ਉਸੇ ਨੂੰ ਵਾਪਸ ਲਿਆ ਜਾ ਰਿਹਾ ਹੈ।

## ਸਕਾਟਲੈਂਡ ਵਿੱਚ ਪਿਛਲੇ ਦਹਾਕੇ ਦੌਰਾਨ 100 ਤੋਂ ਵੱਧ ਪੁਲਸ ਸਟੇਸ਼ਨ ਬੰਦ ਹੋਏ

ਗਲਾਸਗੋ, 7 ਅਪ੍ਰੈਲ (ਪੋਸਟ ਬਿਊਰੋ)- ਸਕਾਟਲੈਂਡ ਵਿੱਚ ਪਿੱਛਲੇ ਇੱਕ ਦਹਾਕੇ ਦੌਰਾਨ 140 ਪੁਲਸ ਸਟੇਸ਼ਨਾਂ ਅਤੇ ਦਫ਼ਤਰਾਂ ਨੂੰ ਬੰਦ ਕੀਤਾ ਗਿਆ ਹੈ। ਇਨ੍ਹਾਂ ਬੰਦ ਕੀਤੇ ਸਟੇਸ਼ਨਾਂ ਅਤੇ ਦਫ਼ਤਰਾਂ ਦੀਆਂ ਇਮਾਰਤਾਂ ਨੂੰ ਵੇਚ ਕੇ ਪੁਲਸ ਨੇ ਮਿਲੀਅਨਾਂ ਪੌਂਡ ਕਮਾਏ ਹਨ, ਪਰ ਇਨ੍ਹਾਂ ਬੰਦ ਕੀਤੇ ਸੇਵਾ ਕੇਂਦਰਾਂ ਬਾਰੇ ਸਕਾਟਿਸ਼ ਪੁਲਸ ਫ਼ੈਡਰੇਸ਼ਨ ਨੇ ਕਿਹਾ ਹੈ ਕਿ ਇਸ ਦਾ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਵਿੱਚ ਨੁਕਸਾਨਦਾਇਕ ਪ੍ਰਭਾਵ ਪੈ ਰਿਹਾ ਸੀ।

ਸੋਸ਼ਲ ਅਫ਼ੇਅਰਜ਼ ਮੈਗਜ਼ੀਨ 1919 ਦੀ ਖੋਜ ਵਿਚ ਪਤਾ ਲੱਗਾ ਹੈ ਕਿ ਕੁਝ ਸਟਾਫ਼ ਨੂੰ ਕੌਂਸਲ ਹੈਡਕੁਆਰਟਰ ਸਣੇ ਸਾਂਝੀਆਂ ਇਮਾਰਤਾਂ ਵਿੱਚ ਬਦਲਿਆ ਗਿਆ ਸੀ। ਬਹੁਤ ਸਾਰੀਆਂ ਇਮਾਰਤਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਪੁਲਸ ਸਕਾਟਲੈਂਡ ਨੇ ਆਪਣੀਆਂ 96



ਪੁਰਾਣੀਆਂ ਜਾਇਦਾਦਾਂ ਨੂੰ ਵੇਚ ਕੇ 28.5 ਮਿਲੀਅਨ ਪੌਂਡ ਕਮਾਏ ਸਨ। ਗਲਾਸਗੋ ਦੀ ਪਿਟ ਸਟ੍ਰੀਟ ਵਿੱਚ ਸਾਬਕਾ ਸਟ੍ਰੈਥਕਲਾਈਡ ਪੁਲਸ ਹੈਡਕੁਆਰਟਰ ਨੇ ਫੋਰਸ ਲਈ 9.8 ਮਿਲੀਅਨ ਪੌਂਡ ਇਕੱਠੇ ਕੀਤੇ, ਜਦੋਂ ਕਿ ਚੈਂਬਰਸ ਸਟ੍ਰੀਟ, ਐਡਿਨਬਰਾ ਵਿੱਚ ਸਾਬਕਾ ਪੁਲਸ ਸਿਖਲਾਈ ਸਕੂਲ ਨੇ 3.3 ਮਿਲੀਅਨ ਪੌਂਡ ਕਮਾਈ ਕੀਤੀ। ਇਸ ਦੇ ਇਲਾਵਾ ਹੋਰ 26 ਇਮਾਰਤਾਂ ਨੂੰ ਸੂਚੀਬੱਧ ਕੀਤਾ ਗਿਆ ਸੀ ਜੋ ਮਾਰਕੀਟ ਵਿੱਚ, ਵਿਕਰੀ ਲਈ ਜਾਂ ਕਮਿਊਨਿਟੀ ਟ੍ਰਾਂਸਫ਼ਰ ਲਈ ਤਿਆਰ ਕੀਤੀਆਂ ਜਾ ਰਹੀਆਂ ਹਨ। ਸਕਾਟਿਸ਼ ਪੁਲਸ ਫ਼ੈਡਰੇਸ਼ਨ ਦੇ ਜਨਰਲ ਸੈਕਟਰੀ ਨੇ ਕਿਹਾ ਕਿ ਪੇਂਡੂ ਖੇਤਰਾਂ ਵਿੱਚੋਂ ਸਟਾਫ਼ ਨੂੰ ਸ਼ਹਿਰੀ ਖੇਤਰਾਂ ਵਿੱਚ ਬਦਲਣ ਨਾਲ ਪੇਂਡੂ ਲੋਕਾਂ ਦੇ ਵਿਸ਼ਵਾਸ਼ ਨੂੰ ਠੇਸ ਪਹੁੰਚੇਗੀ।

# ਪੰਜਾਬ ਸਰਕਾਰ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਰਾਹ ਨਾ ਬਣ ਸਕਿਆ

### *ਹਾਲ ਦੀ ਘੜੀ ਸੇਵਾਵਾਂ ਵਿੱਚ ਵਾਧਾ ਕਰ ਦਿੱਤਾ ਗਿਆ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਹੇਠ ਠੇਕਾ ਆਧਾਰ ਉੱਤੇ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਰਾਹ ਅਜੇ ਤੱਕ ਪੱਧਰਾ ਨਹੀਂ ਹੋ ਸਕਿਆ। ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਇੱਕ-ਇੱਕ ਸਾਲ ਲਈ ਜਾਰੀ ਰੱਖਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਹੋਇਆ ਸੀ, ਪਰ ਹਾਲ ਦੀ ਘੜੀ ਏਦਾਂ ਨਹੀਂ ਕੀਤਾ ਜਾ



ਰਿਹਾ ਤੇ ਪਿਛਲੀਆਂ ਸਰਕਾਰਾਂ ਵਾਂਗ ਹੀ ਇਸ ਸਾਲ ਵੀ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਵਿੱਚ ਫਿਰ ਇੱਕ ਸਾਲ ਦਾ ਵਾਧਾ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਪੰਜਾਬ ਆਮ ਰਾਜ ਪ੍ਰਬੰਧ ਵਿਭਾਗ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਕਿ 27 ਅਪ੍ਰੈਲ 2017 ਦੇ ਪੱਤਰ ਮੁਤਾਬਕ ਅਜੇ ਤੱਕ ਨਾ ਭਰੀਆਂ ਗਈਆਂ ਰੈਗੂਲਰ ਆਸਾਮੀਆਂ ਦੀ ਥਾਂਠੇਕੇਉੱਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਵਿੱਚ ਸਬੰਧਤ ਵਿਭਾਗ 31 ਮਾਰਚ 2023 ਜਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਕਾਨੂੰਨ ਬਣਨ ਤਕ ਵਾਧਾ ਕੀਤਾ ਜਾਵੇ। ਕੁੱਲ ਮਿਲਾ ਕੇ ਪੰਜਾਬ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਅਜੇ ਤਕ ਕਾਨੂੰਨ ਨਹੀਂ ਬਣਾ ਸਕੀ ਤੇ ਅਜਿਹੇ ਵਿੱਚ ਇਨ੍ਹਾਂ ਦੀਆਂ ਸੇਵਾਵਾਂ ਵਿੱਚ ਇੱਕ ਸਾਲ ਦਾ ਵਾਧਾ ਕੀਤਾ ਗਿਆ ਹੈ।

# ਨਵਜੋਤ ਸਿੱਧੂ ਪਰਿਵਾਰ ਦੀਆਂ ਸਮੱਸਿਆਵਾਂ ਵਧਣ ਦੇ ਹਾਲਾਤ ਬਣੇ

### * ਨਗਰ ਸੁਧਾਰ ਟਰੱਸਟ ਦੇ ਫਾਈਲਾਂ ਮੁੱਖ ਮੰਤਰੀ ਕੋਲ ਚੱਲੀਆਂ

ਅੰਮ੍ਰਿਤਸਰ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪਰਵਾਰ ਦੇ ਲਈ ਅਗਲੇ ਦਿਨ ਹੋਰ ਸਖਤ ਹੋ ਸਕਦੇ ਹਨ। ਸਿੱਧੂ ਪਰਵਾਰ ਦੇ ਨਜ਼ਦੀਕੀ ਰਹੇ ਕਾਂਗਰਸੀ ਸੌਰਵ ਮਿੱਠੂ ਤੇ ਡਾ: ਨਵਜੋਤ ਕੌਰ ਸਿੱਧੂ ਦੇ ਪੀ ਏ ਰਹੇ ਗਰੀਸ਼ ਸ਼ਰਮਾ ਦੀ ਪਤਨੀ ਮੋਨਿਕਾ ਸ਼ਰਮਾ ਵੱਲੋਂ ਇੱਕ ਦੂਸਰੇ ਉੱਤੇ ਲਾਏ ਗਏ ਗੰਭੀਰ ਦੋਸ਼ਾਂ ਦੀ ਆਡੀਓ ਜਨਤਕ ਹੋਣ





ਪਿੱਛੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ ਵੀ ਨਵਜੋਤ ਸਿੰਘ ਸਿੱਧੂ ਦੇ ਪਰਵਾਰ ਦੀ ਸਰਦਾਰੀ ਦੇ ਦਿਨਾਂ ਵਿੱਚ ਜਾਰੀ ਹੋਏ ਫੰਡਾਂ ਅਤੇ ਹੋਏ ਵਿਕਾਸ ਕਾਰਜਾਂ ਦੀਆਂ ਫਾਈਲਾਂ ਨਵੇਂ ਮੁੱਖ ਮੰਤਰੀ ਤਕ ਲੈ ਕੇ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਏ ਹਨ।

ਦਿਨੇਸ਼ਬੱਸੀ ਨੇ ਇਸ ਸੰਬੰਧ ਵਿੱਚ ਦੱਸਿਆ ਕਿ ਸੌਰਵ ਮਿੱਠੂ ਅਤੇ ਮੋਨਿਕਾ ਸ਼ਰਮਾ ਵੱਲੋਂ ਇੱਕ ਦੂਸਰੇ ਉੱਤੇ ਜੋ 42 ਲੱਖ ਰੁਪਏ ਦੇ ਦੋਸ਼ ਲਾਏ ਜਾ ਰਹੇ ਹਨ, ਉਨ੍ਹਾਂ ਤੋਂ ਹਟ ਕੇ ਨਗਰ ਸੁਧਾਰ ਟਰੱਸਟ ਨੇ ਵੱਲਾ ਸ਼ਮਸ਼ਾਨਘਾਟ ਲਈ ਜੋ 27 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਸਨ, ਉਨ੍ਹਾਂ ਵਿੱਚੋਂ ਕੋਈ ਵੀ ਪੈਸਾ ਨਹੀਂ ਸੀ ਲੱਗਾ। ਦਿਨੇਸ਼ ਬੱਸੀ ਨੇ ਕਿਹਾ ਕਿ ਉਹ ਸਿੱਧੂ ਪਰਵਾਰ ਦੇ ਸਮੇਂ ਜਾਰੀ ਹੋਏ ਫੰਡਾਂ ਤੇ ਹੋਏ ਕਾਰਜਾਂ ਦੀਆਂ ਫਾਈਲਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੌਂਪਣਗੇ, ਤਾਂ ਜੋ ਸਬੰਧਤ ਅਧਿਕਾਰੀਆਂ ਰਾਹੀਂ ਫੰਡਾਂ ਦੀ ਵਰਤੋਂ ਦੀ ਸੱਚਾਈ ਸਾਹਮਣੇ ਆ ਸਕੇ।

# ਸਾਬਕਾ ਮੁੱਖ ਮੰਤਰੀ ਚੰਨੀ ਦਾ ਭਾਣਜਾ ਹਨੀ ਈ ਡੀ ਵੱਲੋਂ ਕੋਰਟ ਵਿੱਚ ਪੇਸ਼

ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਹਨੀ, ਜਿਹੜਾਮਨੀ ਲਾਂਡਰਿੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ, ਨੂੰ ਕੱਲ੍ਹ ਅਦਾਲਤੀ ਕੰਪਲੈਕਸ ਵਿਚਲੀ ਈ ਡੀ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲਸ ਉਸ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਲੈ ਕੇ ਆਈ। ਈ ਡੀ ਵੱਲੋਂ ਲੰਘੀ 31 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤੀ ਗਈ ਚਾਰਜਸ਼ੀਟ ਕੱਲ੍ਹ ਪੇਸ਼ੀ ਦੌਰਾਨ ਭੁਪਿੰਦਰ ਸਿੰਘ ਹਨੀ ਨੂੰ ਸੌਂਪੀ ਗਈ। ਮਾਮਲੇ ਦੀ ਅਗਲੀ ਸੁਣਵਾਈ 20 ਅਪ੍ਰੈਲ ਤੈਅ ਕੀਤੀ ਗਈ ਹੈ।

ਇਸ ਦੇ ਬਾਅਦ ਹਨੀ ਨੂੰ ਵਾਪਸ ਕਪੂਰਥਲਾ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਜੇਲ੍ਹ ਵਿੱਚ ਹਨੀ ਦੇ ਨਾਲ ਉਸ ਦਾ ਸਾਥੀ ਕੁਦਰਤਦੀਪ ਸਿੰਘ ਵੀ ਬੰਦ ਹੈ, ਪਰ ਉਸ ਨੂੰ ਪੇਸ਼ੀ ਲਈ ਨਹੀਂ ਲਿਆਂਦਾ ਗਿਆ।ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਿੰਨ ਫਰਵਰੀ ਦੀ ਰਾਤ ਈ ਡੀ ਨੇ ਹਨੀ ਨੂੰ ਗ੍ਰਿਫਤਾਰ ਕੀਤਾ ਸੀ। ਉਸ ਦੀ ਗ੍ਰਿਫਤਾਰੀ ਦੇ ਲਗਭਗ ਦੋ ਮਹੀਨਿਆਂ ਬਾਅਦ 31 ਮਾਰਚ ਨੂੰ ਈ ਡੀ ਨੇ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਕੀਤੀ ਸੀ ਅਤੇ ਕੁਦਰਤਦੀਪ ਸਿੰਘ ਵਿਰੁੱਧ ਵੀ ਮਨੀ ਲਾਂਡਰਿੰਗ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਇਨਸਾਨੀ ਸਰੀਰ ਵਿੱਚੋਂ ਨਵਾਂ ਅੰਗ ਮਿਲਿਆ

ਲੰਡਨ, 7 ਅਪ੍ਰੈਲ (ਪੋਸਟ ਬਿਊਰੋ)- ਵਿਗਿਆਨੀਆਂ ਨੇ ਇਨਸਾਨਾਂ ਦੇ ਸਰੀਰ ਵਿੱਚ ਇੱਕ ਬ੍ਰੈਂਡ ਨਿਊ ਅੰਗ ਨੂੰ ਲੱਭਿਆ ਹੈ। ਅਸਲ ਵਿੱਚ ਇਹ ਨਾੜਾਂ ਹਨ, ਪਰ ਕੰਮ ਪੂਰੇ ਅੰਗ ਦੀ ਤਰ੍ਹਾਂ ਕਰਦੀਆਂ ਹਨ। ਇਹ ਇਨਸਾਨੀ ਫੇਫੜਿਆਂ ਦੇ ਅੰਦਰ ਮੌਜੂਦ ਪਤਲੀਆਂ ਅਤੇ ਬੇਹੱਦ ਨਾਜ਼ੁਕ ਲੜੀਆਂ ਵਿੱਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਦਾ ਮੁੱਖ ਕੰਮ ਸਾਹ ਪ੍ਰਣਾਲੀ ਨੂੰ ਦਰੁਸਤ ਰੱਖਣਾ ਹੈ। ਵਿਗਿਆਨੀਆਂ ਨੂੰ ਉਮੀਦ ਹੈ ਕਿ ਇਸ ਦੀ ਮੱਦਦ ਨਾਲ ਉਹ ਸਿਗਰਟਨੋਸ਼ੀ ਸਬੰਧੀ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਅ ਸਕਣਗੇ। ਇਸ ਨਵੇਂ ਅੰਗ ਯਾਨੀ ਨਾੜੀ ਨੂੰ ਬਿਹਤਰ ਦਿਲਚਸਪ ਨਾਂਅ ਦਿੱਤਾ ਗਿਆ ਹੈ। ਇਸ ਦਾ ਨਾਂਅ ਹੈ ਰੈਸਿਪਟਰੇਰੀ ਏਅਰਵੇ ਸੈਕਟਰੀ। ਇਹ ਫੇਫੜਿਆਂ ਦੇ ਅੰਦਰ ਮੌਜੂਦ ਨਾੜੀਆਂ ਦੀ ਲੜੀ ਬ੍ਰਾਂਕਿਓਲਸ ਵਿੱਚ ਮੌਜੂਦ ਹਨ। ਇਸ ਦਾ ਸਬੰਧ ਐਲਵਿਓਲੀ ਦੇ ਨਾਲ ਵੀ ਰਹਿੰਦਾ ਹੈ।

ਇਹ ਉਹੀ ਅੰਗ ਹੈ, ਜੋ ਖ਼ੂਨ ਦੇ ਅੰਦਰ ਆਕਸੀਜਨ ਤੇ ਕਾਰਬਨ ਡਾਈਆਕਸਾਈਡ ਦਾ ਅਦਾਨ-ਪ੍ਰਦਾਨ ਕਰਦਾ ਹੈ। ਆਰ ਏ ਐਸ ਨਾੜੀਆਂ ਕਿਸੇ ਸਟੈਮ ਸੈਲਸ ਵਾਂਗ ਹੁੰਦੀਆਂ ਹਨ। ਇਨ੍ਹਾਂ ਨੂੰ ਬਲੈਕ ਕੈਨਵਸ ਨਾੜੀਆਂ ਕਹਿੰਦੇ ਹਨ, ਕਿਉਂਕਿ ਇਹ ਸਰੀਰ ਦੇ ਅੰਦਰ ਕਿਸੇ ਵੀ ਤਰ੍ਹਾਂ ਦੇ ਨਵੇਂ ਅੰਗ ਜਾਂ ਨਾੜਾਂ ਦੀ ਪਛਾਣ ਕਰਦੇ ਹਨ। ਇਹ ਨੁਕਸਾਨੀ ਗਈ ਐਲਵਿਓਲੀ ਨੂੰ ਸੁਧਾਰਦੀ ਹੈ। ਨਵੀਆਂ ਐਲਵਿਓਲੀ ਨਾੜੀਆਂ ਬਣਾਉਂਦੀ ਹੈ ਤਾਂ ਕਿ ਖ਼ੂਨ ਵਿੱਚ ਗੈਸਾਂ ਦਾ ਵਹਾਅ ਸਹੀ ਬਣਿਆ ਰਹੇ।

# ਰੂਸ-ਯੂਕਰੇਨ ਜੰਗ ਕਾਰਨ ਭਾਰਤੀ ਅਖਬਾਰਾਂ ਗੰਭੀਰ ਸੰਕਟ ਵਿੱਚ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਰੂਸ ਵੱਲੋਂ ਯੂਕਰੇਨ ਉੱਤੇ ਹਮਲੇ ਨੇ ਕਈ ਅਣਚਾਹੇ ਹਾਲਾਤ ਵੀ ਪੈਦਾ ਕਰ ਦਿੱਤੇ ਹਨ। ਇਸ ਜੰਗ ਨਾਲ ਪ੍ਰਿੰਟ ਮੀਡੀਆ ਬੁਰੀ ਤਰ੍ਹਾਂ ਪ੍ਰਭਾਵਤ ਹੈ, ਕਿਉਂਕਿ ਅਖਬਾਰਾਂ ਛਾਪਣ ਲਈ ਵਰਤਿਆ ਜਾਂਦਾ ਕਾਗਜ਼ ਸਪਲਾਈ ਨਾ ਹੋਣ ਸਕਣ ਕਾਰਨ ਬਾਜ਼ਾਰ ਵਿੱਚਨਿਊਜ਼ ਪ੍ਰਿੰਟ ਲਈ ਵੱਡਾ ਸੰਕਟ ਪੈਦਾ ਹੋ ਗਿਆ ਹੈ।



ਭਾਰਤੀ ਨਿਊਜ਼ ਪ੍ਰਿੰਟ (ਅਖਬਾਰਾਂ) ਲਈ 45 ਫੀਸਦੀ ਕਾਗਜ਼ ਰੂਸ ਤੋਂ ਆਉਂਦਾ ਹੈ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਰੂਸ ਦੇ ਖਿਲਾਫ ਜਾਰੀ ਪਾਬੰਦੀਆਂ ਕਾਰਨਕਈ ਗਲੋਬਲ ਸ਼ਿਪਿੰਗ ਕੰਪਨੀਆਂ ਨੇ ਰੂਸੀ ਬੰਦਰਗਾਹਾਂ ਤੋਂ ਕਿਸੇ ਤਰ੍ਹਾਂ ਦਾ ਸਾਮਾਨ ਨਹੀਂ ਚੁੱਕਿਆ, ਜਿਸ ਕਾਰਨ ਬੰਦਰਗਾਹਾਂ ਉੱਤੇ ਕੰਟੇਨਰਾਂ ਦਾ ਹੜ੍ਹ ਆ ਗਿਆ ਅਤੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾਂਦੇ ਹਨ। ਇਸ ਜੰਗ ਨਾਲ ਦੂਸਰੀ ਵੱਡੀ ਸਮੱਸਿਆ ਵਿਸ਼ਵ ਪੱਧਰ ਉੱਤੇ ਊਰਜਾ ਕੀਮਤਾਂ (ਕੁਦਰਤੀ ਗੈਸ, ਕੋਲਾ) ਵਿੱਚ ਕਰੀਬ ਤੀਹ ਫੀਸਦੀ ਦਾ ਵਾਧਾ ਹੋਣ ਨਾਲ ਪੇਪਰ ਮਿੱਲਾਂ ਦੇ ਨਿਊਜ਼ ਪ੍ਰਿੰਟ ਉਤਪਾਦਨ ਦੀਆਂ ਲਾਗਤਾਂ ਅਤੇ ਕੀਮਤਾਂ ਵਿੱਚ ਤੀਹ ਫੀਸਦੀ ਵਾਧਾ ਹੋ ਚੁੱਕਾ ਹੈ, ਜਿਸ ਨਾਲ ਇਹ ਉਤਪਾਦਨ ਪੱਧਰ ਉੱਤੇ ਹੀ ਮਹਿੰਗਾ ਹੋ ਗਿਆ ਹੈ।

ਕੈਨੇਡਾ ਤੇ ਪੋਲੈਂਡ ਤੋਂ ਵੀ ਕਾਗਜ਼ ਉਤਪਾਦਨ ਅਤੇ ਸਪਲਾਈ ਵਿੱਚ ਅੜਿੱਕਾ ਪਿਆ ਹੈ, ਕਿਉਂਕਿ ਪੋਲੈਂਡ ਵਿੱਚ ਕਾਗਜ਼ ਮਿੱਲਾਂ ਦੇ ਮਜ਼ਦੂਰ ਹੜਤਾਲ ਉੱਤੇ ਹਨ। ਪੋਲੈਂਡ ਤੋਂ ਭਾਰਤ ਆਪਣੀ ਲੋੜ ਦਾ ਸੱਠ ਫੀਸਦੀ ਗਲਾਸੋ ਨਿਊਜ਼ ਪ੍ਰਿੰਟ ਇੰਪੋਰਟ ਕਰਦਾ ਹੈ ਅਤੇ ਇਹ ਨਿਊਜ਼ ਪ੍ਰਿੰਟ ਚਾਲੀ ਫੀਸਦੀ ਕੈਨੇਡਾ ਤੋਂ ਮਿਲਦਾ ਹੈ। ਦੂਜੇ ਪਾਸੇ ਘਰੇਲੂ ਮਿੱਲਾਂ ਨਿਊਜ਼ ਪ੍ਰਿੰਟ ਦੀ ਜਗ੍ਹਾ ਪੈਕੇਜਿੰਗ ਮੈਟੀਰੀਅਲ ਬਣਾ ਰਹੀਆਂ ਹਨ ਕਿਉਂਕਿ ਚੀਨ ਵੱਲੋਂ ਉਨ੍ਹਾਂ ਨੂੰ ਵਿਸ਼ਵਵਿਆਪੀ ਉਪਭੋਗਤਾ ਮੰਗ ਦੇ ਚੱਲਦੇ ਵੱਡੇ ਆਰਡਰ ਮਿਲੇ ਹਨ। ਘਰੇਲੂ ਪੱਧਰ ਉੱਤੇ ਕੁਝ ਮਿੱਲਾਂ ਵਿੱਚ ਹੀ ਨਿਊਜ਼ ਪ੍ਰਿੰਟ ਤਿਆਰ ਹੁੰਦਾ ਹੈ ਤੇ ਇਹ ਮਿੱਲਾਂ ਵੀ ਕੋਵਿਡ ਸੰਕਟ ਦੇ ਚੱਲਦੇ ਰਿਸਾਈਕਲਡ ਫਾਈਬਰ ਦੀ ਕਮੀ ਨਾਲ ਜੂਝ ਰਹੀਆਂ ਹਨ।

ਵਿਸ਼ਵ ਪੱਧਰ ਉੱਤੇ ਕੋਵਿਡ ਮਹਾਮਾਰੀ ਕਾਰਨ ਬਹੁਤ ਸਾਰੀਆਂ ਇੰਡਸਟਰੀਆਂ ਤੇ ਅਰਥਵਿਵਸਥਾਵਾਂ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਈਆਂ ਹਨ ਅਤੇ ਨਿਊਜ਼ ਪ੍ਰਿੰਟ ਇੰਡਸਟਰੀ ਵੀ ਨਹੀਂ ਬਚੀ। ਇੰਪੋਰਟ ਹੋਣ ਵਾਲੇ ਨਿਊਜ਼ ਪ੍ਰਿੰਟ ਦੀਆਂ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਸਾਲ 2019 ਵਿੱਚ ਜੋ ਨਿਊਜ਼ ਪ੍ਰਿੰਟ (ਅਖਬਾਰੀ ਕਾਗਜ਼) 450 ਡਾਲਰ ਪ੍ਰਤੀ ਟਨ ਸੀ, ਉਹ ਵਧ ਕੇ 800-900 ਡਾਲਰ ਹੋ ਚੁੱਕਾ ਹੈ। ਅਖਬਾਰਾਂ ਦੀ ਛਪਾਈ ਦੀ ਲਾਗਤ ਦਾ ਚਾਲੀ ਤੋਂ ਪੰਜਾਹ ਫੀਸਦੀ ਹਿੱਸਾ ਨਿਊਜ਼ ਪ੍ਰਿੰਟ ਉੱਤੇ ਖਰਚ ਹੁੰਦਾ ਹੈ। ਇਸ ਤੋਂ ਇਲਾਵਾ ਸਿਆਹੀ, ਪ੍ਰਿੰਟਿੰਗ ਲਈ ਜ਼ਰੂਰੀ ਅਲਮੀਨੀਅਮ ਪਲੇਟਾਂ ਸਮੇਤ ਹੋਰ ਜ਼ਰੂਰੀ ਇਨਪੁਟ ਦੇ ਨਾਲ ਟਰਾਂਸਪੋਰਟੇਸ਼ਨ ਦੀ ਲਾਗਤ ਦਾ ਅਣਕਿਆਸਾ ਵਾਧਾ ਹੋਇਆ ਹੈ। ਨਿਊਜ਼ ਪ੍ਰਿੰਟ ਇੰਡਸਟਰੀ ਦੇ ਪ੍ਰਤੀਨਿਧਾਂ ਨੇ ਇਨ੍ਹਾਂ ਚੁਣੌਤੀਆਂ ਕਾਰਨ ਕੇਂਦਰ ਸਰਕਾਰ ਨੂੰ ਨਿਊਜ਼ ਪ੍ਰਿੰਟ ਉੱਤੇ ਲੱਗਣ ਵਾਲੀ ਪੰਜ ਫੀਸਦੀ ਕਸਟਮ ਡਿਊਟੀ ਨੂੰ ਹਟਾਉਣ ਦੀ ਮੰਗ ਕੀਤੀ ਹੈ ਤਾਂ ਜੋ ਨਿਊਜ਼ ਪ੍ਰਿੰਟ ਇੰਡਸਟਰੀ ਨੂੰ ਕੁਝ ਰਾਹਤ ਮਿਲ ਸਕੇ।












# ਯੂਕਰੇਨ ਲਈ ਕਰਵਾਏ ਜਾਣ ਵਾਲੇ ਈਵੈਂਟ ਵਿੱਚ ਸ਼ਾਮਲ ਹੋਣ ਲਈ ਟਰੂਡੋ ਨੇ ਲੋਪੇਜ਼ ਨੂੰ ਦਿੱਤਾ ਸੱਦਾ

ਮੈਕਸਿਕੋ ਸਿਟੀ, 7 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਮੈਕਸਿਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨੂੰ ਯੂਕਰੇਨ ਦੀ ਹਮਾਇਤ ਲਈ ਰੱਖੇ ਗਏ ਈਵੈਂਟ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਮੈਕਸਿਕੋ ਉੱਤੇ ਮਾਸਕੋਅ ਦੀ ਪੁਸ਼ਤਪਨਾਹੀ ਕਰਨ ਦਾ ਵੀ ਦੋਸ਼ ਹੈ।

ਇੱਕ ਫੋਨ ਕਾਲ ਦੌਰਾਨ ਟਰੂਡੋ ਨੇ ਲੋਪੇਜ਼ ਨੂੰ ਯੂਕਰੇਨੀ ਰਫਿਊਜੀਆਂ ਤੇ ਬੇਘਰ ਹੋਏ ਲੋਕਾਂ ਲਈ ਫੰਡ ਇੱਕਠਾ ਕਰਨ ਲਈ ਸ਼ਨਿੱਚਰਵਾਰ ਨੂੰ ਕਰਵਾਏ ਜਾਣ ਵਾਲੇ ਈਵੈਂਟ "ਸਟੈਂਡ ਅੱਪ ਫੌਰ ਯੂਕਰੇਨ" ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਈਵੈਂਟ ਨੂੰ ਟਰੂਡੋ ਯੂਰਪੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਨਾਲ ਮਿਲ ਕੇ ਆਯੋਜਿਤ ਕਰ ਰਹੇ ਹਨ।



ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੇ ਸੰਘਰਸ਼ ਵਿੱਚ ਲੋਪੇਜ਼ ਨੇ ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ ਹੈ ਪਰ ਉਨ੍ਹਾਂ ਰੂਸ ਉੱਤੇ ਪਾਬੰਦੀਆਂ ਲਾਉਣ ਤੋਂ ਵੀ ਇਨਕਾਰ ਕੀਤਾ ਹੈ। ਹਾਲਾਂਕਿ ਉਨ੍ਹਾਂ ਦੀ ਸਰਕਾਰ ਨੇ ਯੂਕਰੇਨ ਤੋਂ ਆਪਣੀਆਂ ਸੈਨਾਵਾਂ ਨੂੰ ਵਾਪਿਸ ਸੱਦਣ ਲਈ ਰੂਸ ਨੂੰ ਅਪੀਲ ਕਰਨ ਲਈ ਪਾਈ ਗਈ ਵੋਟ ਵਿੱਚ ਸੰਯੁਕਤ ਰਾਸ਼ਟਰ ਦਾ ਸਾਥ ਦਿੱਤਾ ਹੈ ਪਰ ਉਸ ਨੇ ਯੂਰਪ ਵੱਲੋਂ ਯੂਕਰੇਨ ਸਮੇਤ ਹੋਰਨਾਂ ਦੇਸ਼ਾਂ ਨੂੰ ਭੇਜੇ ਜਾ ਰਹੇ ਹਥਿਆਰਾਂ ਲਈ ਯੂਰਪ ਦੀ ਨਿਖੇਧੀ ਵੀ ਕੀਤੀ ਹੈ।

# ਸੜਕ ਉੱਤੇ ਮ੍ਰਿਤਕ ਪਈ ਮਿਲੀ ਮਹਿਲਾ : ਪੁਲਿਸ

ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਦੇ ਪੱਛਮ ਵਿੱਚ ਸੜਕ ਦੇ ਐਨ ਵਿਚਕਾਰ ਮਹਿਲਾ ਦੀ ਲਾਸ਼ ਮਿਲਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਟੋਰਾਂਟੋ ਪੁਲਿਸ ਨੂੰ ਰਾਤੀਂ 1:30 ਵਜੇ ਕਿਸੇ ਨੇ ਕਾਲ ਕਰਕੇ ਦੱਸਿਆ ਕਿ ਡੁਪੌਂਟ ਦੇ



ਦੱਖਣ ਵੱਲ ਲੈਂਜ਼ਡਾਊਨ ਐਵਨਿਊ ਉੱਤੇ ਇੱਕ ਮਹਿਲਾ ਸੜਕ ਉੱਤੇ ਪਈ ਹੈ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ 47 ਸਾਲਾ ਮਹਿਲਾ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਈ ਮਿਲੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਹ ਮੌਕੇ ਉੱਤੇ ਜ਼ਰੂਰ ਪਹੁੰਚੇ ਪਰ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ। ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਮਹਿਲਾ ਸੜਕ ਉੱਤੇ ਕਿਵੇਂ ਪਹੁੰਚੀ। ਮਾਮਲੇ ਦੀ ਜਾਂਚ ਚੱਲਦੀ ਹੋਣ ਕਾਰਨ ਲੈਂਜ਼ਡਾਊਨ ਨੂੰ ਇਸ ਇਲਾਕੇ ਵਿੱਚ ਬੰਦ ਕੀਤਾ ਗਿਆ ਹੈ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## Change of Name

- **I Navbir Singh s/o Inderjit Singh R/o** 8 Whitewash Way, Brampton, ON L6X 4T3 Canada, (Mo no: +1 647 425 6600) have changed my name **Navbir Singh to Navbir Singh Thind.**
- **I Harmanjit Kaur W/o Navbir Singh** alias Navbir Singh Thind R/o 8 Whitewash Way, Brampton, ON L6X 4T3 Canada, (Mo no: +1 647 425 6600) have changed my name **Harmanjit Kaur to Harmanjit Kaur Thind.**

## ਲੜਕੀ ਦੀ ਲੋੜ

Looking for a Suitable match for Khatri Pu
36 yrs old 5,6.Boy have multiple Visitor V
Divorced after a Short Marriage no issue .Boy is in
Canada right now. Sister Well Settled in Toronto. No
Caste bar, looking for Canadian P.R. or Citizen
Contact on 6473004877
Email :› komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ-ਵੈਜ ਖਾਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਸ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਫਿਲਮੀ ਦੁਨੀਆਂ

## ਰਣਬੀਰ ਦੀ ਫਿਲਮ 'ਐਨੀਮਲ' ਵਿੱਚ ਰਸ਼ਮਿਕਾ ਮੰਦਾਨਾ ਦੀ ਐਂਟਰੀ





ਰਣਬੀਰ ਕਪੂਰ ਦੀ ਫਿਲਮ 'ਐਨੀਮਲ' ਤੋਂ ਪਿੱਛੇ ਜਿਹੇ ਪਰਿਣੀਤੀ ਚੋਪੜਾ ਬਾਹਰ ਹੋ ਗਈ ਹੈ। ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪਰਿਣੀਤੀ ਨੇ ਫਿਲਮ ਤੋਂ ਕਿਨ-ਾਰਾ ਕਰ ਲਿਆ। ਇਸ ਪਿੱਛੋਂ ਇਸ ਫਿਲਮ ਵਿੱਚ ਪਰਿਣੀਤੀ ਦੀ ਥਾਂ ਰਸ਼ਮਿਕਾ ਮੰਦਾਨਾ ਦੀ ਐਂਟਰੀ ਹੋ ਗਈ ਹੈ। ਸੂਤਰਾਂ ਮੁਤਾਬਕ ਉਸ ਨੇ ਫੀਮੇਲ ਲੀਡ ਭੂਮਿਕਾ ਨਿਭਾਉਣ ਲਈ ਫਿਲਮ ਸਾਈਨ ਕਰ ਲਈ ਹੈ। ਉਹ ਫਿਲਮ ਵਿੱਚ ਰਣਬੀਰ ਕਪੂਰ ਦੀ ਪਤਨੀ ਦੀ ਭੂਮਿਕਾ ਨਿਭਾਏਗੀ, ਜਿਸ ਨੂੰ ਪਹਿਲਾਂ ਪਰਿਣੀਤੀ ਨਿਭਾਉਣ ਵਾਲੀ ਸੀ। ਸੰਦੀਪ ਰੈੱਡੀ ਵਾਂਗਾ ਫਿਲਮ ਦਾ ਨਿਰਦੇਸ਼ਨ ਕਰਨਗੇ। ਭੂਸ਼ਣ ਅਤੇ ਸੰਦੀਪ ਰੈਡੀ ਕਿਸੇ ਅਭਿਨੇਤਰੀ ਦੇ ਨਾਲ ਰਣਬੀਰ ਦੀ ਜੋੜੀ ਨੂੰ ਦੁਹਰਾਉਣ ਦੇ ਥਾਂ ਫ੍ਰੈਸ਼ ਕਾਸਟ ਚਾਹੁੰਦੇ ਸਨ। ਦੋਵਾਂ ਨੂੰ ਲੱਗਦਾ ਹੈ ਕਿ ਰਣਬੀਰ ਅਤੇ ਰਸ਼ਮਿਕਾ ਲੋਕਾਂ ਨੂੰ ਕਾਫੀ ਪਸੰਦ ਆਉਣਗੇ। ਇਹ ਫਿਲਮ ਅਗਲੇ ਸਾਲ 11 ਅਗਸਤ ਨੂੰ ਰਿਲੀਜ਼ ਹੋਵੇਗੀ।

## ਰੋਹਿਤ ਸ਼ੈੱਟੀ ਦੀ ਅਗਲੀ ਫਿਲਮ ਵਿੱਚ ਨਜ਼ਰ ਆਏਗੀ ਸ਼ਵੇਤਾ ਤਿਵਾੜੀ



ਸ਼ਵੇਤਾ ਤਿਵਾੜੀ ਆਪਣੇ ਨਵੇਂ ਪ੍ਰੋਜੈਕਟ ਬਾਰੇ ਸੁਰਖੀਆਂ ਵਿੱਚ ਹੈ। ਡਾਇਰੈਕਟਰ ਰੋਹਿਤ ਸ਼ੈੱਟੀ ਨੇ ਉਸ ਨੂੰ ਇੱਕ ਵੱਡੀ ਫਿਲਮ ਆਫਰ ਕੀਤੀ ਹੈ। ਸ਼ਵੇਤਾ, ਰੋਹਿਤ ਦੀ ਪ੍ਰੋਡਕਸ਼ਨ ਕੰਪਨੀ ਦੇ ਬੈਨਰ ਹੇਠ ਬਣ ਰਹੀ ਇੱਕ ਵੱਡੀ ਫਿਲਮ ਵਿੱਚ ਨਜ਼ਰ ਆਵੇਗੀ। ਵਿਕਾਸ ਕਲੰਤਰੀ ਨੇ ਸ਼ਵੇਤਾ ਦੀ ਵੈਨਿਟੀ ਵੈਨ ਦਾ ਵੀਡੀਓ ਸ਼ੇਅਰ ਕੀਤਾ ਹੈ, ਜਿਸ ਉੱਤੇ ਸ਼ਵੇਤਾ ਦੇ ਨਾਂਅ ਦੇ ਨਾਲ ਰੋਹਿਤ ਸ਼ੈਟੀ ਪ੍ਰੋਡਕਸ਼ਨ ਲਿਖਿਆ ਹੈ।

ਵਿਕਾਸ ਨੇ ਵੀਡੀਓ ਸ਼ੇਅਰ ਕਰਦੇ ਹੋਏ ਲਿਖਿਆ, 'ਨਵੀਂ ਸ਼ੁਰੂਆਤ। ਆਲ ਦ ਬੈਸਟ ਸ਼ਵੇਤਾ ਤਿਵਾੜੀ।' ਸ਼ਵੇਤਾ ਨੇ ਵੀ ਵਿਕਾਸ ਦੇ ਇਹ ਪੋਸਟ ਆਪਣੀ ਸੋਸ਼ਲ ਮੀਡੀਆ ਸਟੋਰੀ ਉੱਤੇ ਸ਼ੇਅਰ ਕੀਤੀ ਹੈ। ਸ਼ਵੇਤਾ ਨੂੰ 'ਖਤਰੋਂ ਕੇ ਖਿਲਾੜੀ' ਦੇ 11ਵੇਂ ਸੀਜਨ ਵਿੱਚ ਦੇਖਿਆ ਗਿਆ ਸੀ। ਇਸ ਸ਼ੋਅ ਨੂੰ ਰੋਹਿਤ ਸ਼ੈੱਟੀ ਨੇ ਹੋਸਟ ਕੀਤਾ ਸੀ। ਸ਼ੋਅ ਵਿੱਚ ਰੋਹਿਤ ਦੇ ਨਾਲ ਸ਼ਵੇਤਾ ਦੀ ਕਾਫੀ ਚੰਗੀ ਬਾਂਡਿੰਗ ਹੋ ਗਈ ਸੀ। ਸ਼ਵੇਤਾ ਨੇ ਏਕਤਾ ਕਪੂਰ ਦੇ ਸੀਰੀਅਲ 'ਕਸੌਟੀ ਜ਼ਿੰਦਗੀ ਕੀ' ਨਾਲ ਟੀ ਵੀ ਉੱਤੇ ਡੈਬਿਊ ਕੀਤਾ ਸੀ। ਨਾਲ ਰੋਹਿਤ ਦੀ ਫਿਲਮ 'ਸਰਕਸ' ਇਸ ਸਾਲ 15 ਜੁਲਾਈ ਨੂੰ ਰਿਲੀਜ਼ ਹੋਣ ਵਾਲੀ ਹੈ। ਇਸ ਦੇ ਬਾਅਦ ਰੋਹਿਤ, ਅਜੈ ਦੇਵਗਨ ਦੇ ਨਾਲ ਫਿਲਮ 'ਸਿੰਘਮ 3' ਉੱਤੇ ਕੰਮ ਸ਼ੁਰੂ ਕਰਨਗੇ।

## ਊਟੀ ਵਿੱਚ ਸੁਹਾਨਾ ਸ਼ੂਟ ਕਰੇਗੀ ਜ਼ੋਇਆ ਦੀ ਫਿਲਮ



ਹਿੰਦੀ ਸਿਨੇਮਾ ਵਿੱਚ ਕਿੰਗ ਖਾਨ ਯਾਨੀ ਅਭਿਨੇਤਾ ਸ਼ਾਹਰੁਖ ਖਾਨ ਦੀ ਬੇਟੀ ਸੁਹਾਨਾ ਖਾਨ ਦੇ ਡੈਬਿਊ ਦਾ ਇੰਤਜ਼ਾਰ ਉਸ ਦੇ ਫੈਂਸ ਨੂੰ ਕਾਫੀ ਸਮੇਂ ਤੋਂ ਹੈ। ਸੁਹਾਨਾ ਵੀ ਬਤੌਰ ਅਭਿਨੇਤਰੀ ਆਪਣੀ ਫਿਲਮੀ ਸਫਰ ਸ਼ੁਰੂ ਕਰ ਚੁੱਕੀ ਹੈ। ਉਹ ਜ਼ੋਇਆ ਅਖਤਰ ਦੀ ਫਿਲਮ 'ਦ ਆਰਚੀਜ਼' ਨਾਲ ਡੈਬਿਊ ਕਰ ਰਹੀ ਹੈ। ਇਸ ਨਾਲ ਸਿਰਫ ਸੁਹਾਰਾ ਹੀ ਨਹੀਂ, ਸਗੋਂ ਬੋਨੀ ਕਪੂਰ ਦੀ ਛੋਟੀ ਬੇਟੀ ਖੁਸ਼ੀ ਕਪੂਰ ਤੇ ਅਮਿਤਾਭ ਬੱਚਨ ਦੇ ਦੋਹਤੇ ਅਗਸਤਯ ਨੰਦਾ ਵੀ ਡੈਬਿਊ ਕਰ ਰਹੇ ਹਨ। ਖਬਰਾਂ ਮੁਤਾਬਕ ਇਸ ਫਿਲਮ ਲਈ ਚਾਲੀ ਦਿਨਾਂ ਦਾ ਸ਼ਡਿਊਲ ਊਟੀ ਵਿੱਚ ਸ਼ੂਟ ਕੀਤਾ ਜਾਏਗਾ। ਇਸ ਸ਼ਡਿਊਲ ਲਈ ਫਿਲਮ ਦੀ ਟੀਮ ਨਾਲ ਸਿਰਫ ਮੁੱਖ ਕਲਾਕਾਰ ਉਥੇ ਜਾਣਗੇ। ਬਾਕੀ ਸ਼ੂਟਿੰਗ ਉਹ ਊਟੀ ਦੀ ਲੋਕਲ ਕਰੂਅ ਨਾਲ ਹੀ ਕਰਨਗੇ। ਜ਼ੋਇਆ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਸ ਦੀ ਇਹ ਫਿਲਮ ਆਈਕਨਿਕ ਆਰਚੀ ਕਾਮਿਕਸ ਦੀ ਅਡੈਪਟੇਸ਼ਨ ਹੋਵੇਗੀ। ਉਸ ਨੇ ਫਿਲਮ ਦੀ ਸਟਾਰਕਾਸਟ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਫਿਲਮ ਵਿੱਚ ਇਹ ਤਿੰਨੇ ਕਲਾਕਾਰ ਕਾਮਿਕਸ ਦੇ ਕਿਨ੍ਹਾਂ ਕਿਰਦਾਰਾਂ ਵਿੱਚ ਹੋਣਗੇ, ਇਸ ਬਾਰੇ ਕੋਈ ਅਧਿਕਾਰ ਜਾਣਕਾਰੀ ਪਤਾ ਨਹੀਂ ਲੱਗੀ।

## 17 ਜੂਨ ਨੂੰ ਰਿਲੀਜ਼ ਹੋਵੇਗੀ ਸ਼ਿਲਪਾ ਸ਼ੈੱਟੀ ਦੀ ਫਿਲਮ 'ਨਿਕੰਮਾ'



ਅਭਿਮੰਨਿਊ ਦਾਸਾਨੀ, ਸ਼ਰਲੀ ਸੇਤੀਆ, ਸ਼ਿਲਪਾ ਸ਼ੈੱਟੀ ਸਟਾਰਰ ਫਿਲਮ 'ਨਿਕੰਮਾ' ਦੀ ਰਿਲੀਜ਼ ਡੇਟ ਐਲਾਨ ਹੋ ਗਈ ਹੈ। ਫਿਲਮ 17 ਜੂਨ ਨੂੰ ਰਿਲੀਜ਼ ਹੋਵੇਗੀ। ਸੋਨੀ ਫਿਲਮਜ਼ ਇੰਡੀਆ ਦੇ ਬੈਨਰ ਹੇਠ ਬਣੀ ਇਸ ਫਿਲਮ ਨੂੰ ਸ਼ੱਬੀਰ ਖਾਨ ਨੇ ਨਿਰਦੇਸ਼ਤ ਕੀਤਾ ਹੈ। ਸ਼ੱਬੀਰ ਦਾ ਕਹਿਣਾ ਹੈ, ''ਪੂਰੀ ਟੀਮ ਫਿਲਮ ਦੀ ਰਿਲੀਜ਼ ਦਾ ਕਾਫੀ ਦਿਨ ਤੋਂ ਉਡੀਕ ਕਰ ਰਹੀ ਹੈ। ਮੈਂ ਵੀ ਇਸ ਬਾਰੇ ਬਹੁਤ ਖੁਸ਼ ਹਾਂ। ਅਭਿਮੰਨਿਊ, ਸ਼ਰਲੀ ਦੀ ਜੋੜੀ ਤੇ ਸ਼ਿਲਪਾ ਦਾ ਬਿਲਕੁਲ ਅਲੱਗ ਅਵਤਾਰ ਸਭ ਨੂੰ ਹੈਰਾਨ ਕਰ ਦੇਵੇਗਾ।'' ਅਭਿਮੰਨਿਊ ਨੇ ਕਿਹਾ, ''ਚੰਗੀਆਂ ਚੀਜ਼ਾਂ ਵਿੱਚ ਸਮਾਂ ਲੱਗਦਾ ਹੈ, ਜਦ 'ਨਿਕੰਮਾ' ਦੀ ਗੱਲ ਆਉਂਦੀ ਹੈ ਤਾਂ ਮੈਂ ਵੀ ਇਹ ਹੀ ਮੰਨਦਾ ਹਾਂ। ਇਸ ਫਿਲਮ ਉੱਤੇ ਕੰਮ ਕਰਨਾ ਇੱਕ ਬਹਾਦਰੀ ਵਾਲਾ ਕੰਮ ਹੈ, ਮੈਨੂੰ ਖੁਸ਼ੀ ਹੈ ਕਿ ਅਸੀਂ ਇਸ ਦੀ ਰਿਲੀਜ਼ ਲਈ ਲੰਬਾ ਸਮਾਂ ਇੰਤਜ਼ਾਰ ਕੀਤਾ।''

## ਬੱਸ ਚੰਗੇ ਇਨਸਾਨ ਬਣੋ : ਅਭਿਸ਼ੇਕ ਬੱਚਨ



ਫਿਲਮ 'ਲੂਡੋ', 'ਬਾਬ ਬਿਸਵਾਸ' ਅਤੇ ਵੈੱਬ ਸੀਰੀਜ਼ 'ਬ੍ਰੀਦ : ਇਨ ਟੂ ਦਾ ਸ਼ੈਡੋਜ਼' ਨਾਲ ਡਿਜੀਟਲ ਪਲੇਟਫਾਰਮ ਉੱਤੇ ਦਰਸ਼ਕਾਂ ਦਾ ਮਨੋਰੰਜਨ ਕਰਨ ਵਾਲੇ ਅਭਿਨੇਤਾ ਅਭਿਸ਼ੇਕ ਬੱਚਨ ਹਰ ਦਰਸ਼ਕ ਦੀ ਪ੍ਰਤੀਕਿਰਿਆ ਨੂੰ ਅਹਿਮ ਮੰਨਦੇ ਹਨ। ਸੱਤ ਅਪ੍ਰੈਲ ਨੂੰ ਨੈੱਟਫਲਿਕਸ ਉੱਤੇ ਰਿਲੀਜ਼ ਹੋਣ ਵਾਲੀ ਆਪਣੀ ਅਗਲੀ ਫਿਲਮ 'ਦਸਵੀਂ' ਨੂੰ ਲੈਕੇ ਅਭਿਸ਼ੇਕ ਬੱਚਨ ਨਾਲ ਗੱਲਬਾਤ ਹੋਈ। ਪੇਸ਼ ਹਨ ਇਸੇ ਗੱਲਬਾਤ ਦੇ ਕੁਝ ਅੰਸ਼ :

* ਬੀਤੇ ਦਿਨੀਂ ਤੁਸੀਂ ਇੰਸਟਾਗ੍ਰਾਮ ਉੱਤੇ ਆਪਣੀਆਂ ਫਿਲਮਾਂ ਉੱਤੇ ਗੱਲ ਨਾ ਕਰ ਸਕਣ ਨੂੰ ਲੈ ਕੇ ਪੋਸਟ ਲਿਖੀ ਸੀ। ਕੀ ਹੁਣ ਫਰੰਟ ਫੁਟ ਉੱਤੇ ਖੇਡਣ ਦਾ ਸਮਾਂ ਗਿਆ ਹੈ?

– ਮੈਨੂੰ ਬਹੁਤ ਧਿਆਨ ਦੇਣਾ ਹੋਵੇਗਾ ਕੁਝ ਲਿਖਣ ਤੋਂ ਪਹਿਲਾਂ। ਮੇਰਾ ਵਿਅਕਤੀਤਵ ਅਜਿਹਾ ਹੈ। ਮੇਰੀ ਆਦਤ ਨਹੀਂ ਰਹੀ ਕਿ ਮੈਂ ਆਪਣੇ ਕੰਮ ਬਾਰੇ ਗੱਲ ਕਰਾਂ। ਪਹਿਲਾਂ ਮੈਂ ਸ਼ਰਮਾਉਂਦਾ ਸੀ, ਅੱਜ ਕੱਲ੍ਹ ਜ਼ਮਾਨਾ ਹੈ ਕਿ ਕੰਮ ਦੀ ਗੱਲ ਕਰੋ। ਮੈਂ ਉਹ ਫਿਲਮ ਬਣਾਉਣ ਵਿੱਚ ਮਿਹਨਤ ਕੀਤੀ ਹੈ ਤਾਂ ਇਹ ਕਹਿਣ ਵਿੱਚ ਕੀ ਗਲਤ ਹੈ ਕਿ ਚੰਗੀ ਫਿਲਮ ਬਣਾਈ ਹੈ।

* 21 ਸਾਲ ਦੇ ਕਰੀਅਰ ਵਿੱਚ ਇੰਨੀਆਂ ਫਿਲਮਾਂ ਕਰਨ ਦੇ ਬਾਅਦ ਵੀ ਕੀ ਅਗਲੀ ਫਿਲਮ ਤੁਹਾਨੂੰ ਨਰਵਸ ਕਰਦੀ ਹੈ?

– ਹਾਂ, ਕਿਉਂਕਿ ਫਿਲਮਾਂ ਕਰਨਾ ਕਦੇ ਆਸਾਨ ਨਹੀਂ ਹੁੰਦਾ। ਇੱਕ ਫਿਲਮ ਬਣਾਉਣ ਬਹੁਤ ਕਠਿਨ ਕੰਮ ਹੈ ਅਤੇ ਹੋਣਾ ਵੀ ਚਾਹੀਦੈ। ਜੀਵਨ ਵਿੱਚ ਕੋਈ ਚੀਜ਼ ਆਸਾਨੀ ਨਾਲ ਨਹੀਂ ਮਿਲਣੀ ਚਾਹੀਦੀ। ਜਦ ਕੋਈ ਚੀਜ਼ ਜੀਵਨ ਵਿੱਚ ਆਸਾਨੀ ਨਾਲ ਮਿਲ ਜਾਂਦੀ ਹੈ ਤਾਂ ਮੈਂ ਉਸ ਤੋਂ ਥੋੜ੍ਹਾ ਡਰ ਜਾਂਦਾ ਹਾਂ। ਮੇਰੇ ਦਾਦਾ ਜੀ (ਸਵਰਗੀ ਹਰਿਵੰਸ਼ ਰਾਏ ਬੱਚਨ) ਨੇ ਮੇਰੇ ਪਿਤਾ ਜੀ (ਅਮਿਤਾਭ ਬੱਚਨ) ਨੂੰ ਤੇ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ ਸੀ ਕਿ ਜਦ ਤੱਕ ਜੀਵਨ ਹੈ ਸੰਘਰਸ਼ ਹੈ, ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ। ਇਹ ਮੰਨ ਲਓ ਕਿ ਇਹ ਕਦੀ ਬਦਲਣ ਵਾਲਾ ਨਹੀਂ ਹੈ। ਜਿਸ ਦਿਨ ਜਾਗੇ ਅਤੇ ਸੰਘਰਸ਼ ਨਹੀਂ ਕਰਨਾ ਪਿਆ ਤਾਂ ਸਮਝ ਲਓ ਕੋਈ ਸਮੱਸਿਆ ਹੈ। ਫਿਲਮ ਮੁਸ਼ਕਲ ਹੋਣੀ ਚਾਹੀਦੀ ਹੈ। ਜੇ ਉਹ ਤੁਹਾਨੂੰ ਚੁਣੌਤੀ ਨਹੀਂ ਦੇਵੇਗੀ ਤਾਂ ਤੁਸੀਂ ਬਦਲੋਗੇ ਨਹੀਂ।

* ਲਗਾਤਾਰ ਦਿਸਦੇ ਰਹਿਣਾ ਤੁਹਾਡੇ ਲਈ ਕਿੰਨਾ ਜ਼ਰੂਰੀ ਹੈ?

– ਬਹੁਤ ਜ਼ਰੂਰੀ ਹੈ। ਕਈ ਕਲਾਕਾਰ ਇੰਨਾ ਚੰਗਾ ਕੰਮ ਕਰ ਰਹੇ ਹਨ, ਬਹੁਤ ਜ਼ਰੂਰੀ ਹੈ ਕਿ ਮੈਂ ਵੀ ਕੰਮ ਕਰਦਾ ਰਹਾਂ। ਸਟਾਰਡਮ ਵਰਗੀਆਂ ਗੱਲਾਂ ਦੇ ਜਾਲ ਵਿੱਚ ਨਾ ਫਸਾਂ। ਸਿਰਫ ਚੰਗਾ ਕੰਮ ਕਰੀਏ। ਲੋਕ ਯਾਦ ਰੱਖਣਗੇ। ਮੈਂ ਮੰਨਿਆ ਹੈ ਕਿ ਕੰਮ ਚੰਗਾ ਹੋਵੇਗਾ, ਤਾਂ ਲੋਕ ਸਿਰ ਅੱਖਾਂ ਉੱਤੇ ਬਿਠਾਉਣਗੇ। ਸਟਾਰਡਮ ਇਸ ਦਾ ਬਾਇਓਪ੍ਰੋਡਕਟ ਹੈ, ਜੋ ਵਧੀਆ ਕੰਮ ਕਰਨ ਉੱਤੇ ਮਿਲ ਹੀ ਜਾਏਗਾ।

* ਇਸ ਫਿਲਮ ਵਿੱਚ ਤੁਸੀਂ ਇੱਕ ਉਮਰ ਪਿੱਛੋਂ ਪੜ੍ਹਾਈ ਕਰਦੇ ਹੋ, ਜਿਸ ਵਿੱਚ ਮੁਸ਼ਕਲਾਂ ਵੀ ਆਉਂਦੀਆਂ ਹਨ। ਤੁਹਾਡੇ ਲਈ ਅਜਿਹੀਆਂ ਕਿਹੜੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਅਪਣਾਉਣਾ ਜਾਂ ਸਿੱਖਣਾ ਔਖਾ ਹੈ?

–ਵਾਕਈ ਇਸ ਬਾਰੇ ਮੈਨੂੰ ਸੋਚਣਾ ਪਵੇਗਾ ਕਿ ਕੀ ਹੈ, ਜੋ ਇਸ ਉਮਰ ਵਿੱਚ ਮੈਂ ਆਸਾਨੀ ਨਾਲ ਨਹੀਂ ਅਪਣਾ ਸਕਾਂਗਾ। ਸ਼ਾਇਦ ਐਡਜਸਟਮੈਂਟ, ਕਿਉਂਕਿ ਅਸੀਂ ਆਪਣੇ ਜੀਵਨ ਵਿੱਚ ਇੰਨੇ ਸੈਟ ਹੋ ਜਾਂਦੇ ਹਾਂ ਕਿ ਬੱਸ ਇਹੀ ਕਰਨਾ ਹੈ। ਨਵੇਂ ਮਾਹੌਲ ਵਿੱਚ ਸ਼ਾਇਦ ਐਡਜਸਟ ਨਹੀਂ ਕਰਾਂਗਾ। ਪੜ੍ਹਾਈ ਨਾਲ ਜੁੜੀਆਂ ਚੀਜ਼ਾਂ ਸ਼ਾਇਦ ਮੈਂ ਆਸਾਨੀ ਨਾਲ ਕਰ ਸਕਾਂ, ਕਿਉਂਕਿ ਦਿਮਾਗ ਇੰਨਾ ਵਿਕ-ਸਿਤ ਹੈ, ਇਸ ਵਿੱਚ ਜੀਵਨ ਦਾ ਅਨੁਭਵ ਜੁੜਿਆ ਹੋਇਆ ਹੈ।

* ਤੁਹਾਡੇ ਉੱਤੇ ਪੜ੍ਹਾਈ ਕਰਨ ਲਈ ਦਬਾਅ ਪਾਇਆ ਜਾਂਦਾ ਸੀ ਜਾਂ ਤੁਸੀਂ ਪੜ੍ਹਾਈ ਵਿੱਚ ਚੰਗੇ ਸੀ?

–ਨਹੀਂ, ਮੇਰੇ ਮਾਤਾ-ਪਿਤਾ ਨੇ ਮੈਨੂੰ ਕਿਸੇ ਵੀ ਚੀਜ਼ ਦੇ ਲਈ ਕਦੇ ਫੋਰਸ ਨਹੀਂ ਕੀਤਾ। ਇਸ ਉੱਤੇ ਜ਼ੋਰ ਦਿੱਤਾ ਹੈ ਕਿ ਤੂੰ ਵਧੀਆ ਇਨਸਾਨ ਬਣ। ਇਸ ਉੱਤੇ ਧਿਆਨ ਦੇ, ਬਾਕੀ ਸਭ ਆਪਣੇ ਆਪ ਹੀ ਠੀਕ ਹੋ ਜਾਏਗਾ।

* ਤੁਹਾਡੀ ਦਸਵੀਂ ਕਲਾਸ ਨਾਲ ਜੁੜੀਆਂ ਕਈ ਯਾਦਾਂ ਹਨ? ਤੁਹਾਡੀ ਬੇਟਾ ਆਰਾਧਿਆ ਪੜ੍ਹ ਰਹੀ ਹੈ। ਉਸ ਦੀ ਪੜ੍ਹਾਈ ਅਤੇ ਆਪਣੀ ਪੜ੍ਹਾਈ ਵਿੱਚ ਕਿੰਨਾ ਫਰਕ ਪਾਉਂਦੇ ਹੋ?

– ਮੈਂ ਆਪਣੀ ਦਸਵੀਂ ਦੀ ਪੜ੍ਹਾਈ ਯੂਰਪ ਵਿੱਚ ਕੀਤੀ ਹੈ। ਉਥੋਂ ਦਾ ਮਾਹੌਲ, ਸਿਬੇਲਸ, ਐਜੂਕੇਸ਼ਨ ਸਿਸਟਮ ਸਭ ਇੱਥੋਂ ਨਾਲੋਂ ਅਲੱਗ ਹੈ। ਆਰਾਧਿਆ ਅਜੇ ਛੋਟੀ ਹੈ। ਉਹ ਪੰਜਵੀਂ ਕਲਾਸ ਵਿੱਚ ਹੈ। ਇੱਥੇ ਅਤੇ ਉਥੋਂ ਦੀ ਪੜ੍ਹਾਈ ਵਿੱਚ ਤੁਲਨਾ ਕਰਨਾ ਮੇਰੇ ਲਈ ਮੁਸ਼ਕਲ ਹੋਵੇਗਾ, ਕਿਉਂਕਿ ਮੈਂ ਇੱਥੋਂ ਦੀ ਸਿੱਖਿਆ ਵਿਵਸਥਾ ਤੋਂ ਚੰਗੀ ਤਰ੍ਹਾਂ ਵਾਕਿਫ ਨਹੀਂ ਹਾਂ।

# ਫਰੀਲੈਂਡ ਨੇ ਪੇਸ਼ ਕੀਤਾ ਅਰਥਚਾਰੇ ਦੇ ਨਿਰਮਾਣ ਤੇ ਘਾਟੇ ਨੂੰ ਘਟਾਉਣ ਵਾਲਾ ਬਜਟ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਨਵੀਂ ਪਾਲਿਸੀ ਤਹਿਤ ਵਿਦੇਸ਼ੀਆਂ ਲਈ ਅਗਲੇ ਦੋ ਸਾਲਾਂ ਵਿੱਚ ਕੈਨੇਡਾ ਵਿੱਚ ਘਰ ਖਰੀਦਣਾ ਗੈਰਕਾਨੂੰਨੀ ਹੋ ਜਾਵੇਗਾ। ਇਸ ਦੇ ਨਾਲ ਹੀ ਕੈਨੇਡਾ ਦੇ ਨੈਸ਼ਨਲ ਡਿਫੈਂਸ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ 8 ਬਿਲੀਅਨ ਡਾਲਰ ਰਾਖਵੇਂ ਰੱਖਣ ਦੀ ਗੱਲ ਕੀਤੀ ਗਈ। ਸਰਕਾਰ ਨੇ ਆਖਿਆ ਕਿ ਕੈਨੇਡੀਅਨ ਆਰਮਡ ਫੋਰਸਿਜ਼ ਨੂੰ ਨਵੇਂ ਤੇ ਬਿਹਤਰ ਇਕਿਉਪਮੈਂਟ ਨਾਲ ਲੈਸ ਕਰਨ, ਨਾਟੋ ਤੇ ਨੋਰਾਡ ਵਿੱਚ ਕੈਨੇਡਾ ਦੇ ਯੋਗਦਾਨ ਨੂੰ ਹੋਰ ਵਧਾਉਣ ਤੇ ਕੈਨੇਡਾ ਦੀ ਸਾਈਬਰ ਸਕਿਊਰਿਟੀ ਨੂੰ ਹੋਰ ਮਜ਼ਬੂਤ ਕਰਨ ਲਈ ਇਹ ਨਵਾਂ ਖਰਚਾ ਕੀਤਾ ਜਾਣਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਕੈਨੇਡਾ ਵੱਲੋਂ ਯੂਕਰੇਨ ਲਈ 500 ਮਿਲੀਅਨ ਡਾਲਰ ਦੀ ਮਿਲਟਰੀ ਏਡ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਯੂਕਰੇਨ ਤੋਂ ਭੱਜ ਕੇ ਇੱਥੇ ਪਹੁੰਚੇ ਲੋਕਾਂ ਲਈ ਸਪੈਸ਼ਲ ਇਮੀਗ੍ਰੇਸ਼ਨ ਉੱਤੇ ਵੀ ਸਰਕਾਰ ਨੇ 111 ਮਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਹੈਲਥ ਕੈਨੇਡਾ ਲਈ ਸਰਕਾਰ ਅਗਲੇ ਪੰਜ ਸਾਲਾਂ ਵਾਸਤੇ 5.3 ਬਿਲੀਅਨ ਡਾਲਰ ਖਰਚ ਕਰੇਗੀ ਤੇ ਫਿਰ 1.7 ਬਿਲੀਅਨ ਡਾਲਰ ਇਸ ਨਵੇਂ ਪ੍ਰੋਗਰਾਮ ਉੱਤੇ ਖਰਚ ਕੀਤੇ ਜਾਣਗੇ, ਜਿਸ ਤਹਿਤ ਸਾਲਾਨਾ 90,000 ਡਾਲਰ ਤੋਂ ਘੱਟ ਕਮਾਉਣ ਵਾਲੇ ਪਰਿਵਾਰਾਂ ਨੂੰ ਡੈਂਟਲ ਕੇਅਰ ਮੁਹੱਈਆ ਕਰਵਾਈ ਜਾਵੇਗੀ। ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਤੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਵੀ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।



# 'ਮਿਸ ਪੰਜਾਬਣ ਕੇਸ' ਵਿੱਚ ਪੀ ਟੀ ਸੀ ਚੈਨਲ ਦਾ ਐੱਮ ਡੀ ਰਵਿੰਦਰ ਪੰਜਾਬ ਪੁਲਸ ਵੱਲੋਂ ਗ੍ਰਿਫਤਾਰ

ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਪੀਟੀਸੀ ਚੈਨਲ ਦੇ ਐੱਮਡੀ (ਮੈਨੇਜਿੰਗ ਡਾਇਰੈਕਟਰ) ਰਬਿੰ-ਦਰ ਨਰਾਇਣ ਨੂੰ 'ਮਿਸ ਪੰਜਾਬਣ' ਮੁਕਾਬਲੇ ਦੇ ਕੇਸ ਵਿੱਚ ਇੱਕਮੁਕਾਬਲੇਬਾਜ਼ ਲੜਕੀ ਵੱਲੋਂ ਦਰਜ ਕਰਾਈ ਗਈ ਸ਼ਿਕਾਇਤ ਬਾਰੇ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਹੈ।

ਵਰਨਣ ਯੋਗ ਹੈ ਕਿ ਕਾਨੂੰਨ ਦੀ ਗ੍ਰੈਜੂਏਟ ਇਸ ਮੁਕਾਬਲੇਬਾਜ਼ ਕੁੜੀ ਨੇ ਦੋਸ਼ ਲਾਇਆ ਸੀ ਕਿ ਇਸ ਮੁਕਾਬਲੇ ਦੇ ਨਾਂਅ ਉੱਤੇ ਹੋਰ ਕੁੜੀਆਂ ਵਾਂਗ ਸੱਦ ਕੇ ਉਸ ਨੂੰ ਇੱਕ ਹੋਟਲ ਦੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਚੈਨਲਦੇ ਮਰਦ ਸਟਾਫ਼ ਨੇ ਇਸ ਦੌਰਾਨ ਉਸ



ਨਾਲ ਦੁਰ-ਵਿਹਾਰ ਕੀਤਾ ਸੀ।ਇਸ ਲੜਕੀ ਨੂੰ ਹਾਈ ਕੋਰਟ ਦੇ ਵਾਰੰਟ ਅਫਸਰ ਨੇ ਛਾਪਾ ਮਾਰ ਕੇ ਛੁਡਾਇਆ ਸੀ ਤੇ ਇਸ ਦੇ ਬਾਅਦ ਇਸ ਲੜਕੀ ਨੇ ਇਹ ਸ਼ਿਕਾਇਤ ਦਰਜ ਕਰਵਾਈ ਸੀ।

ਜਾਣਕਾਰ ਸੂਤਰਾਂ ਅਨੁਸਾਰ ਰਵਿੰ-ਦਰ ਨਰਾਇਣ ਦੀ ਗ੍ਰਿਫ਼ਤਾਰੀ ਪਿਛਲੇ ਦਿਨੀਂ ਉਸ ਸੁੰਦਰਤਾ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਸੱਦੀ ਗਈ ਉਸ ਲੜਕੀ ਦੀ ਸ਼ਿਕਾਇਤ ਉੱਤੇ ਮੁਹਾਲੀ ਵਿਖੇ ਦਰਜ ਕੀਤੇ ਗਏਕੇਸ ਵਿੱਚ ਕੀਤੀ ਗਈ ਹੈ। ਰਵਿੰਦਰ ਨਰਾਇਣ ਨੂੰ ਉਨ੍ਹਾਂ ਦੀ ਗੁੜਗਾਉਂ ਵਾਲੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।ਦੱਸਿਆ ਗਿਆ ਹੈ ਕਿ ਇਸ ਕੇਸ ਵਿੱਚ ਇੱਕਦੋਸ਼ੀ ਕੁੜੀ ਦੀ ਭੂਮਿਕਾ ਬਹੁਤ ਅਹਿਮ ਹੈ, ਜਿਹੜੀਮਿਸ ਪੰਜਾਬਣ ਮੁਕਾਬਲਾ ਕਰਵਾਉਣ ਦੇ ਨਾਂ ਉੱਤੇ ਭੋਲੀਆਂ ਭਾਲੀਆਂ ਕੁੜੀਆਂ ਨੂੰ ਸੱਦ ਕੇ ਗਲਤ ਧੰਦੇ ਵਿੱਚਪਾ ਕੇ ਪੈਸਾ ਕਮਾਉਂਦੀ ਸੀ।




# ਮਿਡਟਾਊਨ ਕ੍ਰੀਕ ਵਿੱਚ ਮਿਲੀ ਲਾਸ਼, ਪੁਲਸ ਮੁਤਾਬਕ ਮਾਮਲਾ ਸ਼ੱਕੀ

ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਡੀਅਰ ਪਾਰਕ ਦੇ ਨੇੜੇ ਮਿਡਟਾਊਨ ਟੋਰਾਂਟੋ ਵਿੱਚ ਇੱਕ ਕ੍ਰੀਕ ਵਿੱਚੋਂ ਮਿਲੀ ਲਾਸ਼ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 8:45 ਉੱਤੇ ਯੰਗ ਸਟਰੀਟ ਤੇ ਹੀਥ ਸਟਰੀਟ ਈਸਟ ਉੱਤੇ ਨੇਚਰ ਟਰੇਲ ਉੱਤੇ ਸੱਦਿਆ ਗਿਆ। ਇੱਕ ਵਿਅਕਤੀ ਨੂੰ ਲਾਸ਼ ਪਾਣੀ ਵਿੱਚ ਨਜ਼ਰ ਆਈ ਤੇ ਉਸ ਵੱਲੋਂ ਅਧਿਕਾਰੀਆਂ ਨੂੰ ਇਸ ਬਾਰੇ ਜਾਣੂ ਕਰਵਾਇਆ ਗਿਆ। ਮਰੀਨ ਯੂਨਿਟ ਨੂੰ ਲਾਸ਼ ਪਾਣੀ ਵਿੱਚੋਂ ਬਾਹਰ ਕੱਢਣ ਲਈ ਸੱਦਿਆ ਗਿਆ।



ਕੌਰੋਨਰ ਆਫਿਸ ਨੂੰ ਮਾਮਲੇ ਦੀ ਜਾਂਚ ਕਰਨ ਲਈ ਸੱਦਿਆ ਗਿਆ ਹੈ। ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਪੁਲਿਸ ਇਸ ਮਾਮਲੇ ਨੂੰ ਸ਼ੱਕੀ ਮੰਨ ਕੇ ਚੱਲ ਰਹੀ ਹੈ।

# ਵਿਵਾਦਾਂ ਵਿੱਚ ਘਿਰੇ ਪੁਲਸ ਅਫਸਰਾਂ ਨੂੰ ਕੋਈ ਪੋਸਟਿੰਗ ਨਹੀਂ ਮਿਲੀ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਸਰਕਾਰ ਸਮੇਂ ਵਿਵਾਦਾਂ ਵਿੱਚ ਘਿਰ ਗਏ ਜਾਂ ਚਰਚਾ ਵਿੱਚ ਰਹਿ ਚੁੱਕੇ ਪੰਜਾਬ ਪੁਲਸ ਦੇ ਤਿੰਨ ਅਧਿਕਾਰੀ ਡੀ ਜੀ ਪੀ ਬਰਜਿੰਦਰ ਕੁਮਾਰ ਉਪਲ, ਐਡੀਸ਼ਨਲ ਡੀ ਜੀ ਪੀ ਸਤੀਸ਼ ਕੁਮਾਰ ਅਸਥਾਨਾ ਅਤੇ ਏ ਆਈਜੀ ਰਾਜਜੀਤ ਸਿੰਘ ਦੀ ਬੀਤੇ ਕਈ ਮਹੀਨਿਆਂ ਤੋਂ ਕਿਸੇ ਵਿੰਗ ਵਿੱਚ ਤੈਨਾਤੀ ਨਹੀਂ ਹੋ ਸਕੀ। ਤਿੰਨੇ ਪੁਲਸ ਅਫਸਰਾਂ ਨੂੰ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਰਹਿੰਦਿਆਂ ਪੋਸਟਿੰਗ ਤੋਂ ਮੁਕਤੀ ਦਿੱਤੀ ਗਈ ਸੀ ਤੇ ਸੱਤਾ ਤਬਦੀਲੀ ਤੋਂ ਬਾਅਦ ਵੀ ਸਰਕਾਰ ਨੇ ਉਨ੍ਹਾਂ ਦੀ ਤੈਨਾਤੀ ਨਹੀਂ ਕੀਤੀ।

ਬਰਜਿੰਦਰ ਕੁਮਾਰ ਉਪਲ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿੱਚ ਆਉਣ ਪਿੱਛੋਂ ਪੰਜਾਬ ਵਿਜੀਲੈਂਸ ਦਾ ਮੁਖੀ ਲਾਇਆ ਸੀ। ਉਸ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਉਸ ਨੂੰ ਪਹਿਲਾਂ ਤਾਂ ਛੁੱਟੀਭੇਜ ਦਿੱਤਾ ਅਤੇ ਫਿਰ ਵਿਜੀਲੈਂਸ ਦੇ ਮੁਖੀ ਵਜੋਂ ਸਿਧਾਰਥ ਚਟੋਪਾਧਿਆਏ ਨੂੰ ਤੈਨਾਤੀ ਕਰ ਦਿੱਤ, ਪਰ ਉਪਲ ਨੂੰ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ। ਸੱਤਾ ਵਿੱਚ ਤਬਦੀਲੀ ਤੋਂ ਬਾਅਦ ਵੀ ਉਸ ਨੂੰ ਤੈਨਾਤੀ ਨਹੀਂ ਮਿਲ ਸਕੀ। ਇਸੇ ਤਰ੍ਹਾਂ ਐਡੀਸ਼ਨਲ ਡੀ ਜੀ ਪੀ ਸਤੀਸ਼ ਕੁਮਾਰ ਅਸਥਾਨਾ ਓਦੋਂ ਚਰਚਾ ਵਿੱਚ ਆਏ ਸਨ, ਜਦੋਂ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਮੁਖੀ ਹੁੰਦਿਆਂ ਉਨ੍ਹਾਂ ਨੇ ਸੀਨੀਅਰ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਕੇ ਇੱਕ ਵੱਡਾ ਨੋਟ ਲਿਖ ਕੇ ਓਦੋਂ ਦੇ ਸਰਕਾਰ ਲਈ ਸੰਕਟ ਖੜ੍ਹਾ ਕਰ ਦਿੱਤਾ ਸੀ। ਉਨ੍ਹਾਂ ਦਿਨਾਂ ਵਿੱਚ ਅਸਥਾਨਾ ਹਸਪਤਾਲ ਵਿੱਚ ਦਾਖਲ ਹੋ ਗਏ ਸਨ। ਕਾਂਗਰਸ ਸਰਕਾਰਨੇ ਉਨ੍ਹਾਂ ਦੀ ਥਾਂਨਵੇਂ ਅਧਿਕਾਰੀ ਦੀ ਤੈਨਾਤੀ ਕਰ ਦਿੱਤੀ, ਪਰ ਉਨ੍ਹਾਂ ਨੂੰ ਪੋਸਟਿੰਗ ਨਹੀਂ ਸੀ ਦਿੱਤੀ। ਨਵੀਂ ਸਰਕਾਰ ਨੇ ਵੀ ਇਸ ਅਫਸਰ ਨੂੰ ਬਿਨਾਂ ਤੈਨਾਤੀ ਤੋਂ ਰੱਖਿਆ ਹੈ। ਏ ਆਈ ਜੀ ਵਜੋਂ ਵਿਜੀਲੈਂਸ ਵਜੋਂ ਚਰਚਿਤ ਪੁਲਸ ਅਫਸਰ ਰਾਜਜੀਤ ਸਿੰਘ ਦਾ ਵੀ ਇਹੋ ਕਿੱਸਾ ਹੈ। ਉਹ ਨਸ਼ਿਆਂ ਵਿਰੋਧੀ ਐਸ ਟੀਐਫ (ਸਪੈਸ਼ਲ ਟਾਸਕ ਫੋਰਸ) ਵੱਲੋਂ ਨਸ਼ਿਆਂ ਦੀ ਤਸਕਰੀ ਨਾਲ ਜੁੜਦੇਕੇਸ ਵਿੱਚ ਤਲਬ ਕੀਤੇ ਜਾਣ ਤੋਂ ਬਾਅਦ ਵਿਵਾਦ ਵਿੱਚ ਘਿਰ ਗਏ ਸਨ। ਉਸ ਨੂੰ ਵੀ ਚੰਨੀ ਸਰਕਾਰ ਦੇ ਸਮੇਂ ਤੈਨਾਤੀ ਤੋਂ ਮੁਕਤ ਹੋਣਾ ਪਿਆ ਸੀ। ਉਹ ਲੰਮਾ ਸਮਾਂ ਛੁੱਟੀ ਉੱਤੇ ਵੀ ਰਹੇ ਹਨ ਅਤੇ ਅਜੇ ਵੀ ਕੋਈ ਨਿਯੁਕਤੀ ਨਹੀਂ ਮਿਲ ਸਕੀ।

# ਸਾਬਕਾ ਮੰਤਰੀ ਤ੍ਰਿਪਤ ਬਾਜਵਾ ਉੱਤੇ ਪੰਚਾਇਤ ਵਾਲੀ ਜ਼ਮੀਨ ਦੀ ਰੇਤ ਵੇਚਣ ਦਾ ਦੋਸ਼ ਲੱਗਾ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉੱਤੇ ਪੰਚਾਇਤੀ ਜ਼ਮੀਨ ਅਤੇ ਰੇਤ ਮਾਈਨਿੰਗ ਦੇ ਦੋਸ਼ ਲੱਗੇ ਹਨ। ਇਹ ਦੋਸ਼ ਕਿਸੇ ਹੋਰ ਨੇ ਨਹੀਂ, ਪੰਜਾਬ ਦੇ ਪੇਂਡੂ ਵਿਕਾਸ ਬਾਰੇ ਨਵੇਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਲਾਏ ਹਨ। ਧਾਲੀਵਾਲ ਦਾ ਕਹਿਣਾ ਹੈ ਕਿ ਪਿਛਲੀਆਂ ਸਰਕਾਰਾਂ ਵਿੱਚ ਘੋਰ ਭ੍ਰਿਸ਼ਟਾਚਾਰ ਹੋਇਆ ਅਤੇ ਦਰਿਆ ਦੇ ਨਾਲ ਲੱਗਦੀਆਂ ਪੰਚਾਇਤੀ ਜ਼ਮੀਨਾਂ ਤੋਂ 25-25 ਫੁੱਟ ਰੇਤ ਕੱਢ ਕੇ ਵੇਚ ਦਿੱਤੀ ਗਈ ਸੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਤਿੰਨ ਸਰਕਾਰਾਂ ਦੌਰਾਨ ਪੰਚਾਇਤ ਦੀ 50000 ਏਕੜ ਜ਼ਮੀਨ ਉੱਤੇ ਰਸੂਖਦਾਰ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ।

ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 11500 ਏਕੜ ਜ਼ਮੀਨ ਅਜਿਹੀ ਹੈ, ਜਿਸ ਵਿੱਚ ਵਿਭਾਗ ਵੱਲੋਂ ਕਾਨੂੰਨੀ ਪੱਖ ਵੀ ਨਹੀਂ ਰੱਖਿਆ ਗਿਆ। ਉਨ੍ਹਾਂ ਸਪੱਸ਼ਟ ਕਿਹਾ ਪਹਿਲਾਂ ਦੇ ਤਿੰਨ ਪੇਂਡੂ ਵਿਕਾਸ ਮੰਤਰੀਆਂ ਦੇ ਰਾਜ ਵਿਚ ਕਦੋਂ-ਕਦੋ ਕਿੰਨੀ ਕਿੰਨੀ ਜ਼ਮੀਨ ਉੱਤੇ ਕਬਜ਼ਾ ਕੀਤਾ ਗਿਆ, ਇਸ ਦੀ ਰਿਪੋਰਟ ਉਹ ਜਲਦੀ ਹੀ ਜਨਤਕ ਕਰਨਗੇ। ਮੰਤਰੀ ਨੇ ਕਿਹਾ ਕਿ ਇਹ ਸਾਰੀ ਖੇਤੀਬਾੜੀ ਵਾਲੀ ਜ਼ਮੀਨ ਹੈ, ਜਿਸ ਨੂੰ ਖੇਤੀ ਕਰਨ ਵਾਸਤੇ ਲਿਆ ਗਿਆ ਅਤੇ ਫਿਰ ਇਸ ਉੱਤੇ ਕਬਜ਼ਾ ਕਰ ਲਿਆ ਗਿਆ। ਨਵੀਂ ਸਰਕਾਰ ਇਸ ਜ਼ਮੀਨ ਨੂੰ ਛੁਡਵਾਉਣ ਦੇ ਲਈ ਕੋਸ਼ਿਸ਼ ਕਰੇਗੀ।

ਦੂਸਰੇ ਪਾਸੇ ਸਾਬਕਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾਇਨ੍ਹਾਂ ਦੋਸ਼ਾਂ ਦੇ ਸੰਬੰਧ ਵਿੱਚ ਇਹ ਕਹਿਣਾ ਹੈ ਕਿ ਸਰਕਾਰ ਜਾਂਚ ਕਰਵਾ ਲਵੇ, ਮੇਰੇ ਵਿਰੁਧ ਕੀ ਹੈ। ਇਸ ਉੱਤੇ ਧਾਲੀਵਾਲ ਨੇ ਕਿਹਾ ਕਿ ਪਠਾਨਕੋਟ ਵਿੱਚ ਪੰਚਾਇਤੀ ਜ਼ਮੀਨ ਉੱਤੇ ਤਿੰਨ ਤੋਂ ਚਾਰ ਲੱਖ ਟਨ ਰੇਤ ਬਜਰੀ ਦੇ ਢੇਰ ਲੱਗੇ ਹੋਏਹਨ। ਦਰਿਆ ਨਾਲ ਲੱਗਦੀ ਪੰਚਾਇਤੀ ਜ਼ਮੀਨ ਤੋਂ 25-25 ਫੁੱਟ ਰੇਤ ਕੱਢੀ ਗਈ ਹੈ। ਮੰਤਰੀ ਇਹ ਕਿਵੇਂ ਕਹਿ ਸਕਦੇ ਹਨ ਕਿ ਮੇਰੇ ਵਿਰੁੱਧ ਕੀ ਹੈ? ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਆਪਣੇ ਵਿਧਾਨ ਸਭਾ ਖੇਤਰ ਫਤਿਹਗੜ੍ਹ ਚੂੜੀਆਂ ਵਿੱਚ ਕਰੋੜਾਂ ਰੁਪਏ ਗ੍ਰਾਂਟ ਵਿੱਚ ਦਿੱਤੇ ਸਨ ਤੇ ਇਸ ਵਿੱਚ ਉਨ੍ਹਾਂ ਦੇ ਪੀ ਏ ਅਤੇ ਸਹਾਇਕ ਨੇ ਕਰੋੜਾਂ ਰੁਪਏ ਦੇ ਘਪਲੇ ਕੀਤੇ ਸਨ।






## Urgently Need New Listings in Brampton/Caledon



visit: www.teamjagaujla.com

Call **JAG AUJLA**

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

**CALL JAG FOR A QUICK & FREE HOME EVALUATION**

www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**

- * Premium Lot
- * Approx. 2 Years New
- * Over 2500 Square Feet
- * 4 Bedroom + 3 W.R.
- * Family Room Open To Above
- * Computer Loft
- * Main Floor Laundry
- * Loaded With Upgrades

BRANTFORD, ONTARIO — Call Jag Aujla For Details

**JUST LISTED FOR SALE**

- * 70 Feet Wide Prem. Lot
- * 4+2 Bedrooms + 6 Washroom + Upgraded
- * 2 Bedroom Legal Basement Apt.
- * Fully Renovated
- * Approx 4000 S/F Living space
- * Almost Everything New

* Spent over $200k on upgrades

BRAMPTON, ONTARIO — Call Jag Aujla For Details

**SOLD** $215,000 OVER ASKING IN 2 DAYS — 42 Lawnview Crt — Sandalwood / Hwy 10 / Braidwood

**SOLD** $101,000 OVER ASKING IN 2 DAYS — 11 Germain Circ — Miss.Rd/ William Pkwy/ Bovaird

**SOLD** $165,000 OVER ASKING IN 2 DAYS — 5 Mitchell Ave — Sandalwood/ Conestoga/ Dalzell

**SOLD** @101% OF ASKING PRICE — 12 Laurelcrest St — Queen / Laurelcrest / Hwy 410

**SOLD** $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410

**SOLD** @99% OF ASKING PRICE — 11 Van Hoof Crest — Castlemore/ Goreway / Latania

**SOLD** $121,000 OVER ASKING IN 6 DAYS Caledon — 42 Pinedale Ave — Kennedy / Dougall

**SOLD** $73,000 OVER ASKING IN 6 DAYS Shelbourne — 416 Olde Village Lane — Hwy 89 / Greenwood

**SOLD** $355,000 OVER ASKING IN 4 DAYS — 37 Esker Dr — Heart Lake Rd/Sandalwood Pkwy

**FREE**

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated) Off: 905-456-3232

Call JAG AUJLA DIR: 416-371-7777

MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana — Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8





$1,399,999 — CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ





$1,749,900 — 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866





$1,950,000 — 26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS · JAFINE

## HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton

Apply In Person to complete application in the Shipping Department





ASIAN FOOD CENTRE

## Vaisakhi SALE

www.AsianFoodCentre.com — 8TH APR TO 19TH APR 2022 — Fresh Fruits, Vegetables, Indian & Canadian Grocery

- SHER DESI STYLE ATTA — $13.99 20LB (REG.$15.99)
- TAJ ATTA — $12.99 EA (REG.$14.99)
- MEERA BESAN — $4.99 4LB (REG.$5.99)
- ALMONDS — $4.99 1LB (REG.$6.99)
- ASIAN BASMATI RICE — $8.99 8LB (REG.$10.99)
- AFC DIAMOND RICE — $7.99 10LB (REG.$11.99)
- MOTHER DAIRY PANEER — $4.29 EA (REG.$4.99)
- SAFFRON — $1.99 1G (REG.$2.99)
- GOLDEN COOKIES — $5.49 2.5LB (REG.$6.99)
- ANGUR TOOR DAL — $13.99 10LB (REG.$15.99)
- TASTY BROWN SUGAR — $7.99 10LB (REG.$8.99)
- REDPATH SUGAR — $2.99 2KG (REG.$3.99)
- TEA INDIA — $8.99 216 BAGS (REG.$10.99)
- INDIAN ROOHAFZA — $3.49 (REG.$4.49)
- PARLE-G — $0.89 300G (REG.$1.29)
- BRAR RASMALAI — $8.99 EA (REG.$10.99)
- BRITANNIA DRY CAKE — $2.99 300GM (REG.$3.99)
- MOTHER DAIRY MAKHANI — $3.99 250GM (REG.$4.99)
- BIKANERI COOKIES — $4.99 2.5LB (REG.$5.99)
- POPULAR PARATHA — $3.99 (REG.$4.59)
- HEINZ KETCHUP — $4.99 1L (REG.$5.79)
- MR GOUDAS SALT — $0.99 1KG (REG.$1.79)
- INDICA NATURAL BROWN HAIR COLOR — 2 FOR $1 40ML (REG.$0.99)
- PACHARANGA FOODS ASSORTED PICKLE — $3.79 800GM (REG.$4.99)
- GOOD DAY COOKIES — 3 FOR $2 75GM (REG.$2.99)
- SURATI SNACKS — $2.29 +TAX (REG.$2.99)
- APPY FIZZ — $0.99 1L (REG.$1.99)
- WAGHABAKRI TEA — $10.99 2LB (REG.$11.99)
- BR TIGER GLUCOSE BISCUIT — $1.49 300GM (REG.$1.99)
- MR GOUDAS CHICK PEAS — $1.49 540GM (REG.$1.79)
- BIKANO DRY PETHA — $3.99 400G (REG.$4.99)
- BIKANERI GOLGAPPE — $3.29 EA (REG.$4.99)
- MR GOUDAS RED KIDNEY BEANS — $1.49 540ML (REG.$1.99)
- PAKISTANI ROOHAFZA — $4.49 800GM (REG.$5.49)
- BRITANNIA MILK RUSK — $3.49 (560 GM)EA
- BLACK CHANA — $4.49 4LB (REG.$4.99)
- CHANA DAL — $3.99 EA (REG.$4.99)
- CIAN FRESH CUT VEGETABLES — $0.79 340GM
- PRAN ASST CHUTNEY — $2.29 300GM (REG.$3.29)
- PRAN FLATTENED RICE (POH — $1.29 EA





| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. 416-740-3262 | 1075 Ceremonial Dr 905-502-1600 | 621 Wanless Dr. 905-495-3336 | 2120 N Park Dr. 905-793-1338 | 80 Pertosa Dr. 905-460-0009 |

| BRAMPTON | BRAMPTON | BRAMPTON | |
|---|---|---|---|
| 40 Airport RD & Lacoste Blvd. 905-794-8109 | 10510 Torbram Rd. 905-790-0030 | 10 Pannahill Dr. 905-913-8017 | TOLL FREE 1-800-708-9232 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media